
ਡਾ. ਜਸਬੀਰ ਸਿੰਘ ਕੰਗ
ਪਹੁੰਚੇ ਇਤਿਹਾਸਕ ਭੂਮੀ ਅੰਬੇਡਕਰ ਭਵਨ, ਜਲੰਧਰ
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 14 'ਤੇ)

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 36
December 11, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


ਉੱਘੇ ਅੰਬੇਡਕਰਾਈਟ ਅਮਨ ਚੈਨ ਦਾ ਦੇਹਾਂਤ
ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਇਸ ਦੁੱਖ ਦੀ ਘੜੀ ਪਰਿਵਾਰ ਅਤੇ ਮਿਸ਼ਨਰੀਆਂ ਨਾਲ ਦੁੱਖ ਸਾਂਝਾ ਕਰਦਾ ਹੈ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ






ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਕੁਲਦੀਪ ਸੁੰਮਨ ਪਰਿਵਾਰ ਵੱਲੋਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 2, 3, 4 'ਤੇ**

# ਅਮਰੀਕਾ ਵਿਚ ਖਤਮ ਹੋ ਸਕਦੀ ਹੈ ਜਨਮ ਤੋਂ ਮਿਲਦੀ ਨਾਗਰਿਕਤਾ

ਵਾਸ਼ਿੰਗਟਨ (ਬਿਊਰੋ)- ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨਾਗਰਿਕਤਾ ਦੇ ਨਿਯਮਾਂ ਨੂੰ ਬਦਲਣਾ ਚਾਹੁੰਦੇ ਹਨ। ਉਨ੍ਹਾਂ ਨੇ ਚੋਣ ਪ੍ਰਚਾਰ ਦੌਰਾਨ ਵੀ ਅਜਿਹਾ ਕਰਨ ਦਾ ਵਾਅਦਾ ਕੀਤਾ ਸੀ ਤੇ ਹੁਣ ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਉਹ ਅਜਿਹਾ ਕਰਨ ਦਾ ਲਗਾਤਾਰ ਦਾਅਵਾ ਕਰ ਰਹੇ ਹਨ। ਟਰੰਪ ਨੇ ਕਿਹਾ ਹੈ ਕਿ ਉਹ ਅਹੁਦਾ ਸੰਭਾਲਦੇ ਹੀ ਜਨਮ ਤੋਂ ਨਾਗਰਿਕਤਾ ਖਤਮ ਕਰ ਦੇਣਗੇ। ਹਾਲਾਂਕਿ ਟਰੰਪ ਲਈ ਇਸ ਨੀਤੀ ਨੂੰ ਖਤਮ ਕਰਨਾ ਇੰਨਾ ਆਸਾਨ ਨਹੀਂ ਹੋਵੇਗਾ ਕਿਉਂਕਿ ਉਨ੍ਹਾਂ ਦੇ ਸਾਹਮਣੇ ਕਈ ਚੁਣੌਤੀਆਂ ਆਉਣ ਵਾਲੀਆਂ ਹਨ।

ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦਾ ਮੰਨਣਾ ਹੈ ਕਿ ਜਨਮ ਅਧਿਕਾਰ ਨਾਗਰਿਕਤਾ "ਹਾਸੋਹੀਣੀ" ਹੈ ਤੇ ਉਹ 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਇਸ ਨੂੰ ਖਤਮ ਕਰਨਾ ਚਾਹੁੰਦੇ ਹਨ। ਇਹ ਇੱਕ ਗਾਰੰਟੀ ਹੈ ਜੋ ਸੰਵਿਧਾਨ ਵਿੱਚ 150 ਸਾਲਾਂ ਤੋਂ ਵੱਧ ਸਮੇਂ ਤੋਂ ਦਰਜ ਹੈ। ਸੰਯੁਕਤ ਰਾਜ ਅਮਰੀਕਾ ਆਪਣੀਆਂ ਸਰਹੱਦਾਂ ਦੇ ਅੰਦਰ ਪੈਦਾ ਹੋਏ ਬੱਚਿਆਂ ਨੂੰ ਨਾਗਰਿਕਤਾ ਪ੍ਰਦਾਨ ਕਰਦਾ ਹੈ, ਉਨ੍ਹਾਂ ਦੇ ਮਾਪਿਆਂ ਦੀ ਨਾਗਰਿਕਤਾ ਦੀ ਪਰਵਾਹ ਕੀਤੇ ਬਿਨਾਂ। ਹਾਲਾਂਕਿ ਇਹ ਜਲਦੀ ਹੀ ਬਦਲ ਜਾਵੇਗਾ।

'ਜਨਮ ਅਧਿਕਾਰ ਨਾਗਰਿਕਤਾ' ਦਾ ਮਤਲਬ ਹੈ ਕਿ ਅਮਰੀਕਾ ਵਿਚ ਪੈਦਾ ਹੋਇਆ ਕੋਈ ਵੀ ਵਿਅਕਤੀ ਆਪਣੇ ਆਪ ਹੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ। ਇਹ ਨਿਯਮ ਉਨ੍ਹਾਂ ਬੱਚਿਆਂ 'ਤੇ ਵੀ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਮਾਪੇ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿੱਚ ਹਨ ਜਾਂ ਟੂਰਿਸਟ-ਵਿਦਿਆਰਥੀ ਵੀਜ਼ੇ 'ਤੇ



ਹਨ। ਪਿਊ ਰਿਸਰਚ ਦੇ ਅਨੁਸਾਰ ਅਮਰੀਕਾ ਵਿੱਚ ਭਾਰਤੀ-ਅਮਰੀਕੀਆਂ ਦੀ ਆਬਾਦੀ 48 ਲੱਖ ਹੈ, ਜਿਨ੍ਹਾਂ ਵਿੱਚੋਂ 16 ਲੱਖ ਜਾਂ 34% ਅਮਰੀਕਾ ਵਿੱਚ ਪੈਦਾ ਹੋਏ ਸਨ। ਇਨ੍ਹਾਂ ਵਿੱਚੋਂ ਜਿਨ੍ਹਾਂ ਲੋਕਾਂ ਦੇ ਮਾਪਿਆਂ ਕੋਲ ਗ੍ਰੀਨ ਕਾਰਡ ਜਾਂ ਨਾਗਰਿਕਤਾ ਨਹੀਂ ਹੈ, ਜੇਕਰ ਇਹ ਨਿਯਮ ਹਟਾਇਆ ਜਾਂਦਾ ਹੈ ਤਾਂ ਉਨ੍ਹਾਂ ਦੀ ਨਾਗਰਿਕਤਾ ਖਤਮ ਹੋ ਸਕਦੀ ਹੈ।

ਸਰਕਲ ਆਫ ਕਾਉਂਸਲ ਦੇ ਪਾਰਟਨਰ ਰਸਲ ਏ ਸਟੈਮੇਟਸ ਨੇ ਬਿਜ਼ਨੈੱਸ ਸਟੈਂਡਰਡ ਨੂੰ ਦੱਸਿਆ, ਇਹ ਹਰ ਦੇਸ਼ ਦੀ ਪ੍ਰਥਾ ਨਹੀਂ ਹੈ ਤੇ ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਦਲੀਲ ਦਿੱਤੀ ਹੈ ਕਿ ਇਸ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਤੇ ਅਮਰੀਕੀ ਨਾਗਰਿਕ ਬਣਨ ਲਈ ਕਈ ਸਖਤ ਮਾਪਦੰਡ ਹੋਣੇ ਚਾਹੀਦੇ ਹਨ।

ਜਨਮ ਅਧਿਕਾਰ ਨਾਗਰਿਕਤਾ ਦਾ ਅਧਿਕਾਰ ਸੰਵਿਧਾਨ ਦੇ 14ਵੇਂ ਸੰਸ਼ੋਧਨ 'ਤੇ ਅਧਾਰਤ ਹੈ ਤੇ ਅਮਰੀਕੀ ਕਾਨੂੰਨ ਦੇ ਅਧੀਨ ਚੰਗੀ ਤਰ੍ਹਾਂ ਸਥਾਪਿਤ ਹੈ, ਇਸ ਲਈ ਇਸ ਨੂੰ ਖਤਮ ਕਰਨ ਨਾਲ ਮਹੱਤਵਪੂਰਨ ਕਾਨੂੰਨੀ ਚੁਣੌਤੀਆਂ ਪੈਦਾ ਹੋਣਗੀਆਂ।

14 ਵੀਂ ਸੋਧ ਕਹਿੰਦੀ ਹੈ ਕਿ ਸਾਰੇ ਵਿਅਕਤੀ ਸੰਯੁਕਤ ਰਾਜ ਵਿੱਚ ਪੈਦਾ ਹੋਏ ਜਾਂ ਉਥੇ ਵੱਸੇ ਹੋਏ ਵਿਅਕਤੀ ਤੇ ਇਸਦੇ ਅਧਿਕਾਰ ਖੇਤਰ ਦੇ ਅਧੀਨ ਹੁੰਦੇ ਹਨ, ਚਾਹੇ ਉਹ ਉਸ ਰਾਜ ਦੇ ਨਾਗਰਿਕ ਹਨ ਜਾਂ ਜਿੱਥੇ ਉਹ ਰਹਿੰਦੇ ਹਨ।

ਟਰੰਪ ਤੇ ਇਸ ਨੀਤੀ ਦੇ ਹੋਰ ਵਿਰੋਧੀਆਂ ਦਾ ਕਹਿਣਾ ਹੈ ਕਿ ਇਹ "ਜਨਮ ਸੈਰ-ਸਪਾਟਾ" ਨੂੰ ਉਤਸ਼ਾਹਿਤ ਕਰਦਾ ਹੈ, ਇੱਕ ਅਜਿਹਾ ਕਾਰਨ ਹੈ ਜਿਸ ਵਿੱਚ ਗਰਭਵਤੀ ਔਰਤਾਂ ਖਾਸ ਤੌਰ 'ਤੇ ਜਨਮ ਦੇਣ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੁੰਦੀਆਂ ਹਨ, ਸਿਰਫ ਆਪਣੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਵਾਉਣ ਲਈ।




ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਮਹਾਂਪ੍ਰੀਨਿਰਵਾਣ ਦਿਵਸ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂ. ਐਸ. ਏ., ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਅਤੇ ਅੰਬੇਦਕਰ ਇੰਟਰਨੈਸ਼ਨਲ ਸੈਂਟਰ ਸੰਸਥਾਵਾਂ ਨੇ ਇਕੱਠਿਆਂ ਮਨਾਇਆ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11, 12, 13 'ਤੇ**

# ਪੰਜਾਬ 'ਚ ਹੁਣ ਨਿਗਮ ਚੋਣਾਂ ਦੀ ਹਲਚਲ, ਨਾਮਜ਼ਦਗੀ ਨਾਲ ਇਸ ਵਾਰ ਐੱਨਓਸੀ ਤੋਂ ਮਿਲੇਗੀ ਛੋਟ

**ਚੰਡੀਗੜ੍ਹ (ਬਿਊਰੋ)-** ਸਿਆਸੀ ਪਾਰਟੀਆਂ ਨੇ ਨਗਰ ਨਿਗਮ ਤੇ ਨਗਰ ਕੌਂਸਲਾਂ, ਨਗਰ ਪੰਚਾਇਤਾਂ ਦੀਆਂ ਚੋਣਾਂ ਨੂੰ ਲੈ ਕੇ ਅੱਜ ਉਮੀਦਵਾਰਾਂ ਦੀਆਂ ਸੂਚੀਆਂ ਜਾਰੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਗ਼ਜ਼ ਦਾਖਲ ਕਰਨ ਵਿੱਚ ਸਿਰਫ਼ ਦੋ ਦਿਨ ਬਾਕੀ ਬਚੇ ਹਨ ਜਿਸ ਕਰਕੇ ਸਿਆਸੀ ਆਗੂਆਂ ਵੱਲੋਂ ਉਮੀਦਵਾਰਾਂ ਦੇ ਨਾਮ ਫਾਈਨਲ ਕਰਨ ਲਈ ਦਿਨ ਰਾਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਸੂਬਾਈ ਪ੍ਰਧਾਨ ਅਮਨ ਅਰੋੜਾ ਨੇ ਅੱਜ ਚੋਣਾਂ ਦੀ ਤਿਆਰੀ ਵਜੋਂ ਉੱਚ ਪੱਧਰੀ ਸਮੀਖਿਆ ਮੀ-ਟਿੰਗ ਕੀਤੀ। ਅਮਨ ਅਰੋੜਾ ਦਾ ਕਹਿਣਾ ਸੀ ਕਿ ਇਨ੍ਹਾਂ ਚੋਣਾਂ ਨੂੰ ਲੈ ਕੇ ਪਾਰਟੀ ਨੇ ਪੰਜਾਬ ਨੂੰ 10 ਜ਼ੋਨਾਂ ਵਿੱਚ ਵੰਡਿਆ ਹੈ ਅਤੇ ਹਰ ਜ਼ੋਨ 'ਚ 9 ਮੈਂਬਰੀ ਟੀਮ ਦੇ ਨਾਲ ਅਹੁਦੇਦਾਰ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਲਗਪਗ 350 ਅਹੁਦੇਦਾਰਾਂ ਨੇ ਸਕਰੀਨਿੰਗ ਪ੍ਰਕਿਰਿਆ ਵਿੱਚ



ਸਰਗਰਮੀ ਨਾਲ ਹਿੱਸਾ ਲਿਆ ਅਤੇ ਪਾਰਟੀ ਨੂੰ ਪ੍ਰਤੀ ਵਾਰਡ ਔਸਤਨ 12 ਤੋਂ 15 ਅਰਜ਼ੀਆਂ ਮਿਲੀਆਂ ਹਨ। ਪਤਾ ਲੱਗਿਆ ਹੈ ਕਿ 977 ਵਾਰਡਾਂ ਲਈ ਕਰੀਬ ਪੰਜ ਹਜ਼ਾਰ ਚਾਹਵਾਨਾਂ ਨੇ 'ਆਪ' ਦੀ ਟਿਕਟ ਲੈਣ ਲਈ ਅਪਲਾਈ ਕੀਤਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਨ੍ਹਾਂ ਚੋਣਾਂ ਦੇ ਨਤੀਜੇ 21 ਦਸੰਬਰ ਨੂੰ ਭਾਜਪਾ ਦਾ ਭਰਮ ਤੋੜ ਦੇਣਗੇ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਦੀ ਚੋਣ ਲਈ ਚਾਹਵਾਨਾਂ ਦੀ ਪਾਰਟੀ ਪ੍ਰਤੀ ਪ੍ਰਤੀਬੱਧਤਾ ਅਤੇ ਜਿੱਤਣ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ। ਨਗਰ ਨਿਗਮ ਤੇ ਨਗਰ ਕੌਂਸਲ, ਨਗਰ ਪੰਚਾਇਤ ਚੋਣਾਂ ਲਈ ਉਮੀਦਵਾਰਾਂ ਨੂੰ ਕਾਗ਼ਜ਼ ਦਾਖਲ ਕਰਨ ਲਈ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਦੇ ਮਾਮਲੇ 'ਤੇ ਰੌਲਾ ਪਿਆ ਹੋਇਆ ਹੈ। ਚੋਣ ਕਮਿਸ਼ਨ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਲਈ ਕਿਸੇ ਵੀ ਵਿਭਾਗ ਤੋਂ ਐੱਨ ਸੀ ਲੈਣ ਦੀ ਕੋਈ ਸ਼ਰਤ ਨਹੀਂ ਲਗਾਈ ਗਈ।



















# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਕੁਲਦੀਪ ਸੁੰਮਨ ਪਰਿਵਾਰ ਵੱਲੋਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ

**ਪਿਟਸਬਰਗ–** ਸਨਸ਼ਾਈਨ ਆਟੋ ਕੇਅਰ ਇੰਕ. ਦੇ ਮਾਲਕ ਸ੍ਰੀ ਕੁਲਦੀਪ ਸੁੰਮਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਆਪਣੇ ਹੋਣਹਾਰ ਦੋ ਸਪੁੱਤਰਾਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਿਤੀ 1 ਦਸੰਬਰ 2024 ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ। ਪਾਠ ਦੇ ਭੋਗ ਤੋਂ ਉਪਰੰਤ ਗੁਰੂ ਘਰ ਦਾ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਮੂਹ ਪਰਿਵਾਰ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਸੁੰਮਨ ਪਰਿਵਾਰ ਨੇ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਗੁਰੂ ਘਰ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਅਤੇ ਪ੍ਰਧਾਨ ਸ੍ਰੀਮਤੀ ਸੁਨੀਤਾ ਬੰਗੜ ਨੇ ਸੁੰਮਨ ਪਰਿਵਾਰ ਅਤੇ ਵਪਾਰ ਲਈ ਸ਼ੁਭਕਾਮਨਾ ਕਰਦਿਆਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਨੂੰ ਮੁੱਖ ਰੱਖਦਿਆਂ ਗੁਰੂ ਘਰ ਆ ਕੇ ਸੁਖਮਨੀ ਸਾਹਿਬ ਦੇ ਜਾਪ ਕਰਵਾਉਣ ਲਈ ਧੰਨਵਾਦ ਕੀਤਾ। ਸਟੇਜ ਦੀ ਸੇਵਾ ਜਨਰਲ ਸਕੱਤਰ ਉਪਿੰਦਰਪਾਲ ਅਤੇ ਸਕੱਤਰ ਨਰੇਸ਼ ਸਵੈਨ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਧੰਨਵਾਦ ਕੀਤਾ।

(ਤਸਵੀਰਾਂ 'ਦੇਸ਼ ਦੁਆਬਾ')














# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਕੁਲਦੀਪ ਸੁੰਮਨ ਪਰਿਵਾਰ ਵੱਲੋਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ


















# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਕੁਲਦੀਪ ਸੁੰਮਨ ਪਰਿਵਾਰ ਵੱਲੋਂ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ




















# ਲਾਸ ਏਂਜਲਸ ਵਿਚ ਯੁਨਾਈਟਿਡ ਏਅਰਲਾਈਨਜ਼ ਸ਼ਟਲ ਬੱਸ ਵਿਚ ਇਕ ਔਰਤ ਵੱਲੋਂ ਭਾਰਤੀ-ਅਮਰੀਕੀ ਪਰਿਵਾਰ ਨਾਲ ਨਸਲੀ ਦੁਰਵਿਵਹਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲਾਸ ਏਂਜਲਸ ਇੰਟਰਨੈਸ਼ਨਲ ਏਅਰਪੋਰਟ ਤੇ ਯੁਨਾਈਟਿਡ ਏਅਰਲਾਈਨਜ਼ ਸ਼ਟਲ ਬੱਸ ਵਿਚ ਵਾਪਰੀ ਇਕ ਹੈਰਾਨੀਜਨਕ ਘਟਨਾ ਵਿੱਚ ਇਕ ਔਰਤ ਵੱਲੋਂ ਇਕ ਭਾਰਤੀ-ਅਮਰੀਕੀ ਪਰਿਵਾਰ ਉਪਰ ਨਸਲੀ ਟਿੱਪਣੀਆਂ ਕਰਨ ਦੀ ਖਬਰ ਹੈ। ਫੋਟੋਗ੍ਰਾਫਰ ਪਰਵੇਜ਼ ਤਾਫੀਕ ਜਿਸ ਦੇ ਪਰਿਵਾਰ ਨਾਲ ਔਰਤ ਨੇ ਨਸਲੀ ਦੁਰਵਿਵਹਾਰ ਕੀਤਾ, ਨੇ ਸਾਰੀ ਘਟਨਾ ਦੀ ਵੀਡੀ ਬਣਾਈ ਹੈ। ਔਰਤ ਨੇ ਤਾਫੀਕ ਦੇ 11 ਸਾਲਾ ਲੜਕੇ ਦੇ ਭਾਰਤੀ ਪਿਛੋਕੜ ਨੂੰ ਲੈ ਕੇ ਬੁਰਾ ਭਲਾ ਕਿਹਾ ਜਿਸ ਦਾ ਤਾਫੀਕ ਨੇ ਵਿਰੋਧ ਕੀਤਾ। ਔਰਤ ਨੇ ਆਪਣੇ ਹੱਥਾਂ ਦੀਆਂ ਦੋਨੋਂ ਵਿਚਕਾਰਲੀਆਂ ਉਂਗਲੀਆਂ ਖੜੀਆਂ ਕਰਕੇ ਕਿਹਾ ਤੁਹਾਡਾ ਪਰਿਵਾਰ ਭਾਰਤੀ ਹੈ, ਤੁਹਾਡੀ ਕੋਈ ਇਜ਼ਤ ਨਹੀਂ ਹੈ। ਤਾਫੀਕ ਨੇ ਕਿਹਾ ਕਿ ਉਹ ਅਮਰੀਕਾ ਵਿਚ ਪੈਦਾ ਹੋਇਆ ਹੈ ਤਾਂ ਔਰਤ ਨੇ ਇਸ ਤੋਂ ਇਨਕਾਰ ਕਰਦਿਆਂ ਆਪਣਾ ਦੁਰਵਿਵਹਾਰ ਜਾਰੀ ਰਖਿਆ। ਸਥਿੱਤੀ ਉਸ ਸਮੇ ਹੋਰ ਖਰਾਬ ਹੋ ਗਈ ਜਦੋਂ ਔਰਤ ਨੇ ਤਾਫੀਕ ਨੂੰ ਮੂੰਹ ਬੰਦ ਰਖਣ ਲਈ ਕਿਹਾ। ਇਸ ਤੇ ਕੁਝ ਹੋਰ ਯਾਤਰੀਆਂ ਨੇ ਔਰਤ ਨੂੰ ਬੱਸ ਵਿਚੋਂ ਉਤਾਰ ਦੇਣ ਲਈ ਕਿਹਾ।



ਯਾਤਰੀਆਂ ਦਾ ਕਹਿਣਾ ਸੀ ਕਿ ਉਸ ਨੇ ਸ਼ਰਾਬ ਪੀਤੀ ਹੋਈ ਹੈ ਤੇ ਉਹ ਆਪੇ ਤੋਂ ਬਾਹਰ ਹੋ ਚੁੱਕੀ ਹੈ। ਇਸ ਤੇ ਸਟਾਫ ਨੇ ਔਰਤ ਨੂੰ ਬੱਸ ਵਿਚੋਂ ਲਾਹ ਦਿੱਤਾ। ਇਸ ਘਟਨਾ ਦੀ ਆਨ ਲਾਈਨ ਵਿਆਪਕ ਨਿੰਦਾ ਹੋ ਰਹੀ ਹੈ। ਤਾਫੀਕ ਨੇ ਘਟਨਾ ਦੌਰਾਨ ਉਸ ਦੇ ਪਰਿਵਾਰ ਦਾ ਸਾਥ ਦੇਣ ਵਾਲੇ ਯਾਤਰੀਆਂ ਦਾ ਧੰਨਵਾਦ ਕੀਤਾ ਹੈ।

# ਪ੍ਰਸਿੱਧ ਅਮਰੀਕੀ ਅਦਾਕਾਰ ਨਰਗਿਸ ਫਾਖਰੀ ਦੀ ਭੈਣ ਆਲੀਆ ਫਾਖਰੀ ਦੋਹਰੇ ਕਤਲ ਦੇ ਮਾਮਲੇ ਵਿਚ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪ੍ਰਸਿੱਧ ਅਦਾਕਾਰ ਨਰਗਿਸ ਫਾਖਰੀ ਦੀ ਭੈਣ ਆਲੀਆ ਫਾਖਰੀ ਨੂੰ ਨਿਊਯਾਰਕ ਵਿਚ ਦੂਸਰਾ ਦਰਜਾ ਹੱਤਿਆਵਾਂ ਤੇ ਅਗਜ਼ਨੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਕੁਈਨਜ਼ ਵਿਚ ਵਾਪਰੀ ਅਗਜ਼ਨੀ ਦੀ ਘਟਨਾ ਵਿਚ ਆਲੀਆ ਦੇ ਸਾਬਕਾ ਦੋਸਤ ਐਡਵਰਡ ਜੈਕੋਬਸ (35) ਤੇ ਜੈਕੋਬਸ ਦੇ ਮਿੱਤਰ ਅਨਾਸਟਾਸੀਆ ਈਟੀਨ (33) ਦੀ ਮੌਤ ਹੋ ਗਈ ਸੀ। ਕੁਈਨਜ਼ ਡਿਸਟ੍ਰਿਕਟ ਅਟਾਰਨੀ ਮੇਲਿੰਡਾ ਕਟਜ਼ ਅਨੁਸਾਰ 2 ਨਵੰਬਰ ਦੀ ਸਵੇਰ ਨੂੰ ਫਾਖਰੀ (43) ਦੋ ਮੰਜਿਲਾ ਗੈਰਾਜ ਵਿਖੇ ਪੁੱਜੀ ਤੇ ਉਸ ਨੇ ਕਥਿੱਤ ਤੌਰ 'ਤੇ ਇਮਾਰਤ ਨੂੰ ਅੱਗ ਲਾ ਦਿੱਤੀ। ਜੈਕੋਬ ਉਸ ਸਮੇ ਉਪਰਲੀ ਮੰਜਿਲ 'ਤੇ ਸੁੱਤਾ ਪਿਆ ਸੀ। ਈਟੀਨ ਨੂੰ ਅੱਗ ਲੱਗਣ ਬਾਰੇ ਪਤਾ ਲੱਗਣ 'ਤੇ ਆਪਣੇ ਆਪ ਅਤੇ ਜੈਕੋਬ ਨੂੰ ਬਚਾਉਣ ਦਾ ਯਤਨ ਕੀਤਾ ਪਰੰਤੂ ਉਹ ਦੋਨੋ ਸਾਹ ਘੁਟਣ ਕਾਰਨ ਮਾਰੇ ਗਏ। ਇਕ ਗਵਾਹ ਅਨੁਸਾਰ ਫਾਖਰੀ ਨੇ ਘਟਨਾ ਤੋਂ ਪਹਿਲਾਂ ਜੈਕੋਬ ਦੇ ਘਰ ਨੂੰ ਅੱਗ ਲਾ ਦੇਣ ਦੀ ਧਮਕੀ ਦਿੱਤੀ ਸੀ। ਜੈਕੋਬ ਨੇ ਤਕਰੀਬਨ ਇਕ ਸਾਲ ਪਹਿਲਾਂ ਆਲੀਆ ਫਾਖਰੀ ਨਾਲੋਂ ਸਬੰਧ ਤੋੜ ਲਏ ਸਨ ਜਿਸ ਕਾਰਨ ਫਾਖਰੀ ਪ੍ਰੇਸ਼ਾਨ ਤੇ ਦੁੱਖੀ ਸੀ। ਇਸ ਸਮੇ ਫਾਖਰੀ ਪੁਲਿਸ ਹਿਰਾਸਤ ਵਿਚ ਹੈ। ਅਦਾਲਤ ਵਿਚ ਉਸ ਨੂੰ 9 ਦਸੰਬਰ ਨੂੰ ਪੇਸ਼ ਕੀਤਾ ਜਾਵੇਗਾ। ਅਦਾਕਾਰ ਨਰਗਿਸ ਫਾਖਰੀ ਨੇ ਮਾਮਲੇ 'ਤੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ ਜਦ ਕਿ ਆਲੀਆ ਫਾਖਰੀ ਦੀ ਮਾਂ ਨੇ ਆਪਣੀ ਧੀ ਨੂੰ ਨਿਰਦੋਸ਼ ਦੱਸਿਆ ਹੈ।

# ਕੈਲੀਫੋਰਨੀਆ ਦੇ ਇਕ ਸਕੂਲ ਹੋਈ ਗੋਲੀਬਾਰੀ ਵਿਚ 2 ਵਿਦਿਆਰਥੀ ਜ਼ਖਮੀ, ਸ਼ੱਕੀ ਦੀ ਮਿਲੀ ਲਾਸ਼



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉੱਤਰੀ ਕੈਲੀਫੋਰਨੀਆ ਦੇ ਇਕ ਹਾਈ ਸਕੂਲ ਵਿਚ ਦੁਪਹਿਰ ਬਾਅਦ ਹੋਈ ਗੋਲੀਬਾਰੀ ਵਿਚ 2 ਵਿਦਿਆਰਥੀਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਸ਼ੈਰਿਫ ਦਫਤਰ ਅਨੁਸਾਰ ਗੋਲੀਬਾਰੀ ਕਰਨ ਵਾਲਾ ਸ਼ੱਕੀ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲਿਆ ਹੈ। ਅਜਿਹਾ ਲੱਗਦਾ ਹੈ ਕਿ ਉਸ ਨੇ ਖੁਦਕਸ਼ੀ ਕੀਤੀ ਹੈ। ਬੂਟ ਕਾਉਂਟੀ ਸ਼ੈਰਿਫ ਦਫਤਰ ਨੂੰ ਦੁਪਹਿਰ ਬਾਅਦ 1.09 ਵਜੇ ਫੀਦਰ ਰਿਵਰ ਐਡਵੈਂਟਿਸਟ ਸਕੂਲ ਰੋਵਿਲੇ ਤੋਂ ਆਏ ਫੋਨ 'ਤੇ ਸਕੂਲ ਵਿਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜਿਸ ਉਪਰੰਤ ਪੁਲਿਸ ਅਫਸਰ ਤੁਰੰਤ ਮੌਕੇ ਉਪਰ ਪੁੱਜੇ। ਸ਼ੈਰਿਫ ਦਫਤਰ ਦੇ ਇਕ ਬੁਲਾਰੇ ਅਨੁਸਾਰ ਗੋਲੀਬਾਰੀ ਵਿਚ ਜ਼ਖਮੀ ਹੋਏ ਦੋ ਵਿਦਿਆਰਥੀਆਂ ਨੂੰ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਹੈ। ਬੁਲਾਰੇ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਮੁੱਢਲੇ ਪੱਧਰ 'ਤੇ ਹੈ ਤੇ ਸ਼ੱਕੀ ਦੀ ਅਜੇ ਪਛਾਣ ਨਹੀਂ ਹੋਈ। ਜ਼ਖਮੀ ਹੋਏ ਵਿਦਿਆਰਥੀਆਂ ਦੀ ਹਾਲਤ ਬਾਰੇ ਪੁਲਿਸ ਨੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ।

# ਡੋਨਾਲਡ ਟਰੰਪ ਵੱਲੋਂ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਸਬੰਧੀ ਚਲ ਰਹੇ ਮਾਮਲੇ ਨੂੰ ਰੱਦ ਕਰਨ ਦੀ ਬੇਨਤੀ, ਵਕੀਲ ਵੱਲੋਂ 5 ਸਫ਼ਿਆਂ ਦੀ ਬੇਨਤੀ ਦਾਇਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਵੱਲੋਂ ਜਾਰਜੀਆ ਕੋਰਟ ਆਫ ਅਪੀਲਜ ਨੂੰ ਕਿਹਾ ਗਿਆ ਹੈ ਕਿ ਉਸ ਵਿਰੁੱਧ 2020 ਦੀਆਂ ਚਣਾਂ ਦੇ ਨਤੀਜਿਆਂ ਨੂੰ ਬਦਲਣ ਸਬੰਧੀ ਚਲ ਰਿਹਾ ਮਾਮਲਾ ਖਤਮ ਕਰ ਦਿੱਤਾ ਜਾਵੇ। ਇਕ ਵਕੀਲ ਦੁਆਰਾ ਦਾਇਰ 5 ਸਫ਼ਿਆਂ ਦੀ ਲਿਖਤੀ ਬੇਨਤੀ ਵਿਚ ਕਿਹਾ ਗਿਆ ਹੈ ਕਿ ਟਰੰਪ ਵਿਰੁੱਧ ਲਾਏ ਦੋਸ਼ ਗੈਰਸਵਿਧਾਨਕ ਹਨ ਕਿਉਂਕਿ ਉਹ ਦੇਸ਼ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਹਨ। ਇਸ ਮਾਮਲੇ ਵਿਚ ਟਰੰਪ ਸਮੇਤ 18 ਵਿਅਕਤੀਆਂ ਵਿਰੁੱਧ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਰਚੀ ਗਈ ਕਥਿੱਤ ਅਪਰਾਧਕ ਸਾਜਿਸ਼ ਵਿਚ ਨਿਭਾਈ ਵੱਖ ਵੱਖ ਭੂਮਿਕਾ ਨੂੰ ਲੈ ਕੇ ਦੋਸ਼ ਦਰਜ ਕੀਤੇ ਗਏ ਸਨ। ਟਰੰਪ ਦੇ ਵਕੀਲ ਸਟੀਵਨ ਸੈਡੋਅ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਟਰੰਪ ਵੱਲੋਂ ਦਾਇਰ ਅਪੀਲ ਵਿਚ ਜਾਰਜੀਆ ਕੋਰਟ ਆਫ ਅਪੀਲਜ ਨੂੰ ਬੇਨਤੀ ਕੀਤੀ ਗਈ ਹੈ ਕਿ ਅਦਾਲਤ ਮਾਮਲੇ 'ਤੇ ਸੁਣਵਾਈ ਜਾਰੀ ਰਖਣ ਸਬੰਧੀ ਆਪਣੇ ਅਧਿਕਾਰ ਖੇਤਰ ਦੀ ਪੁਸ਼ਟੀ ਕਰ ਲਵੇ ਕਿਉਂਕਿ ਹੁਣ ਉਹ ਰਾਸ਼ਟਰਪਤੀ ਚੁਣੇ ਗਏ ਹਨ ਤੇ ਉਹ ਛੇਤੀ ਅਮਰੀਕਾ ਦੇ 47 ਵੇਂ ਰਾਸ਼ਟਰਪਤੀ ਬਣ ਜਾਣਗੇ ਤਾਂ ਉਹ ਅਦਾਲਤ ਨੂੰ ਤੁਰੰਤ ਮਾਮਲਾ ਰੱਦ ਕਰਨ ਦਾ ਆਦੇਸ਼ ਦੇ ਦੇਣਗੇ। ਦਲੀਲ ਦਿੱਤੀ ਗਈ ਹੈ ਕਿ ਅਮਰੀਕੀ ਸਵਿਧਾਨ ਤਹਿਤ ਮੌਜੂਦਾ ਰਾਸ਼ਟਰਪਤੀ ਵਿਰੁੱਧ ਕੋਈ ਵੀ ਅਪਾਰਧਕ ਮਾਮਲਾ ਨਹੀਂ ਚਲਾਇਆ ਜਾ ਸਕਦਾ। ਇਥੇ ਜਿਕਰਯੋਗ ਹੈ ਕਿ ਸੰਘੀ ਜੱਜਾਂ ਵੱਲੋਂ ਪਹਿਲਾਂ ਹੀ ਟਰੰਪ ਵਿਰੁੱਧ ਚੱਲ ਰਹੇ 2 ਅਪਰਾਧਕ ਮਾਮਲੇ ਰੱਦ ਕਰ ਦਿੱਤੇ ਗਏ ਹਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਦੇਸ਼ ਦੁਆਬਾ

## ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੁੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਧੰਨਵਾਦ ਸਹਿਤ, ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

## ਸੀਰੀਆ ਵਿਚ ਸੱਤਾ ਪਲਟੀ ਦੇ ਅਸਰ

**ਦਿਵਿਆ ਕੁਮਾਰ ਸੋਤੀ**

ਸੀਰੀਆ ਵਿਚ ਨਾਟਕੀ ਘਟਨਾਚੱਕਰ ਤਹਿਤ ਬਸ਼ਰ ਅਲ ਅਸਦ ਸਰਕਾਰ ਦਾ ਪਤਨ ਹੋ ਗਿਆ। ਉੱਥੇ ਸਾਲਾਂ ਤੋਂ ਅਸਦ ਦੀ ਸ਼ੀਆ ਦੀ ਬਹੁਤਾਤ ਵਾਲੀ ਸਰਕਾਰ ਅਤੇ ਵੱਖ-ਵੱਖ ਸੁੰਨੀ ਕੱਟੜਪੰਥੀ ਧੜਿਆਂ ਵਿਚਾਲੇ ਟਕਰਾਅ ਜਾਰੀ ਸੀ ਪਰ ਸੰਨ 2019 ਵਿਚ ਇਸਲਾਮਿਕ ਸਟੇਟ ਦੇ ਪਤਨ ਅਤੇ ਉਸ ਦੇ ਆਪੇ ਐਲਾਨੇ ਖਲੀਫਾ ਅਬੂ ਬਕਰ ਅਲ ਬਗਦਾਦੀ ਦੇ ਮਾਰੇ ਜਾਣ ਤੋਂ ਬਾਅਦ ਉਹ ਸੁਰਖੀਆਂ ਤੋਂ ਬਾਹਰ ਸੀ।

ਸੰਨ 2015-16 ਵਿਚ ਅਸਦ ਸਰਕਾਰ ਦੇ ਸਮਰਥਨ ਵਿਚ ਰੂਸੀ ਹਵਾਈ ਫ਼ੌਜ ਦੀ ਮੁਹਿੰਮ ਦੁਆਰਾ ਸੁੰਨੀ ਕੱਟੜਪੰਥੀਆਂ ਦੇ ਖਦੇੜੇ ਜਾਣ ਤੋਂ ਬਾਅਦ ਇਹ ਤੈਅ ਮੰਨਿਆ ਜਾਣ ਲੱਗਾ ਸੀ ਕਿ ਅਸਦ ਸਰਕਾਰ ਦਾ ਪਤਨ ਸੰਭਵ ਨਹੀਂ ਹੈ ਪਰ ਬੀਤੇ ਦਿਨੀਂ ਅਜਿਹਾ ਹੀ ਹੋਇਆ।

ਬੀਤੇ 11-12 ਦਿਨਾਂ ਵਿਚ ਸੁੰਨੀ ਕੱਟੜਪੰਥੀ ਧੜੇ ਹਯਾਤ ਤਹਰੀਰ ਅਲ ਸ਼ਾਮ (ਐੱਚਟੀਐੱਸ) ਦੀ ਮੁਹਿੰਮ ਨੇ ਇਕਦਮ ਤੇਜ਼ੀ ਫੜੀ ਅਤੇ ਸੀਰੀਆ ਦੀ ਫ਼ੌਜ ਬਿਨਾਂ ਲੜੇ ਹੀ ਪਿੱਛੇ ਹਟਦੀ ਚਲੀ ਗਈ ਅਤੇ ਅਖ਼ੀਰ ਬਸ਼ਰ ਅਲ ਅਸਦ ਨੂੰ ਦੇਸ਼ ਛੱਡ ਕੇ ਰੂਸ ਜਾਣਾ ਪਿਆ। ਇਸ ਵਾਰ ਰੂਸ ਅਤੇ ਈਰਾਨ, ਦੋਵਾਂ ਨੇ ਅਸਦ ਸਰਕਾਰ ਦੇ ਸਮਰਥਨ ਵਿਚ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕੀਤਾ। ਅਸਦ ਸਰਕਾਰ ਯੂਕਰੇਨ ਤੋਂ ਲੈ ਕੇ ਫਲਸਤੀਨ ਤੱਕ ਵਿਛੀ ਭੂ-ਰਾਜਨੀਤਕ ਸ਼ਤਰੰਜ ਦੀ ਬਿਸਾਤ 'ਤੇ ਬਲੀ ਦਾ ਬੱਕਰਾ ਬਣ ਗਈ। ਈਰਾਨ ਨੇ ਅਸਦ ਨੂੰ ਬਚਾਉਣ ਲਈ ਕੋਈ ਵੱਡਾ ਕਦਮ ਇਸ ਲਈ ਨਹੀਂ ਚੁੱਕਿਆ ਕਿਉਂਕਿ ਉਸ ਨੂੰ ਖ਼ੁਦ 'ਤੇ ਇਜ਼ਰਾਇਲੀ ਤੇ ਅਮਰੀਕੀ ਹਮਲੇ ਦਾ ਖ਼ਦਸ਼ਾ ਹੈ। ਉਹ ਆਪਣੇ ਸੀਮਤ ਫ਼ੌਜੀ ਤੇ ਆਰਥਿਕ ਸੋਮਿਆਂ ਨੂੰ ਸੰਭਾਲ ਕੇ ਰੱਖਣਾ ਚਾਹੁੰਦਾ ਹੈ। ਇਸੇ ਤਰ੍ਹਾਂ ਡੋਨਾਲਡ ਟਰੰਪ ਕਾਰਨ ਰੂਸ ਆਪਣੇ ਫ਼ੌਜੀ ਸੋਮਿਆਂ ਨੂੰ ਯੂਕਰੇਨ ਮੁਹਾਜ਼ 'ਤੇ ਕੇਂਦਰਿਤ ਰੱਖਣਾ ਚਾਹੁੰਦਾ ਹੈ ਤਾਂ ਕਿ ਉੱਥੇ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ 'ਤੇ ਕਬਜ਼ਾ ਕਰ ਸਕੇ ਅਤੇ ਜੰਗਬੰਦੀ ਦੀ ਹਾਲਤ ਵਿਚ ਉਸ ਦੇ ਕਬਜ਼ੇ ਵਾਲਾ ਭੂ-ਭਾਗ ਉਸ ਕੋਲ ਹੀ ਰਹੇ। ਈਰਾਨ ਤੇ ਰੂਸ ਦੇ ਇਸ ਰਵੱਈਏ ਨਾਲ ਸਭ ਤੋਂ ਵੱਡਾ ਲਾਭ ਇਜ਼ਰਾਈਲ ਤੇ ਤੁਰਕੀ ਨੂੰ ਹੋਇਆ। ਹਮਾਸ ਤੇ ਹਿਜ਼ਬੁੱਲਾ ਦੇ ਕਮਜ਼ੋਰ ਪੈਣ ਤੋਂ ਬਾਅਦ ਅਸਦ ਸਰਕਾਰ ਦਾ ਪਤਨ ਈਰਾਨ ਦੀ ਅਗਵਾਈ ਵਾਲੇ ਸ਼ੀਆ ਗੱਠਜੋੜ ਲਈ ਇਕ ਵੱਡਾ ਝਟਕਾ ਹੈ ਅਤੇ ਹਾਲ-ਫ਼ਿਲਹਾਲ ਇਜ਼ਰਾਈਲ ਲਈ ਵੱਡੀ ਤਤਕਾਲੀ ਸਫਲਤਾ।

ਅਸਦ ਸਰਕਾਰ ਦੇ ਪਤਨ ਦੇ ਤੁਰੰਤ ਬਾਅਦ ਇਜ਼ਰਾਇਲੀ ਫ਼ੌਜ ਨੇ ਗੋਲਾਨ ਦੀਆਂ ਪਹਾੜੀਆਂ ਤੋਂ ਅੱਗੇ ਵਧ ਕੇ ਸੀਰੀਆ ਅੰਦਰ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ ਹੈ। ਇਸ ਦਾ ਮਕਸਦ ਇਜ਼ਰਾਈਲ ਦੀਆਂ ਸਰਹੱਦਾਂ ਦਾ ਵਿਸਥਾਰ, ਇਕ ਬਫਰ ਜ਼ੋਨ ਦਾ ਨਿਰਮਾਣ ਅਤੇ ਸੀਰੀਆ ਦੀ ਫ਼ੌਜੀ ਸਮਰੱਥਾ ਦੀ ਧਾਰ ਖੁੰਢੀ ਕਰਨਾ ਹੈ।

ਅਜਿਹੇ ਵਿਚ ਸਵਾਲ ਉੱਠਦਾ ਹੈ ਕਿ ਸੀਰੀਆਈ ਫ਼ੌਜ ਵੱਲੋਂ ਲੜਨ ਤੋਂ ਨਾਂਹ ਕਰ ਦੇਣ ਦੇ ਪਿੱਛੇ ਕਿਤੇ ਇਜ਼ਰਾਈਲ ਤੇ ਉਸ ਦੇ ਸਮਰਥਕ ਪੱਛਮੀ ਦੇਸ਼ਾਂ ਦੀਆਂ ਖ਼ੁਫ਼ੀਆ ਏਜੰਸੀਆਂ ਦਾ ਹੱਥ ਤਾਂ ਨਹੀਂ? ਇਜ਼ਰਾਇਲੀ ਪੀਐੱਮ ਬੈਂਜਾਮਿਨ ਨੇਤਨਯਾਹੂ ਨੇ ਅਸਦ ਸਰਕਾਰ ਦੇ ਪਤਨ ਨੂੰ ਇਤਿਹਾਸਕ ਮੌਕਾ ਦੱਸਿਆ ਪਰ ਨਾਲ ਹੀ ਖ਼ਬਰਦਾਰ ਵੀ ਕੀਤਾ ਕਿ ਇਸ ਘਟਨਾਚੱਕਰ ਦੇ ਭਿਆਨਕ ਨਤੀਜੇ ਨਿਕਲ ਸਕਦੇ ਹਨ।

ਨੇਤਨਯਾਹੂ ਅਜਿਹਾ ਕਹਿਣ ਲਈ ਇਸ ਲਈ ਮਜਬੂਰ ਹਨ ਕਿਉਂਕਿ ਜਿਸ ਐੱਚਟੀਐੱਸ ਨੂੰ ਪੱਛਮੀ ਮੀਡੀਆ ਸੀਰੀਆ ਦਾ ਬਾਗ਼ੀ ਸੰਗਠਨ ਦੱਸ ਰਿਹਾ ਹੈ, ਉਸ ਵਿਚ ਅਲਕਾਇਦਾ ਅਤੇ ਇਸਲਾਮਿਕ ਸਟੇਟ ਦੇ ਸਾਬਕਾ ਅੱਤਵਾਦੀ ਭਰੇ ਪਏ ਹਨ। ਸੀਰੀਆ 'ਤੇ ਕਾਬਜ਼ ਤੱਤ ਫ਼ਿਲਹਾਲ ਭਾਵੇਂ ਹੀ ਇਜ਼ਰਾਈਲ ਦੇ ਕੰਮ ਆਏ ਹੋਣ ਪਰ ਉਹ ਆਪਣਾ ਅਸਲੀ ਰੰਗ ਦਿਖਾ ਸਕਦੇ ਹਨ। ਅਫ਼ਗਾਨਿਸਤਾਨ ਵਿਚ ਸੋਵੀਅਤ ਸੰਘ ਦੀ ਹਾਰ ਤੋਂ ਬਾਅਦ ਅਮਰੀਕਾ ਦੇ ਪਾਲੇ-ਪੋਸੇ ਓਸਾਮਾ ਬਿਨ ਲਾਦੇਨ ਨੇ ਅਜਿਹਾ ਹੀ ਕੀਤਾ ਸੀ। ਐੱਚਟੀਐੱਸ ਦਾ ਅਸਲੀ ਆਕਾ ਕੋਈ ਹੋਰ ਨਹੀਂ ਬਲਕਿ ਤੁਰਕੀ ਦੇ ਰਾਸ਼ਟਰਪਤੀ ਏਰਦੋਗਨ ਹਨ, ਠੀਕ ਉਸੇ ਤਰ੍ਹਾਂ ਜਿਵੇਂ ਜੈਸ਼ ਅਤੇ ਲਸ਼ਕਰ ਦਾ ਪਾਕਿਸਤਾਨ ਹੈ। ਏਰਦੋਗਨ ਐੱਚਟੀਐੱਸ ਦੇ ਮਾਧਿਅਮ ਨਾਲ ਸੀਰੀਆ 'ਤੇ ਹਕੂਮਤ ਦਾ ਉਸੇ ਤਰ੍ਹਾਂ ਦਾ ਸੁਪਨਾ ਦੇਖ ਰਹੇ ਹਨ ਜਿਹੋ ਜਿਹਾ ਪਾਕਿਸਤਾਨ ਦੇ ਜਨਰਲ ਤਾਲਿਬਾਨ ਜ਼ਰੀਏ ਅਫ਼ਗਾਨਿਸਤਾਨ ਨੂੰ ਲੈ ਕੇ ਦੇਖਿਆ ਕਰਦੇ ਸਨ।

ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ ਦੀ ਹਾਰ ਤੋਂ ਪਹਿਲਾਂ ਤੱਕ ਸੀਰੀਆ ਦੇ ਵੱਖ-ਵੱਖ ਇਲਾਕੇ ਆਯੋਮਨ ਤੁਰਕ ਸਾਮਰਾਜ ਦਾ ਹਿੱਸਾ ਹੋਇਆ ਕਰਦੇ ਸਨ। ਸਾਊਦੀ ਅਰਬ ਵੀ ਉਸ ਸਾਮਰਾਜ ਦਾ ਹਿੱਸਾ ਸੀ। ਅੱਜ ਦੇ ਸੀਰੀਆ ਅਤੇ ਇਰਾਕ ਵਰਗੇ ਦੇਸ਼ਾਂ ਦੀਆਂ ਸਰਹੱਦਾਂ ਪਹਿਲੇ ਵਿਸ਼ਵ ਯੁੱਧ ਦੇ ਜੇਤੂ ਦੇਸ਼ਾਂ ਫਰਾਂਸ ਅਤੇ ਬ੍ਰਿਟੇਨ ਨੇ ਆਪਣੇ ਮਨ ਮੁਤਾਬਕ ਖਿੱਚੀਆਂ ਸਨ। ਏਰਦੋਗਨ ਉਸੇ ਆਟੋਮਨ ਸਾਮਰਾਜ ਦੀ ਪੁਨਰ-ਸਥਾਪਨਾ ਦਾ ਸੁਪਨਾ ਦੇਖ ਰਹੇ ਹਨ। ਉਹ ਸੀਰੀਆ 'ਤੇ ਕਾਬਜ਼ ਹੋਏ ਤੱਤਾਂ ਦਾ ਇਸਤੇਮਾਲ ਕੁਰਦਾਂ ਨੂੰ ਟਿਕਾਣੇ ਲਾਉਣ ਵਿਚ ਕਰ ਸਕਦੇ ਹਨ ਜੋ ਸੀਰੀਆ ਦੇ ਇਕ ਹਿੱਸੇ 'ਤੇ ਕਾਬਜ਼ ਹਨ ਅਤੇ ਤੁਰਕੀ ਵਿਚ ਵੀ ਸਰਗਰਮ ਹਨ। ਸੀਰੀਆ ਦਾ ਤੁਰਕੀ ਦੀ ਹਮਾਇਤ ਵਾਲੇ ਜੰਗਜੂਆਂ ਦੇ ਹੱਥ ਵਿਚ ਜਾਣਾ ਕਤਰ-ਤੁਰਕੀ ਗੈਸ ਪਾਈਪਲਾਈਨ ਦੇ ਪ੍ਰਸਤਾਵ ਨੂੰ ਨਵਾਂ ਜੀਵਨ ਦੇ ਸਕਦਾ ਹੈ ਜਿਸ ਜ਼ਰੀਏ ਕਤਰ ਤੇ ਸਾਊਦੀ ਅਰਬ ਦੀ ਗੈਸ ਸੀਰੀਆ ਅਤੇ ਤੁਰਕੀ ਤੋਂ ਹੋ ਕੇ ਯੂਰਪ ਤੱਕ ਪੁੱਜ ਸਕਦੀ ਹੈ ਅਤੇ ਯੂਰਪ ਦੀ ਰੂਸ 'ਤੇ ਊਰਜਾ ਨਿਰਭਰਤਾ ਘਟ ਸਕਦੀ ਹੈ।

ਜੇ ਅਜਿਹਾ ਹੁੰਦਾ ਹੈ ਤਾਂ ਇਸ ਦਾ ਰੂਸ ਨੂੰ ਬਹੁਤ ਨੁਕਸਾਨ ਹੋਵੇਗਾ ਕਿਉਂਕਿ ਪੱਛਮੀ ਦੇਸ਼ਾਂ ਦਾ ਊਰਜਾ ਲਈ ਉਸ 'ਤੇ ਨਿਰਭਰ ਰਹਿਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸੇ ਸਦਕਾ ਉਹ ਯੂਕਰੇਨ ਜੰਗ ਨੂੰ ਲੰਬਾ ਸਮਾਂ ਚਲਾਉਣ ਵਿਚ ਕਾਮਯਾਬ ਰਿਹਾ ਹੈ। ਆਪੋ-ਆਪਣੇ ਹਿੱਤਾਂ ਨੂੰ ਹੋ ਰਹੇ ਨੁਕਸਾਨ ਦੇ ਮੱਦੇਨਜ਼ਰ ਅਜਿਹਾ ਬਹੁਤ ਸੰਭਵ ਹੈ ਕਿ ਰੂਸ ਅਤੇ ਈਰਾਨ ਸੀਰੀਆ ਵਿਚ ਆਪਣੀਆਂ ਖ਼ੁਫ਼ੀਆ ਮੁਹਿੰਮਾਂ ਦਾ ਦਾਇਰਾ ਵਧਾਉਣ ਅਤੇ ਜਿਵੇਂ ਅਮਰੀਕਾ, ਤੁਰਕੀ ਅਤੇ ਇਜ਼ਰਾਈਲ ਨੇ ਆਪੋ-ਆਪਣੇ ਹਿੱਤਾਂ ਲਈ ਕੱਟੜਪੰਥੀ ਧੜਿਆਂ ਦਾ ਇਸਤੇਮਾਲ ਕੀਤਾ, ਉਵੇਂ ਹੀ ਰੂਸ ਵੀ ਆਪਣੇ ਮਤਲਬ ਦੇ ਕੱਟੜਪੰਥੀਆਂ ਨੂੰ ਹੁਲਾਰਾ ਦੇਵੇ।

ਭਾਵੇਂ ਹੀ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਟਰੰਪ ਦਾ ਕਹਿਣਾ ਹੋਵੇ ਕਿ ਅਮਰੀਕਾ ਦਾ ਸੀਰੀਆ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਪਰ ਐੱਚਟੀਐੱਸ ਦਾ ਨੇਤਾ ਗੋਲਾਨੀ ਇਸਲਾਮਿਕ ਸਟੇਟ ਦੇ ਸਰਗਨਾ ਅਬੂ ਬਕਰ ਅਲ ਬਗਦਾਦੀ ਦਾ ਸੱਜਾ ਹੱਥ ਰਹਿ ਚੁੱਕਾ ਹੈ ਅਤੇ ਸੀਰੀਆ ਵਿਚ ਅਲਕਾਇਦਾ ਦਾ ਮੁਖੀ ਵੀ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਅਮਰੀਕਾ ਦਾ ਲਿਬਰਲ ਮੀਡੀਆ ਦਸ ਮਿਲੀਅਨ ਡਾਲਰ ਦੇ ਇਨਾਮੀ ਅਤੇ ਇਰਾਕ ਵਿਚ ਅਮਰੀਕੀ ਫ਼ੌਜੀਆਂ ਦੀਆਂ ਹੱਤਿਆਵਾਂ ਵਿਚ ਸ਼ਾਮਲ ਰਹੇ ਗੋਲਾਨੀ ਨੂੰ ਕ੍ਰਾਂਤੀਕਾਰੀ ਦੱਸ ਰਿਹਾ ਹੈ।

ਇਸ ਤੋਂ ਇਹ ਪ੍ਰਸ਼ਨ ਉੱਠਦਾ ਹੈ ਕਿ ਕੀ ਟਰੰਪ ਦੇ ਚੋਣ ਜਿੱਤਣ ਤੋਂ ਬਾਅਦ ਵੀ ਅਮਰੀਕੀ ਡੀਪ ਸਟੇਟ ਨੇ ਆਪਣੀਆਂ ਨੀਤੀਆਂ ਵਿਚ ਕੋਈ ਬਦਲਾਅ ਨਹੀਂ ਕੀਤਾ ਹੈ ਜਾਂ ਉਹ ਟਰੰਪ ਦੇ ਕਾਬੂ ਤੋਂ ਬਾਹਰ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਲੱਭਣਾ ਭਾਰਤ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਟਰੰਪ ਦੀ ਜਿੱਤ ਤੋਂ ਬਾਅਦ ਵੀ ਅਮਰੀਕੀ ਖ਼ੁਫ਼ੀਆ ਏਜੰਸੀਆਂ ਦੁਆਰਾ ਬੰਗਲਾਦੇਸ਼ ਵਿਚ ਸੱਤਾ 'ਤੇ ਕਾਬਜ਼ ਕੀਤੀ ਗਈ ਮੁਹੰਮਦ ਯੂਨਸ ਸਰਕਾਰ ਦੇ ਭਾਰਤ ਨੂੰ ਲੈ ਕੇ ਹਮਲਾਵਰ ਰੁਖ਼ ਵਿਚ ਕੋਈ ਕਮੀ ਨਹੀਂ ਆਈ ਹੈ।

ਮੁਸਲਿਮ ਜਗਤ ਵਿਚ ਕੱਟੜਪੰਥੀ ਇਸਲਾਮੀ ਵਿਚਾਰਧਾਰਾ ਦੀਆਂ ਕਈ ਅਲੱਗ-ਅਲੱਗ ਸ਼ਾਖਾਵਾਂ ਮੁਸਲਿਮ ਬ੍ਰਦਰਹੁੱਡ, ਵਹਾਬੀ ਇਸਲਾਮ ਅਤੇ ਖਾਮਨੇਈ ਦੇ ਕੱਟੜਪੰਥੀ ਸ਼ੀਆ ਸੰਗਠਨਾਂ ਦੇ ਟਕਰਾਅ ਦਾ ਅਸਰ ਭਾਰਤ ਦੀ ਸੁਰੱਖਿਆ 'ਤੇ ਪੈਂਦਾ ਰਿਹਾ ਹੈ।

ਇਨ੍ਹਾਂ 'ਚੋਂ ਕਿਸੇ ਵੀ ਵਿਚਾਰਧਾਰਾ ਦਾ ਵਿਸਥਾਰ ਭਾਰਤ ਦੇ ਹਿੱਤ ਵਿਚ ਨਹੀਂ ਹੈ। ਇਸੇ ਲਈ ਜਿੱਥੇ ਹਮਾਸ ਅਤੇ ਹਿਜ਼ਬੁੱਲਾ ਦੀ ਤਬਾਹੀ ਅਤੇ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਢਾਹ ਲੱਗਣਾ ਭਾਰਤ ਦੇ ਹਿੱਤ ਵਿਚ ਹੈ, ਓਥੇ ਹੀ ਮੁਸਲਿਮ ਜਗਤ ਵਿਚ ਸੁੰਨੀ-ਸ਼ੀਆ ਖੇਮਿਆਂ ਵਿਚ ਤਾਕਤ ਦਾ ਸੰਤੁਲਨ ਬਣਿਆ ਰਹਿਣਾ ਵੀ ਜ਼ਰੂਰੀ ਹੈ।

ਤੁਰਕੀ ਅਤੇ ਪਾਕਿਸਤਾਨ ਦੇ ਨਿੱਘੇ ਰਿਸ਼ਤਿਆਂ ਕਾਰਨ ਵੀ ਭਾਰਤ ਨੂੰ ਸੀਰੀਆ ਦੇ ਘਟਨਾਚੱਕਰ ਤੋਂ ਚੌਕਸ ਰਹਿਣਾ ਹੋਵੇਗਾ। ਉਸ ਨੂੰ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਮੁਹਾਜ਼ 'ਤੇ ਸਖ਼ਤ ਫ਼ੈਸਲੇ ਲੈਣੇ ਚਾਹੀਦੇ ਹਨ। ਇਹ ਠੀਕ ਨਹੀਂ ਕਿ ਇਕ ਤੋਂ ਬਾਅਦ ਇਕ ਦੇਸ਼ ਸੁੰਨੀ ਕੱਟੜਪੰਥੀ ਧੜਿਆਂ ਦੇ ਹੱਥ ਵਿਚ ਜਾ ਰਹੇ ਹਨ ਅਤੇ ਤੁਰਕੀ ਤੇ ਕਤਰ ਵਰਗੇ ਦੇਸ਼ਾਂ ਦਾ ਅਸਰ ਵਧਦਾ ਜਾ ਰਿਹਾ ਹੈ ਜੋ ਪਾਕਿਸਤਾਨ ਦੀ ਤਰ੍ਹਾਂ ਹੀ ਅੱਤਵਾਦ ਨੂੰ ਵਿਦੇਸ਼ ਨੀਤੀ ਦੇ ਔਜ਼ਾਰ ਦੇ ਰੂਪ ਵਿਚ ਇਸਤੇਮਾਲ ਕਰ ਰਹੇ ਹਨ।

## ਵੈਲਫੇਅਰ ਸੁਸਾਇਟੀ ਵਲੋਂ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਸੰਬੰਧੀ ਸਮਾਗਮ ਕਰਵਾਇਆ



**ਸੜੋਆ (ਸਤਨਾਮ ਸਿੰਘ ਸਹੂੰਗੜਾ)-** ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਸੰਬੰਧੀ ਸਮਾਗਮ ਪਿੰਡ ਨਾਨੋਵਾਲ ਕਰਵਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਜੀ ਦੇ ਸਰੂਪ ਤੇ ਫੁੱਲ ਮਾਲਾ ਭੇਟ ਕਰਦਿਆਂ ਸ਼੍ਰੀ ਨਾਜਰ ਰਾਮ ਮਾਨ ਪ੍ਰਧਾਨ, ਪ੍ਰਿੰਸੀਪਲ ਪ੍ਰੇਮ ਕੁਮਾਰ ਸਾਹਿਬਾ ਅਤੇ ਸਰਦਾਰ ਲਾਲ ਸਿੰਘ ਮੈਨੇਜਰ ਨੇ ਕਿਹਾ ਕਿ ਡਾਕਟਰ ਭੀਮ ਰਾ ਅੰਬੇਡਕਰ ਜੀ ਵਲੋਂ ਸਾਨੂੰ ਜੋ ਸੰਵਿਧਾਨ ਦਿੱਤਾ ਗਿਆ ਉਸ ਸੰਵਿਧਾਨ ਸਦਕਾ ਹੀ ਅੱਜ ਦੇਸ਼ ਹਾਕਮ ਸਰਕਾਰਾਂ ਰਾਜ ਪ੍ਰਬੰਧ ਚਲਾ ਰਹੀਆਂ ਹਨ। ਇਸ ਕਰਕੇ ਉਹਨਾਂ ਦੀ ਕੁਰਬਾਨੀ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਪ੍ਰੋ ਵਰਿੰਦਰ ਬਛੌੜੀ ਅਤੇ ਮਾਸਟਰ ਬਲਵਿੰਦਰ ਨਾਨੋਵਾਲੀਆ ਨੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਈਏ ਅਤੇ ਇਹਨਾਂ ਨੂੰ ਉਚ ਦਰਜੇ ਦੀ ਸਿੱਖਿਆ ਪ੍ਰਦਾਨ ਕਰਵਾਈਏ। ਜਿਸ ਨਾਲ ਉਹ ਵੱਡੇ ਹੋ ਕੇ ਦੇਸ਼ ਦੀ ਵਾਗਡੋਰ ਸੰਭਾਲ ਸਕਣ। ਇਸ ਮੌਕੇ ਸਮੂਹ ਮੈਂਬਰਾਂ ਨੇ ਸੁਸਾਇਟੀ ਦੇ ਦੇ ਮੈਂਬਰ ਸ਼੍ਰੀ ਬਲਵਿੰਦਰ ਚੱਕ ਸਿੰਘਾ ਦੇ ਨਜਦੀਕੀ ਰਿਸ਼ਤੇਦਾਰ ਅਤੇ ਸੁਸਾਇਟੀ ਦੇ ਲਾਈਫ ਮੈਂਬਰ ਰਮੇਸ਼ ਚੰਦ ਰੱਲ ਵਾਸੀ ਝਿੰਗੜਾ ਹਾਲ ਵਾਸੀ ਯੂ ਐਸ ਏ ਦੇ ਸਪੁੱਤਰ ਲਾਈਕੀ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਫੈਸਲਾ ਕੀਤਾ ਕਿ ਸੁਸਾਇਟੀ ਵਲੋਂ ਅਗਲਾ ਅੱਖਾਂ ਦਾ ਆਪ੍ਰੇਸ਼ਨ ਚੈਕਅੱਪ ਕੈਂਪ ਮਾਈਕਲ ਚੰਦ ਰੱਲ ਉਰਫ ਮਾਈਕੀ ਦੀ ਨਿੱਘੀ ਯਾਦ ਵਿੱਚ ਲਗਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਤੇਲੂ ਰਾਮ ਸਾਬਕਾ ਸਰਪੰਚ ਛਦੌੜੀ, ਲੈਕਚਰਾਰ ਰਜਿੰਦਰ ਕੁਮਾਰ, ਵਰਿੰਦਰ ਕੁਮਾਰ, ਰਾਜ ਕੁਮਾਰ ਮਾਲੇ-ਵਾਲ, ਕੈਪਟਨ ਤਰਸੇਮ ਸਿੰਘ ਖੁਰਦਾਂ, ਸੋਹਣ ਸਿੰਘ ਸੈਂਪਲਾ, ਸੁਰਿੰਦਰਪਾਲ ਸਿੰਘ, ਨਰੰਜਣਜੋਤ ਸਿੰਘ, ਗੁਰਦਿਆਲ ਮਾਨ, ਚਰਨਜੀਤ ਆਲੋਵਾਲ, ਚਮਨ ਲਾਲ ਸੜੋਆ, ਮਹਿੰਦਰ ਚੰਦ ਪੋਜੇਵਾਲ, ਸਮਸ਼ੇਰ ਸਿੰਘ ਪੋਜੇਵਾਲ, ਲਾਲ ਸਿੰਘ ਮਾਨ, ਮੋਹਣ ਲਾਲ ਖਰੌੜ, ਅਮਰਜੀਤ ਸਿੰਘ ਹਿਆਤਪੁਰ ਸਿੰਘਾ, ਗੁਰਦੀਪ ਸਿੰਘ, ਭੁਪਿੰਦਰ ਕੁਮਾਰ ਸੜੋਆ, ਸੁਰਜੀਤ ਲਾਲ ਨਾਨੋਵਾਲ ਅਤੇ ਜਗਮੋਹਣ ਸਿੰਘ ਨੌਰਦ ਵੀ ਹਾਜ਼ਰ ਸਨ।

**Postal Address of Desh Doaba : 5101 Doe Hollow Pl, Antelope,**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰੋਟਰੀ ਕਲੱਬ ਕਰਮਨ ਕੈਲੇਫੋਰਨੀਆ ਵੱਲੋਂ ਸਲਾਨਾ ਕ੍ਰਿਸਮਿਸ ਡਿਨਰ ਅਤੇ ਆਪਣੀ 67 ਵੀ ਵਰੇਗੰਢ ਮਨਾਈ ਗਈ





**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਕੈਲੇਫੋਰਨੀਆਂ ਦੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ 'ਰੋਟਰੀ ਕਲੱਬ ਕਰਮਨ' ਪਿਛਲੇ ਲੰਮੇ ਅਰਸੇ ਤੋਂ ਸਥਾਨਿਕ ਸੱਭਿਆਚਾਰਕ ਗਤੀਵਿਧੀਆਂ ਅਤੇ ਸਥਾਨਿਕ ਵਿਉਪਾਰਕ ਅਦਾਰਿਆਂ ਲਈ ਸਹਿਯੋਗੀ ਬਣ ਅੱਗੇ ਵੱਧ ਰਿਹਾ। ਇਸ ਸੰਸਥਾ ਦੁਆਰਾ ਕਰਮਨ ਸ਼ਹਿਰ ਵਿੱਚ ਹਰ ਸਾਲ ਖੇਤੀਬਾੜੀ ਦੀ ਕਟਾਈ ਅਤੇ ਝੜਾਈ ਖਤਮ ਹੋਣ 'ਤੇ ਸਲਾਨਾ ਕਰਮਨ ਹਾਰਵੈਸਟਰ ਫਿਸ਼ਟੀਵਲ, ਕ੍ਰਿਸਮਿਸ ਪਰੇਡ ਅਤੇ ਹੋਰ ਬਹੁਤ ਸਾਰੇ ਕਾਰਜ ਕੀਤੇ ਜਾਂਦੇ ਹਨ। ਇਸੇ ਮੇਲੇ ਵਿੱਚ ਪਿਛਲੇ ਦੋ ਸਾਲਾਂ ਤੋਂ ਕਿਰਨਜੋਤ ਕੌਰ ਢੇਸੀ ਦੇ ਉੱਦਮ ਅਤੇ ਗੁਲਬਿੰਦਰ ਗੈਰੀ ਢੇਸੀ ਦੀ ਪੂਰੀ 'ਪੰਜਾਬੀ ਸਿੱਖ ਕਮਿਊਨਟੀ' ਦੀ ਟੀਮ ਦੇ ਸਹਿਯੋਗ ਸਦਕਾ ਹਾਰਵੈਸਟ ਫਿਸਟੀਵਲ ਵਿੱਚ ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸਟੇਜ ਵੀ ਲੱਗਦੀ ਹੈ। ਜਿਸ ਵਿੱਚ ਰੋਟਰੀ ਕਲੱਬ ਕਰਮਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ। ਅਗਲੇ ਸਾਲ ਰੋਟਰੀ ਕਲੱਬ ਦੇ ਸਹਿਯੋਗ ਨਾਲ ਕਰਮਨ ਵਿੱਚ ਵਿਸਾਖੀ ਮੇਲਾ ਵੀ ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ।

ਬੀਤੇ ਦਿਨੀ ਰੋਟਰੀ ਕਲੱਬ ਕਰਮਨ ਵੱਲੋਂ ਆਪਣੇ 67 ਸਾਲ ਪੂਰੇ ਹੋਣ ਕੇਕ ਕੱਟਿਆ ਗਿਆ ਅਤੇ ਸਲਾਨਾ ਕ੍ਰਿਸਮਿਸ ਡਿਨਰ ਪਾਰਟੀ ਕੀਤੀ ਗਈ। ਇਸ ਸਮੇਂ ਰੋਟਰੀ ਕਲੱਬ ਦੇ ਸਮੂੰ ਮੈਂਬਰਾਂ ਨੇ ਪਹੁੰਚ ਕੇ ਜਿੱਥੇ ਸੁਆਦਿਸਟ ਖਾਣਿਆ ਦਾ ਅਨੰਦ ਮਾਣਿਆ, ਉੱਥੇ ਆਪਸੀ ਪਿਆਰਾ ਦੀ ਸਾਂਝ ਪਾਉਦੇ ਹੋਏ ਤੋਹਫੇ ਵੀ ਬਦਲੇ ਗਏ।

ਇਸ ਸਮੇਂ ਬੋਲਦੇ ਹੋਏ ਰੋਟਰੀ ਕਲੱਬ ਦੀ ਮੁੱਖ ਮੈਂਬਰ ਵੈਰੋਣਕਾ (Veronica) ਨੇ ਸਮੂੰਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਸਾਰੇ ਪ੍ਰਬੰਧਾ ਲਈ ਸਮੂੰਹ ਹਾਜ਼ਰੀਨ ਵਧਾਈ ਦੇ ਪਾਤਰ ਹਨ।

# ਪ੍ਰਵਾਸੀ ਪਿਆਰਾ ਸਿੰਘ ਸ਼ੇਖੂ ਪੁਰ ਨੇ ਅਮਰੀਕਾ ਤੋਂ ਪਿੰਡ ਪਹੁੰਚ ਕਰਿਆ ਪਰਉਪਕਾਰ !



**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਸ਼ੇਖੂ ਪੁਰ ਬਾਗ ਨਾਲ ਸਬੰਧਤ ਅਮਰੀਕਾ (ਨਿਊਜਰਸੀ) ਰਹਿੰਦੇ ਭਾਈ ਪਿਆਰਾ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਕਾਰਟ੍ਰੇਟ ਬੀਤੇ ਨਵੰਬਰ ਵਿਚ ਜਦੋਂ ਆਪਣੇ ਸਹੁਰੇ ਪਿੰਡ 'ਸੋਇਤਾ ਪ੍ਰਵਾਰ' ਵਿਚ ਹੋਏ ਇਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਵਾਸਤੇ ਪੰਜਾਬ ਗਏ ਤਾਂ ਉਹ ਆਪਣੇ ਇਲਾਕੇ ਦੇ ਸੰਤ ਂਕਾਰ ਸਿੰਘ ਚੈਰੀਟੇਬਲ ਹਸਪਤਾਲ ਮਹਿਤ ਪੁਰ-ਉਲੱਦਣੀ ਵਿਖੇ ਵੀ ਪਹੁੰਚੇ।ਉਨ੍ਹਾਂ ਉੱਥੇ ਆਪਣੇ ਸਵਰਗੀ ਮਾਤਾ-ਪਿਤਾ ਭਾਈ ਧਰਮ ਸਿੰਘ ਅਤੇ ਮਾਤਾ ਅਮਰ ਕੌਰ ਦੀ ਯਾਦ ਵਿਚ ਇੱਕ ਲੱਖ ਰੁਪਏ ਭੇਂਟ ਕੀਤੇ। ਇਸਦੇ ਨਾ਼ਲ ਹੀ ਉਨ੍ਹਾਂ ਅੱਖਾਂ ਦਾ ਫ੍ਰੀ ਕੈਂਪ ਆਯੋਜਤ ਕਰਵਾਇਆ ਜਿਸ ਦਾ 345 ਲੋੜਵੰਦ ਵਿਅਕਤੀਆਂ ਨੇ ਲਾਭ ਉਠਾਇਆ।

ਹਸਪਤਾਲ ਦੇ ਮੁੱਖ ਪ੍ਰਬੰਧਕ ਬਾਬਾ ਅਮਰੀਕ ਸਿੰਘ ਨੇ ਜਿੱਥੇ ਭਾਈ ਪਿਆਰਾ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਬੀਬੀ ਬਿਮਲ ਕੌਰ ਨੂੰ ਸਨਮਾਨਿਤ ਕੀਤੇ ਉੱਥੇ ਸਵਰਗੀ ਭਾਈ ਧਰਮ ਸਿੰਘ ਅਤੇ ਮਾਤਾ ਅਮਰ ਕੌਰ ਨੂੰ ਵੀ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਭਾਈ ਪਿਆਰਾ ਸਿੰਘ ਨੇ ਲੋਕ ਸੇਵਾ ਕਰਕੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ!

ਇਸ ਮੌਕੇ ਬੀਬੀ ਬਿਮਲ ਕੌਰ, ਸੰਤ ਅਮਰੀਕ ਸਿੰਘ, ਬਰਜਿੰਦਰ ਸਿੰਘ ਹੁਸੈਨਪੁਰ, ਹਰਦਿਆਲ ਸਿੰਘ, ਅਜੀਤ ਸਿੰਘ, ਬਲਬੀਰ ਸਿੰਘ, ਤਾਰਾ ਸਿੰਘ, ਸੰਤੋਖ ਸਿੰਘ ਸ਼ਿਵਾਲਿਕ ਹੋਟਲ, ਦਲੇਲ ਸਿੰਘ, ਨਿਰਮਲ ਸਿੰਘ ਥਾਂਦੀ, ਮਹਿੰਦਰ ਪਾਲ ਜਲਵਾਹਾ, ਸੁਰਜੀਤ ਸਿੰਘ, ਅਜਮੇਰ ਸਿੰਘ, ਹਰਪ੍ਰੀਤ ਸਿੰਘ,ਅਨੀਸ਼ ਕੁਮਾਰ, ਮਨਜੀਤ ਸਿੰਘ, ਡਾ: ਪਿਊਸ਼ ਚੋਪੜਾ ਐਮ।ਡੀ, ਡਾ: ਮਨਦੀਪ ਕੌਰ ਅੱਖਾਂ ਦੇ ਮਾਹਿਰ, ਡਾ: ਮਨਮੀਤ ਸਿੰਘ,ਡਾ: ਰਾਹੁਲ ਸੱਭਰਵਾਲ, ਡਾ: ਮਹਿਮਾ ਸੱਭਰਵਾਲ, ਡਾ: ਅਕਸ਼ਿਤਾ ਚੋਪੜਾ, ਡਾ: ਰੀਤਿਕਾ, ਡਾ: ਲਖਵਿੰਦਰ ਸਿੰਘ, ਹਰਪ੍ਰੀਤ ਸਿੰਘ ਟੈਕਨੀਸ਼ੀਅਨ ਆਦਿ ਸੱਜਣ ਵੀ ਹਾਜਰ ਸਨ!


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਫਰਿਜ਼ਨੋ 'ਚ ਕਰਵਾਇਆ ਗਿਆ ਪਹਿਲਾ ਮੈਂਟਲ ਹੈਲਥ ਸੈਮੀਨਰ









**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)** ਹਰਸਿਮਰਨ ਸਿੰਘ ਭੰਡਾਲ (MA, 4th year medical student) ਵੱਲੋ ਪੰਜਾਬੀ ਕਮਿਊਨਿਟੀ ਅੰਦਰ ਵੱਧ ਰਹੇ ਮੈਂਟਲ ਹੈਲਥ ਮੁੱਦਿਆਂ ਨੂੰ ਲੈਕੇ ਇੱਕ ਬੜਾ ਵਧੀਆ ਪ੍ਰੋਗਰਾਮ ਇੰਡੀਅਨ ਕਬਾਬ ਰੈਸਟੋਰੈਂਟ ਫਰਿਜ਼ਨੋ ਵਿਖੇ ਕਰਵਾਇਆ ਗਿਆ। ਜਿੱਥੇ ਉਸਦਾ ਸਾਥ ਦੇਣ ਲਈ ਹੋਰ ਪੰਜਾਬੀ ਡਾਕਟਰਾਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਹ ਆਪਣੀ ਕਿਸਮ ਦਾ ਫਰਿਜ਼ਨੋ ਵਿਖੇ ਪਹਿਲਾ ਮੈਂਟਲ ਹੈਲਥ ਨਾਲ ਸਬੰਧਤ ਪ੍ਰੋਗਰਾਮ ਸੀ। ਇਸ ਪ੍ਰੋਗਰਾਮ ਦਾ ਲਾਹਾ ਲੈਣ ਲਈ ਆਸ ਤੋ ਵੱਧ ਪੰਜਾਬੀ ਪਹੁੰਚੇ। ਇਸ ਦੌਰਾਨ ਹਰਸਿਮਰਨ ਸਿੰਘ ਭੰਡਾਲ ਨੇ ਡਾਕਟਰਾਂ ਦਾ ਇੱਕ ਪੈਨਲ ਬਣਾਇਆ। ਇਸ ਪੈਨਲ ਤੋਂ ਲੋਕ ਮੈਂਟਲ ਹੈਲਥ ਨੂੰ ਲੈਕੇ ਸਵਾਲ ਪੁੱਛ ਰਹੇ ਸਨ।



ਇਸ ਮੌਕੇ ਬੋਲਦਿਆਂ ਹਰਸਿਮਰਨ ਭੰਡਾਲ ਨੇ ਕਿਹਾ ਕਿ ਮੈਂਟਲ ਹੈਲਥ ਪੰਜਾਬੀ ਕਮਿਊਨਿਟੀ ਲਈ ਇੱਕ ਵੱਡਾ ਮੁੱਦਾ ਹੈ, ਇਸ ਬਾਰੇ ਗੱਲਬਾਤ ਕਰਨ ਤੋਂ ਪੰਜਾਬੀ ਕਮਿਊਨਿਟੀ ਵਿੱਚ ਬੜੀ ਵੱਡੀ ਝਿੱਜਕ ਹੈ। ਹੌਲੀ ਹੌਲੀ ਇਹ ਬਿਮਾਰੀ ਵੱਡਾ ਰੂਪ ਧਾਰਨ ਕਰ ਜਾਂਦੀ ਹੈ। ਜਿਹੜੀ ਕਿ ਬਾਅਦ ਵਿੱਚ ਬੜੀਆਂ ਵੱਡੀਆਂ ਮੁਸ਼ਕਲਾਂ ਪੈਦਾ ਕਰਦੀ ਹੈ। ਉਹਨਾਂ ਇਹਦੇ ਲੱਛਣਾਂ ਤੇ ਇਲਾਜ ਬਾਰੇ ਖੁੱਲਕੇ ਗੱਲਬਾਤ ਕੀਤੀ।

ਇਸ ਮੌਕੇ ਉਹਨਾਂ ਦਾ ਸਾਥ ਦੇਣ ਲਈ ਪੈਨਲ ਵਿੱਚ ਗੁਲਵੀਨ ਕੌਰ ਚੀਮਾ ਚਸੱ (ਕਲੀਨਿਕਲ ਸ਼ੋਸ਼ਲ ਵਰਕਰ ਅਤੇ ਥੈਰਪਿਸਟ), ਡਾ. ਸਿਮਰਨ ਕੌਰ ਮਾਨ (PHD, MPH, CHES ਪਬਲਿਕ ਹੈਲਥ ਰੀਸਚਰ), ਡਾ. ਜਗਮੀਤ ਕੌਰ ਚੰਨ (MD psycihatirst), ਜਗਦੀਪ ਬਰਾੜ (ਸ਼ੋਸ਼ਲ ਵਰਕਰ) ਆਦਿ ਸ਼ਾਮਲ ਸਨ। ਡਾ। ਹਰਸਿਮਰਨ ਸਿੰਘ ਭੰਡਾਲ ਜਿਹੜੇ ਕਿ ਪੀ.ਸੀ.ਏ. ਮੈਬਰ ਸ. ਸੁੱਖਬੀਰ ਸਿੰਘ ਭੰਡਾਲ ਦੇ ਬੇਟੇ ਹਨ।ਇਹ ਆਪ ਮੈਡੀਕਲ ਦੇ ਚੌਥੇ ਸਾਲ ਦੇ ਵਿਦਿਆਰਥੀ ਹਨ। ਇਹਨਾਂ ਨੇ ਅਗਲੇ ਚੌਹ ਮਹੀਨਿਆਂ ਵਿੱਚ (MPH , ਡਬਲ MD (ਸਾਈਕ ਅਤੇ ਇੰਨਟਰਨਲ ਮੈਡੀਸਨ) ਦੀ ਪੜ੍ਹਾਈ ਸਮਾਪਤ ਕਰ ਲੈਣੀ ਹੈ।

ਇਸ ਨੌਜਵਾਨ ਦਾ ਸੁਪਨਾ ਹੈ ਕਿ ਪੰਜਾਬੀਆਂ ਨੂੰ ਮੈਂਟਲ ਹੈ.ਲਥ ਤੋ ਜਾਣੂ ਕਰਵਾਇਆ ਜਾਵੇ ਤੇ ਇਹ ਸਮਾਗਮ ਇੱਕ ਸ਼ੁਰੂਆਤ ਸੀ, ਅਗਲਾ ਪ੍ਰੋਗਰਾਮ ਵੱਡੀ ਪੱਧਰ ਅਤੇ ਪੀ.ਸੀ.ਏ. ਦੇ ਸਹਿਯੋਗ ਨਾਲ ਜਲਦ ਦੁਬਾਰਾ ਫਰਿਜ਼ਨੋ ਵਿਖੇ ਕਰਵਾਇਆ ਜਾਵੇਗਾ।

## ਫਰਿਜ਼ਨੋ ਦੀ ਮਸ਼ਹੂਰ ਰਿਐਲਟਰ ਐਮੀਂ ਗਿੱਲ ਦਾ ਦੇਹਾਂਤ

(ਫਿਊਨਰਲ 14 ਦਸੰਬਰ ਦਿਨ ਸ਼ਨੀਵਾਰ ਨੂੰ ਸ਼ਾਂਤ ਭਵਨ ਵਿਖੇ 10 ਤੋਂ 12 ਵਜੇ ਦਰਮਿਆਨ)



**ਫਰਿਜ਼ਨੋ (ਕੈਲੀਫੋਰਨੀਆ) ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਫਰਿਜਨੋ ਦੇ ਪੰਜਾਬੀ ਭਾਈਚਾਰੇ ਅਤੇ ਗਿੱਲ ਪਰਿਵਾਰ ਨੂੰ ਪਿਛਲੇ ਦਿਨੀ ਉਸ ਵਕਤ ਗਹਿਰਾ ਸਦਮਾ ਲੱਗਾ, ਜਦੋਂ ਮਸ਼ਹੂਰ ਰਿਐਲਟਰ ਅਮਰਿੰਦਰ ਕੌਰ ਗਿੱਲ, ਜਿਸਨੂੰ ਸਾਰੇ ਪਿਆਰ ਨਾਲ ਐਮੀਂ ਗਿੱਲ ਕਹਿਕੇ ਬਲਾਉਂਦੇ ਸਨ, ਪਿਛਲੇ ਦਿਨੀ ਬੜੀ ਛੋਟੀ ਉਮਰ ਵਿੱਚ ਅਚਾਨਕ ਅਲਵਿਦਾ ਆਖ ਗਈ। ਉਹ ਆਪਣੇ ਪਿੱਛੇ ਦੋ ਧੀਆਂ ਉਮਰ 10 ਤੇ 5 ਸਾਲ ਅਤੇ ਪਿਆਰ ਕਰਨ ਵਾਲਾ ਪਤੀ ਛੱਡ ਗਈ। ਐਮੀਂ ਗਿੱਲ ਦੂਸਰਿਆ ਦੀ ਮੱਦਦ ਕਰਨ ਵਾਲੀ ਬਹੁਤ ਹੀ ਨਰਮ ਦਿਲ ਇਨਸਾਨ ਸੀ। ਐਮੀਂ ਗਿੱਲ ਜਿਸ ਨੂੰ ਇੱਕ ਵਾਰ ਮਿਲ ਲੈਂਦੀ ਸੀ, ਉਸਨੂੰ ਸਦਾ ਲਈ ਆਪਣਾ ਬਣਾ ਲੈਂਦੀ ਸੀ। ਜਿੱਥੇ ਐਮੀਂ ਦੇ ਅਚਾਨਕ ਵਿਛੋੜੇ ਕਾਰਨ ਗਿੱਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉਥੇ ਫਰਿਜਨੋ ਦਾ ਪੰਜਾਬੀ ਭਾਈਚਾਰਾ ਵੀ ਇੱਕ ਸੁੱਘੜ ਸਿਆਣੀ ਰਿਐਲਟਰ ਤੋਂ ਵਾਂਝਾ ਹੋ ਗਿਆ। ਐਮੀ ਗਿੱਲ ਦੀ ਦੇਹ ਦਾ ਅੰਤਿਮ ਸਸਕਾਰ ਮਿਤੀ 14 ਦਸੰਬਰ ਦਿਨ ਸ਼ਨੀਵਾਰ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਸਵੇਰਿ 10 ਤੋਂ ਦੁਪਿਹਰ 12 ਵਜੇ ਦਰਮਿਆਨ ਹੋਵੇਗਾ (4800 E Clayton Ave Fowler, ca 93625)। ਉਪਰੰਤ ਭੋਗ ਗੁਰਦਵਾਰਾ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪਵੇਗਾ (2630 N Locan Ave Fresno ca 93737)। ਫਰਿਜ਼ਨੋ ਦਾ ਸਮੂੰਹ ਪੰਜਾਬੀ ਭਾਈਚਾਰਾ ਗਿੱਲ ਪਰਿਵਾਰ ਦੇ ਇਸ ਅਤੀ ਦੁੱਖ ਦੇ ਵਿੱਚ ਸ਼ਰੀਕ, ਹਮਦਰਦੀ ਪ੍ਰਗਟ ਕਰਦਾ , ਗਹਿਰੇ ਦੁੱਖ ਵਿੱਚ ਹੈ। ਪ੍ਰਮਾਤਮਾਂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਗਿੱਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ਼ ਬਖਸ਼ੇ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਸੜਕ ਹਾਦਸੇ ਵਿਚ ਹੋਈ ਮੌਤ ਦੇ ਮਾਮਲੇ 'ਚ ਇਕ ਔਰਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਤਕਰੀਬਨ ਇਕ ਸਾਲ ਪਹਿਲਾਂ ਹੋਏ ਸੜਕ ਹਾਦਸੇ ਵਿਚ ਯੂਨੀਵਰਸਿਟੀ ਆਫ ਨਿਊ ਹੈਵਨ ਵਿਚ ਪੜਦੇ ਭਾਰਤੀ ਗਰੈਜੂਏਟ ਵਿਦਿਆਰਥੀ ਪ੍ਰੀਯੰਸ਼ੂ ਅਗਰਵਾਲ (23) ਦੀ ਹੋਈ ਮੌਤ ਦੇ ਮਾਮਲੇ ਵਿਚ ਪੁਲਿਸ ਵੱਲੋਂ 41 ਸਾਲਾ ਔਰਤ ਜਿਲ ਔਜਲੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਲੰਬੀ ਜਾਂਚ ਉਪਰੰਤ ਔਰਤ ਦੀ ਗ੍ਰਿਫਤਾਰੀ ਸੰਭਵ ਹੋਈ ਹੈ। ਉਸ ਵਿਰੁੱਧ ਜਿੰਮੇਵਾਰੀ ਨਾ ਨਿਭਾਉਣ ਕਾਰਨ ਹੋਈ ਮੌਤ ਦੇ ਦੋਸ਼ ਲਾਏ ਗਏ ਹਨ। ਅਗਰਵਾਲ ਜੋ ਮੂਲ ਰੂਪ ਵਿਚ ਦਿ ਲੀ, ਰਾਜਸਥਾਨ ਦਾ ਰਹਿਣ ਵਾਲਾ ਸੀ, 2022 ਵਿਚ ਮਾਸਟਰ ਡਿਗਰੀ ਕਰਨ ਲਈ ਅਮਰੀਕਾ ਆਇਆ ਸੀ। ਉਹ ਆਪਣੀ ਪੜਾਈ ਮੁਕੰਮਲ ਕਰਨ ਦੇ ਨੇੜੇ ਸੀ ਤੇ ਨੌਕਰੀ ਲੱਭ ਰਿਹਾ ਸੀ ਜਦੋਂ ਇਹ ਦੁੱਖਦਾਈ ਹਾਦਸਾ ਵਾਪਰ ਗਿਆ। 18 ਅਕਤੂਬਰ 2023 ਨੂੰ ਵਾਪਰੇ ਹਾਦਸੇ ਵਿਚ ਅਗਰਵਾਲ ਜਦੋਂ ਇਕ ਇਲੈਕਟ੍ਰਿਕ ਸਕੂਟਰ 'ਤੇ ਜਾ ਰਿਹਾ ਸੀ ਤਾਂ ਇਕ ਕਾਰ ਨੇ ਉਸ ਵਿਚ ਟੱਕਰ ਮਾਰ ਦਿੱਤੀ ਸੀ ਤੇ ਕਾਰ ਚਾਲਕ ਰੁਕਣ ਦੀ ਬਜਾਏ ਕਾਰ ਭਜਾ ਕੇ ਲੈ ਗਿਆ ਸੀ। ਉਸ ਨੂੰ ਯੇਲ ਨਿਊ ਹੈਵਨ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ ਸੀ।



ਪੁਲਿਸ ਮੁਖੀ ਕਾਰਲ ਜੈਕੋਬਸਨ ਨੇ ਕਿਹਾ ਹੈ ਕਿ ਸ਼ੁਰੂ ਵਿਚ ਸਬੂਤਾਂ ਦੀ ਘਾਟ ਕਾਰਨ ਔਜਲੀ ਵਿਰੁੱਧ ਮਾਮਲਾ ਦਾਇਰ ਨਹੀਂ ਸੀ ਕੀਤਾ ਜਾ ਸਕਿਆ। ਜਾਂਚਕਾਰਾਂ ਨੂੰ ਉਸ ਦੇ ਸੈਲਫੋਨ ਤੋਂ ਵਿਸ਼ੇਸ਼ ਜੀ ਪੀ ਐਸ ਵੇਰਵਾ ਮਿਲਿਆ ਜਿਸ ਤੋਂ ਪਤਾ ਲੱਗਾ ਕਿ ਹਾਦਸੇ ਵਿਚ ਉਸ ਦੀ ਕਾਰ ਹੀ ਸ਼ਾਮਿਲ ਸੀ। ਇਸ ਤੋਂ ਇਲਾਵਾ ਫੌਰੈਂਸਿਕ ਜਾਂਚ ਵਿਚ ਵੀ ਉਸ ਦੀ ਕਾਰ ਉਪਰ ਅਗਰਵਾਲ ਦੇ ਡੀ ਐਨ ਏ ਦੀ ਪੁਸ਼ਟੀ ਹੋਣ ਉਪਰੰਤ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਗਰਵਾਲ ਦੇ ਪਰਿਵਾਰ ਦਾ ਕਹਿਣਾ ਹੈ ਕਿ ਜੇਕਰ ਔਜਲੀ ਕਾਰ ਰੋਕ ਕੇ ਅਗਰਵਾਲ ਦੀ ਮੱਦਦ ਕਰਦੀ ਤਾਂ ਸ਼ਾਇਦ ਉਹ ਬੱਚ ਜਾਂਦਾ। ਇਥੇ ਜਿਕਰਯੋਗ ਹੈ ਕਿ ਵੱਡੀ ਘਟਨਾ ਵਾਪਰਨ ਜਾਣ ਦੇ ਬਾਵਜੂਦ ਅਗਰਵਾਲ ਦੇ ਪਰਿਵਾਰ ਨੇ ਉਸ ਦਾ ਦਿੱਲ ਦਾਨ ਕਰ ਦਿੱਤਾ ਸੀ।

# ਨੇਬਰਾਸਕਾ ਦੀ ਰਾਜਧਾਨੀ ਵਿਚ ਗਵਰਨਰ ਦੇ ਦਫਤਰ ਵਿਚ ਮਹਾਤਮਾ ਗਾਂਧੀ ਦੀ ਮੂਰਤੀ ਸਥਾਪਿਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਨੇਬਰਾਸਕਾ ਰਾਜ ਦੀ ਰਾਜਧਾਨੀ ਲਿਨਕੋਲਨ ਵਿਚ ਮਹਾਤਮਾ ਗਾਂਧੀ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ। ਗਵਰਨਰ ਦੇ ਦਫਤਰ ਵਿਚ ਕਾਂਸੀ ਦੀ ਮੂਰਤੀ ਤੋਂ ਪਰਦਾ ਹਟਾਉਣ ਦੀ ਰਸਮ ਮੌਕੇ ਗਵਰਨਰ ਪਿਲੇਨ, ਭਾਰਤੀ ਕੌਂਸਲ ਜਨਰਲ ਪ੍ਰਕਾਸ਼ ਗੁਪਤਾ ਤੇ ਹੋਰ ਅਹਿਮ ਸ਼ਖਸ਼ੀਅਤਾਂ ਹਾਜਰ ਸਨ। ਇਸ ਮੌਕੇ ਹੋਏ ਸਮਾਗਮ ਵਿਚ ਹਰ ਸਾਲ ਸਮੁੱਚੇ ਰਾਜ ਵਿਚ 6 ਦਸੰਬਰ ਨੂੰ ਸਰਕਾਰੀ ਪੱਧਰ 'ਤੇ ਮਹਾਤਮਾ ਗਾਂਧੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਸਮਾਗਮ ਵਿਚ ਬੁਲਾਰਿਆਂ ਨੇ ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਖਾਸ ਤੌਰ 'ਤੇ ਉਨਾਂ ਦੇ ਅਹਿੰਸਾਵਾਦੀ ਸਿਧਾਂਤ ਦੀ ਅੱਜ ਦੇ ਸਮੇ ਵਿਚ ਲੋੜ ਉਪਰ ਜੋਰ ਦਿੱਤਾ। ਗਵਰਨਰ ਨੇ ਕਿਹਾ ਕਿ ਇਹ ਮੂਰਤੀ ਸਾਨੂੰ ਮਹਾਤਮਾ ਦੀਆਂ ਸਿੱਖਿਆਵਾਂ ਨੂੰ ਯਾਦ ਕਰਵਾਉਂਦੀ ਰਹੇਗੀ। ਉਨਾਂ ਕਿਹਾ ਕਿ ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਅਪਣਾ ਕੇ ਸਮਾਜ ਵਿਚ ਅਮਨ ਤੇ ਭਾਈਚਾਰੇ ਨੂੰ ਬੜਾਵਾ ਦਿੱਤਾ ਜਾ ਸਕਦਾ ਹੈ। ਲੈਫਟੀਨੈਂਟ ਗਵਰਨਰ ਜੋਇ ਕੈਲੀ ਤੇ ਸਾਬਕਾ ਨੇਬਰਾਸਕਾ ਸੈਨਟ ਮੈਂਬਰ ਬੇਨ ਨੈਲਸਨ ਨੇ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਬਾਰੇ ਬੋਲਦਿਆਂ ਕਿਹਾ ਕਿ ਉਨਾਂ ਦੀ ਅਹਿੰਸਾ ਤੇ ਅੰਦੋਲਨ ਸਤਿਆਗ੍ਰਹਿ ਪ੍ਰਤੀ ਪਹੁੰਚ ਅੱਜ ਦੀਆਂ ਚੁਣੌਤੀਆਂ ਨੂੰ ਹੱਲ ਕਰ ਸਕਦੀ ਹੈ। ਸਮਾਗਮ ਵਿਚ ਕਾਫੀ ਗਿਣਤੀ ਵਿਚ ਭਾਰਤੀ ਅਮਰੀਕੀ ਭਾਈਚਾਰੇ ਦੇ ਲੋਕ ਵੀ ਹਾਜਰ ਸਨ।



# ਕੈਲੀਫੋਰਨੀਆ ਵਿਚ ਪਾਲਤੂ ਕੁੱਤਿਆਂ ਨੇ 5 ਸਾਲਾ ਬੱਚੀ ਦੀ ਲਈ ਜਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਕੈਲੀਫੋਰਨੀਆ ਵਿਚ ਇਕ ਪਰਿਵਾਰ ਦੇ ਪਾਲਤੂ ਕੁੱਤਿਆਂ ਵੱਲੋਂ ਹਮਲਾ ਕਰਕੇ 5 ਸਾਲ ਦੀ ਬੱਚੀ ਨੂੰ ਮਾਰ ਦੇਣ ਤੇ ਇਕ ਹੋਰ ਵਿਅਕਤੀ ਨੂੰ ਜ਼ਖਮੀ ਕਰ ਦੇਣ ਦੀ ਖਬਰ ਹੈ। ਲਾਸ ਏਂਜਲਸ ਕਾਊਂਟੀ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਲੂਇਸ ਗਾਰਸੀਆ ਨੇ ਕਿਹਾ ਹੈ ਕਿ ਇਹ ਘਟਨਾ ਦੁਪਹਿਰ 12.05 ਵਜੇ ਕੋਵਿਨਾ ਵਿਖੇ ਵਾਪਰੀ ਜਿਥੇ ਰੋਟਵੀਲਰ ਨਸਲ ਦੇ ਦੋ ਕੁੱਤਿਆਂ ਨੇ ਘਰ ਦੇ ਪਿਛਵਾੜੇ ਵਿਚ ਖੇਡ ਰਹੀ ਬੱਚੀ ਉਪਰ ਅਚਾਨਕ ਹਮਲਾ ਕਰ ਦਿੱਤਾ। ਉਸ ਸਮੇਂ ਲੜਕੀ ਦਾ ਪਿਤਾ ਵੀ ਮੌਕੇ 'ਤੇ ਹਾਜਰ ਸੀ ਜਿਸ ਨੇ ਬੱਚੀ ਨੂੰ ਬਚਾਉਣ ਦਾ ਯਤਨ ਕੀਤਾ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੇ ਲੈਫਟੀਨੈਂਟ ਸਟੀਵ ਡੀ ਜਾਂਗ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਲੜਕੀ ਕੁੱਤਿਆਂ ਨੇ ਨਾਲ ਹੀ ਖੇਡ ਕੇ ਵੱਡੀ ਹੋਈ ਸੀ। ਉਨਾਂ ਕਿਹਾ ਕਿ ਕਿਸੇ ਵੱਲੋਂ ਫੋਨ ਕਰਨ ਉਪਰੰਤ 12.15 ਵਜੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਜਿਨਾਂ ਨੇ ਲੜਕੀ ਨੂੰ ਹਸਪਤਾਲ ਪਹੁੰਚਾਇਆ ਜਿਥੇ ਲੜਕੀ ਦਮ ਤੋੜ ਗਈ।

ਉਨਾਂ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਘਟਨਾ ਹੈ ਤੇ ਘਟਨਾ ਉਪਰੰਤ ਲੜਕੀ ਦਾ ਪਿਤਾ ਸਦਮੇ ਵਿਚ ਹੈ। ਉਨਾਂ ਹੋਰ ਕਿਹਾ ਕਿ ਪੁਲਿਸ ਨੂੰ ਘਟਨਾ ਸਬੰਧੀ ਕਿਸੇ ਉਪਰ ਵੀ ਸ਼ੱਕ ਨਹੀਂ ਹੈ ਤੇ ਇਹ ਇਕ ਅਚਾਨਕ ਵਾਪਰੀ ਘਟਨਾ ਹੈ।

# ਅਰਜਨ ਐਵਾਰਡੀ ਓਲੰਪੀਅਨ ਸ. ਰਜਿੰਦਰ ਸਿੰਘ ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਦੇ ਡਾਇਰੈਕਟਰ ਨਿਯੁਕਤ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**– ਹਾਕੀ ਖੇਡ ਨੂੰ ਵਿਸ਼ਵ ਪੱਧਰ ਤੇ ਪ੍ਰਫੁੱਲਤ ਕਰਨ ਲਈ ਪੰਜਾਬ ਦੇ ਹੋਣਹਾਰ ਖਿਡਾਰੀਆਂ ਵਲੋਂ ਸਥਾਪਤ ਕੀਤੀ ਗਈ ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਨੇ ਆਪਣੇ ਦਾਇਰੇ ਨੂੰ ਹੋਰ ਵੀ ਮਜਬੂਤ ਕਰਨ ਹਿੱਤ ਅਰਜਨ ਐਵਾਰਡੀ ਅਤੇ ਦਰੋਣਾਚਾਰੀਆ ਐਵਾਰਡੀ ਹਾਕੀ ਦੀ ਪ੍ਰਸਿੱਧ ਸ਼ਖਸ਼ੀਅਤ ਲੰਪੀਅਨ ਸ. ਰਜਿੰਦਰ ਸਿੰਘ ਨੂੰ ਮਾਸਟਰ ਹਾਕੀ ਐਸੋਸੀਏਸ਼ਨ ਦਾ ਡਾਇਰੈਕਟਰ ਚੁਣਿਆ ਹੈ। ਪ੍ਰੈਸ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕੁਲਵੰਤ ਯੂ ਕੇ ਨੇ ਦੱਸਿਆ ਕਿ ਲੰਪੀਅਨ ਰਜਿੰਦਰ ਸਿੰਘ ਨੂੰ ਇਸ ਨਿਯੁਕਤੀ ਤੇ ਸਮੁੱਚੀ ਮਾਸਟਰ ਹਾਕੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਸਾਰੇ ਮੈਂਬਰਾਂ ਵਲੋਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਆਸ ਜਤਾਈ ਗਈ ਇਸ ਵੱਡੀ ਜਿੰਮੇਵਾਰੀ ਨੂੰ ਲੰਪੀਅਨ ਰਜਿੰਦਰ ਸਿੰਘ ਬਾਖੂਬੀ ਨਿਭਾਉਣਗੇ। ਪੰਜਾਬ ਮਾਸਟਰ ਹਾਕੀ ਐਸੋਸੀਏਸ਼ਨ ਦੀ ਬਾਗਡੋਰ ਰਜਿੰਦਰ ਸਿੰਘ ਲੰਪੀਅਨ ਨੂੰ ਸੌਂਪ ਦਿੱਤੀ ਗਈ ਹੈ ਜੋ ਹੁਣ ਇਸ ਐਸੋਸੀਏਸ਼ਨ ਦਾ ਕਾਰਜਭਾਰ ਸਾਂਭਣਗੇ ਅਤੇ ਖਿਡਾਰੀਆਂ ਨੂੰ ਹੋਰ ਵੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਸੁਰਜੀਤ ਸਟੇਡੀਅਮ ਬਰਟਨ ਪਾਰਕ ਜਲੰਧਰ ਵਿਚ ਵਰ ਫਿਫਟੀ ਅਤੇ ਵਰ ਫੋਰਟੀ ਦਾ ਫਰੈਂਡਲੀ ਮੈਚ ਖੇਡਿਆ ਗਿਆ, ਜਿਨਾਂ ਨੂੰ ਲੰਪੀਅਨ ਰਜਿੰਦਰ ਸਿੰਘ ਨੇ ਆਪਣਾ ਆਸ਼ੀਰਵਾਦ ਦਿੰਦਿਆਂ ਉਹਨਾਂ ਦੇ ਚੰਗੇ ਖੇਡ ਪ੍ਰਦਰਸ਼ਨ ਦੀ ਸਰਾਹਨਾ ਕੀਤੀ। ਇਸ ਮੌਕੇ ਗੁਰਮੁੱਖ ਸਿੰਘ ਪ੍ਰਧਾਨ, ਪਲਵਿੰਦਰ ਸਿੰਘ ਚੇਅਰਮੈਨ, ਕਿਰਪਾਲ ਸਿੰਘ ਸੈਕਟਰੀ ਨੇ ਲੰਪੀਅਨ ਰਾਜਿੰਦਰ ਸਿੰਘ ਨੂੰ ਜੀ ਆਇਆ ਕਰਦਿਆਂ ਉਨਾਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਹੁਣ ਪਹਿਲਾਂ ਨਾਲੋਂ ਵੀ ਬਿਹਤਰ ਪ੍ਰਦਰਸ਼ਨੀ ਕਰਦਿਆਂ ਹਾਕੀ ਖੇਡ ਨੂੰ ਪ੍ਰਫੁੱਲਤ ਕਰੇਗੀ।



# ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਟੂਰਿਜ਼ਮ 'ਤੇ ਪੁਰਾਤੱਤਵ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਇਤਿਹਾਸਕ ਦੀਵਾਨ ਟੋਡਰ ਮੱਲ ਹਵੇਲੀ ਨੂੰ ਮੁੜ ਬਹਾਲ ਕਰਨ ਅਤੇ ਇਸ ਦੀ ਸਾਂਭ ਸੰਭਾਲ ਲਈ ਸਾਰੀਆਂ ਰੁਕਾਵਟਾਂ ਦੂਰ ਕਰਨ ਦਾ ਸੱਦਾ ਦਿੱਤਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਇੱਕ ਉਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਪੀਕਰ ਸੰਧਵਾਂ ਨੇ ਇਸ ਕੀਮਤੀ ਇਤਿਹਾਸਕ ਧਰੋਹਰ ਨੂੰ ਸੰਭਾਲਣ ਲਈ ਇੱਕਜੁੱਟ ਮੋਰਚੇ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਦੀ ਡੂੰਘੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੇ ਹੋਏ, ਸ. ਸੰਧਵਾਂ ਨੇ ਦੀਵਾਨ ਟੋਡਰ ਮੱਲ ਦੀ ਬੇਮਿਸਾਲ ਬਹਾਦਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਸਨਮਾਨਯੋਗ ਅੰਤਿਮ ਸੰਸਕਾਰ ਨੂੰ ਯਕੀਨੀ ਬਣਾਉਣ ਲਈ ਮੁਗਲ ਸ਼ਾਹੀ ਫ਼ਰਮਾਨਾਂ ਦੀ ਉਲੰਘਣਾ ਨੂੰ ਯਾਦ ਕੀਤਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਮਾਰਕ ਨੂੰ ਸੰਭਾਲਣਾ ਸਿਰਫ਼ ਇੱਟਾਂ ਨੂੰ ਸੰਭਾਲਣਾ ਨਹੀਂ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਾਸਤ ਸੌਂਪਣਾ ਹੈ। ਜਿਸ ਨਾਲ ਉਨ੍ਹਾਂ ਵਿੱਚ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਮਾਣ ਪੈਦਾ ਕਰਨਾ ਹੈ। ਸਪੀਕਰ ਨੇ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਵੱਲੋਂ ਆਪਣੇ ਮਿਸ਼ਨ ਵਿੱਚ ਕੋਈ ਕਸਰ ਬਾਕੀ ਨਾ ਛੱਡਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਦੀ ਬਹਾਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਅਤੇ ਪੰਜਾਬ ਸੈਰ ਸਪਾਟਾ ਅਤੇ ਪੁਰਾਤੱਤਵ ਵਿਭਾਗ ਵੱਲੋਂ ਸਹਿਯੋਗ ਦਿੱਤਾ ਜਾਵੇਗਾ। ਉਸਨੇ ਜ਼ੋਰ ਦੇ ਕੇ ਕਿਹਾ ਕਿ ਬਹੁਤ ਸਾਰੇ ਲੋਕਾਂ ਦੇ ਸਹਿਯੋਗ ਨਾਲ ਕੰਮ ਸੌਖਾ ਹੋ ਜਾਂਦਾ ਹੈ ਅਤੇ ਇਸ ਮੀਲ ਪੱਥਰ ਨੂੰ ਸੁਰੱਖਿਅਤ ਕਰਨ ਲਈ ਸਮੂਹਿਕ ਦ੍ਰਿੜਤਾ ਦੀ ਲੋੜ ਹੋਵੇਗੀ। ਹੈਰੀਟੇਜ ਫਾਊਂਡੇਸ਼ਨ ਦੇ ਪ੍ਰਧਾਨ ਸ. ਲਖਵਿੰਦਰ ਸਿੰਘ ਕਾਹਨੇ ਕੇ ਨੇ ਭਰੋਸਾ ਪ੍ਰਗਟਾਇਆ ਕਿ ਰਣਨੀਤਕ ਸਹਿਯੋਗ ਅਤੇ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵੱਲੋਂ ਹਰੀ ਝੰਡੀ ਮਿਲਣ ਨਾਲ ਇਹ ਹਵੇਲੀ ਜਲਦੀ ਹੀ ਆਪਣੀ ਪੁਰਾਣੀ ਸ਼ਾਨ ਮੁੜ ਬਹਾਲ ਕਰ ਲਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਬਹਾਲੀ ਨਾਲ ਸਿੱਖ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਦੇ ਇੱਕ ਅਹਿਮ ਅਧਿਆਏ ਨੂੰ ਸੰਭਾਲਦੇ ਹੋਏ ਇਸਦੀ ਮੂਲ ਭਵਨ ਨਿਰਮਾਣ ਕਲਾ ਦਾ ਸਨਮਾਨ ਕੀਤਾ ਜਾਵੇਗਾ। ਮੀਟਿੰਗ ਵਿੱਚ ਮਾਹਰ ਇੰਜਨੀਅਰਾਂ ਨੇ ਆਪਣੀ ਸੁਚੱਜੀ ਬਹਾਲੀ ਦੀ ਯੋਜਨਾ ਪੇਸ਼ ਕੀਤੀ। ਉਨ੍ਹਾਂ ਨੇ ਐਸ.ਜੀ.ਪੀ.ਸੀ. ਅਤੇ ਸੈਰ-ਸਪਾਟਾ ਅਤੇ ਪੁਰਾਤੱਤਵ ਵਿਭਾਗ ਦੇ ਨੁਮਾਇੰਦਿਆਂ ਨਾਲ ਡੂੰਘਾਈ ਨਾਲ ਤਕਨੀਕੀ ਵਿਚਾਰ-ਵਟਾਂਦਰਾ ਕੀਤਾ, ਹਰ ਕੋਣ ਤੋਂ ਸਮਾਰਕ ਦੀਆਂ ਇਤਿਹਾਸਕ ਅਤੇ ਆਰਕੀਟੈਕਚਰ ਦੀਆਂ ਬਾਰੀਕੀਆਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੈਰ ਸਪਾਟਾ ਤੇ ਪੁਰਾਤੱਤਵ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਤੇ ਪੁਰਾਤੱਤਵ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਅੰਮ੍ਰਿਤ ਸਿੰਘ, ਡਿਪਟੀ ਕਮਿਸ਼ਨਰ ਸ੍ਰੀ ਫ਼ਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ, ਸੀਨੀਅਰ ਪੁਲਿਸ ਕਪਤਾਨ ਡਾ. ਰਵਜੋਤ ਕੌਰ ਗਰੇਵਾਲ, ਨਾਭਾ ਰਿਆਸਤ ਦੀ ਮਹਾਰਾਣੀ ਪ੍ਰੀਤੀ ਸਿੰਘ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਅਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ ਸਮੇਤ ਸ. ਸ਼੍ਰੋਮਣੀ ਕਮੇਟੀ, ਪੰਜਾਬ ਸੈਰ ਸਪਾਟਾ ਅਤੇ ਪੁਰਾਤੱਤਵ ਵਿਭਾਗ ਅਤੇ ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਪੰਜਾਬ ਦੇ ਮੈਂਬਰ ਹਾਜ਼ਰ ਸਨ।



# 34 ਵੇਂ ਸਰਦਾਰ ਮੁਹੰਮਦ ਯਾਦਗਾਰੀ ਸੰਗੀਤ ਮੇਲੇ ਵਿੱਚ ਪ੍ਰਸਿੱਧ ਕਲਾਕਾਰਾਂ ਨੇ ਲਗਾਈ ਹਾਜਰੀ

ਪ੍ਰਸਿੱਧ ਸੰਗੀਤਕਾਰ ਸਰਦਾਰ ਮੁਹੰਮਦ ਅਤੇ ਗੁਲਜਾਰ ਮੁਹੰਮਦ ਦੀ ਯਾਦ ਚ ਕਰਵਾਏ ਜਾ ਰਹੇ 34ਵਾਂ ਸੰਗੀਤ ਮੇਲਾ ਟਰੱਸਟ, ਸਮੂੰਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਟਰੱਸਟ ਦੇ ਪ੍ਰਧਾਨ ਲੋਕ ਗਾਇਕ ਬੂਟਾ ਮੁਹੰਮਦ ਦੀ ਯੋਗ ਅਗਵਾਈ ਵਿਚ ਕਰਵਾਇਆ ਗਿਆ ਇਸ ਸੰਗੀਤ ਮੇਲੇ ਦਾ ਉਦਘਾਟਨ ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਜਲ ਸਰੋਤ ਵਿਭਾਗ ਪੰਜਾਬ ਤੇ ਹਲਕਾ ਇੰਚਾਰਜ ਬੰਗਾ ਨੇ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਕੀਤਾ ਤੇ ਇਸ ਸੰਗੀਤ ਮੇਲੇ ਦੋਰਾਨ ਸੰਗੀਤ ਜਗਤ ਦੇ ਨਾਮਵਰ ਕਲਾਕਾਰਾਂ ,ਨੇ ਆਪਣੇ ਹਿਟ ਗੀਤ ਗਾਏ ਇਸ ਮੇਲੇ ਨੂੰ ਸੰਬੋਧਨ ਕਰਦਿਆ ਕੁਲਜੀਤ ਸਿੰਘ ਸਰਹਾਲ ਇੰਚਾਰਜ ਬੰਗਾ ਨੇ ਆਖਿਆ ਕਿ ਹਰ ਸਾਲ ਸੰਗੀਤਕਾਰ ਫਨਕਾਰਾਂ ਦੀ ਯਾਦ ਚ ਮੇਲਾ ਕਰਵਾਉਣਾ ਬਹੁਤ ਵੱਡੀ ਗੱਲ ਹੈ ੀ ਉਨਾਂ ਕਿਹਾ ਸਰਦਾਰ ਮੁਹੰਮਦ ਨੇ ਜਿਥੇ ਮੰਡਲ ਸਾਜ ਦੀ ਕਾਂਢ ਕੱਢੀ ਉਥੇ ਆਜ਼ਾਦੀ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਭਾਈ ਲਾਲ ਨੇ ਭਾਈ ਚਾਂਦ ਨਾਲ ਕੀਰਤਨ ਵੀ ਕੀਤਾ ੀ ਉਨਾਂ ਦੇ ਸੰਗੀਤ ਦੇ ਖੇਤਰ ਦਾ ਅਨੇਕਾਂ ਸ਼ਾਗਿਰਦ ਹਨ ਜਿਨਾਂ ਨੇ ਕੌਮਾਂਤਰੀ ਪੱਧਰ ਤੇ ਬਹੁਤ ਨਾਮ ਕਮਾਇਆ ਇਸ ਮੌਕੇ ਸਰਹਾਲ ਨੇ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਲੱਖ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਤੇ ਸਰਦਾਰ ਮੁਹੰਮਦ ਯਾਦਗਾਰੀ ਸੰਗੀਤ ਮੇਲਾ ਦੇਰ ਰਾਤ ਤੱਕ ਚੱਲਿਆ ਇਸ ਮੇਲੇ ਚ ਰਾਜ ਗਾਇਕ ਹੰਸ ਰਾਜ ਹੰਸ ਨੇ ਸਮਾਂ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ ਹੰਸ ਰਾਜ ਹੰਸ ਨੇ ਸੰਗੀਤ ਫਨਕਾਰਾਂ ਨੂੰ ਯਾਦ ਕੀਤਾ ਉਨਾਂ ਆਖਿਆ ਕਿ ਮੇਰੇ ਉਸਤਾਦ ਪੂਰਨ ਸ਼ਾਹਕੋਟੀ ਵੀ ਸਰਦਾਰ ਮੁਹੰਮਦ ਦੇ ਸ਼ਾਗਿਰਦ ਸਨ ਇਸ ਸੰਗੀਤ ਮੇਲੇ ਨੂੰ ਸਫਲ ਬਣਾਉਣ ਲਈ ਟਰੱਸਟ ਦੇ ਪ੍ਰਧਾਨ ਲੋਕ ਗਾਇਕ ਬੂਟਾ ਮੁਹੰਮਦ ਨੇ ਸਮੂੰਹ ਕਲਾਕਾਰ ਸਾਹਿਬਾਨ, ਪ੍ਰਸ਼ਾਸਨਿਕ ਅਧਿਕਾਰੀ,ਰਾਜਨੀਤਕ, ਸਮਾਜਿਕ, ਸਭਿਆਚਾਰਕ, ਧਾਰਮਿਕ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਟੇ ਆਖਿਆ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇ ਵਿਚ ਇਹ ਕਾਰਜ ਆਪ ਸਭ ਦੇ ਸਹਿਯੋਗ ਨਾਲ ਚੱਲਦੇ ਰਹਿਣਗੇ ਇਸ ਮੌਕੇ ਬਿਪਨ ਭੰਡਾਰੀ ਐਸਡੀਐਮ ਬੰਗਾ, ਹਰਜੀਤ ਸਿੰਘ ਰਾਏ ਡੀਐਸਪੀ ਬੰਗਾ, ਦਲਜੀਤ ਸਿੰਘ ਡੀਐਸਪੀ ਨਵਾਂਸ਼ਹਿਰ, ਬਲਵੀਰ ਕਰਨਾਣਾ ਚੇਅਰਮੈਨ ਮਾਰਕਿਟ ਕਮੇਟੀ ਬੰਗਾ, ਇੰਜੀ. ਪਵਨ ਬੀਸਲਾ ਡਿਪਟੀ ਚੀਫ ਇੰਜੀਨੀਅਰ, ਇੰਜੀਨੀਅਰ ਨਰਿੰਦਰ ਬੰਗਾ, ਜਸਵੀਰ ਸਿੰਘ ਨੂਰਪੁਰ, ਦੇਸਰਾਜ ਬੰਗਾ, ਸੋਮ ਥਿੰਦ, ਜੀਤ ਬਾਬਾ ਬੈਲਜੀਅਮ, ਸਾਈ ਪੱਪਲ ਸ਼ਾਹ ਭਰੋਮਜਾਰਾ, ਕੁਲਵੰਤ ਸਿੰਘ ਸਾਬਕਾ ਜਿਲਾ ਪੁਲਿਸ ਮੁਖੀ, ਜਸਵੀਰ ਸਿੰਘ ਰਾਏ ਸਾਬਕਾ ਐਸਪੀ, ਸਰਪੰਚ ਮਨਿੰਦਰ ਕੌਰ ਨੂਰਪੁਰ, ਬਾਬਾ ਸੁਖਵਿੰਦਰ ਸਿੰਘ ਮੰਗਾ ਝਿੰਗੜਾ, ਬਹਾਦਰ ਸਿੰਘ ਯੂਕੇ,ਪਵਨਜੀਤ ਸਿੱਧੂ ਗੁਣਾਚੌਰ, ਲਖਵਿੰਦਰ ਸਾਬੀ, ਮਨਦੀਪ ਸਿੰਘ ਕਲੇਰ, ਗੁਰਸੇਵਕ ਸਿੰਘ ਧਾਲੀਵਾਲ, ਸੁਲਤਾਨ ਮੁਹੰਮਦ, ਅਮਨਦੀਪ ਬੰਗਾ, ਜਗਜੀਤ ਸਿੰਘ ਸੋਢੀ, ਕਮਲਜੀਤ ਬੰਗਾ, ਨੂਰ ਮੁਹੰਮਦ, ਰਾਜਾ ਸਾਬਰੀ, ਅਮਨਦੀਪ ਸਿੰਘ ਕਲੇਰ, ਗਿਆਨ ਸਿੰਘ ਸਾਬਕਾ ਸਰਪੰਚ, ਦਲਜੀਤ ਕੌਰ ਸਾਬਕਾ ਸਰਪੰਚ, ਗੁਰਦਿਆਲ ਤੇ ਇਲਾਕੇ ਦੀਆ ਮਾਣਮੱਤੀਆਂ ਸ਼ਖਸ਼ੀਅਤਾਂ ਹਾਜ਼ਰ ਸਨ।



# 'ਕੋਹਿਨੂਰ ਫੋਕ ਆਰਟਸ ਕਲੱਬ' ਵਲੋਂ ਆਪਣੇ ਸਲਾਨਾ ਪ੍ਰੋਗਰਾਮ ਦਾ ਆਯੋਜਨ 'ਬੈਲ ਸੈਂਟਰ ਸਰੀ ਵਿਖੇ ਸ਼ਾਨੋ ਸ਼ੌਕਤ ਨਾਲ ਸੰਪੰਨ





**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**-ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਆਪਣੀ ਰੂਹ ਵਿੱਚ ਪਿਰੋਕੇ ਰੱਖਣ ਵਾਲੀ ਇਸ ਸੰਸਥਾ ਵਲੋਂ ਪੰਜਾਬੀ ਲੋਕ ਨਾਚਾਂ ਦੀਆਂ ਪ੍ਰਸਿੱਧ ਵੰਨਗੀਆਂ ਨੂੰ ਬਿਹਤਰੀਨ ਢੰਗ ਨਾਲ ਪੇਸ਼ ਕਰਦਿਆਂ ਸਰੋਤਿਆਂ ਨੂੰ ਆਪਣੀ ਕਲਾ ਰਾਹੀਂ ਝੂਮਣ ਲਾ ਦਿੱਤਾ। ਬੱਚੀਆਂ ਤੇ ਮੁਟਿਆਰਾਂ ਨੇ ਜਦੋਂ ਢੋਲ ਦੀ ਥਾਪ ਉੱਤੇ ਲੈਅ ਅਨੁਸਾਰ ਪੈਂਦੀਆਂ ਲੋਕ ਬੋਲੀਆਂ ਉੱਤੇ ਪੰਜਾਬ ਦੇ ਲੋਕ ਨਾਚ ਭੰਗੜੇ ਦੀ 'ਵਿਸ਼ਵ ਪੱਧਰੀ' ਪੇਸ਼ਕਾਰੀ ਕੀਤੀ ਤਾਂ ਇਹਨਾਂ ਮੁਟਿਆਰਾਂ ਨੇ ਸਾਬਿਤ ਕਰ ਦਿੱਤਾ ਕਿ ਕੁੜੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਪਿੱਛੇ ਨਹੀਂ। ਕੋਹਿਨੂਰ ਕਲੱਬ ਦੀਆਂ ਬੱਚੀਆਂ ਦੀਆਂ ਵੱਖ ਵੱਖ ਟੀਮਾਂ (ਵਿਹੜੇ ਦੀਆਂ ਰੌਣਕਾਂ, ਤ੍ਰਿੰਝਣ, ਅੱਲੜ੍ਹ ਮੁਟਿਆਰਾਂ) ਨੇ ਚੋਣਵੇਂ ਪ੍ਰਸਿੱਧ ਗੀਤਾਂ ਉੱਤੇ ਸ਼ਾਨਦਾਰ ਤਰੀਕੇ ਨਾਲ 'ਆਧੁਨਿਕ ਭੰਗੜੇ' ਨੂੰ ਰੂਪਮਾਨ ਕੀਤਾ । 'ਕੋਹਿਨੂਰ ਦੀਆਂ ਰਾਣੀਆਂ' ਨਾਮ ਹੇਠ ਬੱਚਿਆਂ ਦੀਆਂ ਮਾਵਾਂ ਨੇ ਵੀ ਪੰਜਾਬੀ ਗੀਤਾਂ ਉੱਤੇ ਬੇਮਿਸਾਲ ਭੰਗੜਾ ਪੇਸ਼ ਕੀਤਾ। ਦਰਜਨਾਂ ਮਾਵਾਂ ਨੇ ਆਪਣੀ ਕਲਾ ਰਾਹੀਂ ਦਰਸਾਇਆ ਕਿ ਦਿਲ ਵਿੱਚ ਜੇਕਰ ਚਾਅ ਅਤੇ ਉਮੀਦਾਂ ਹੋਣ ਫਿਰ ਉਮਰ ਕੋਈ ਰੁਕਾਵਟ ਨਹੀਂ ਹੁੰਦੀ।ਚਿਹਰੇ ਉੱਤੇ ਆਈ ਰੌਣਕ ਤੇ ਨੱਚਣ ਦਾ ਸੋਹਣਾ ਤਰੀਕਾ ਇਹਨਾਂ ਮਾਵਾਂ/ਭੈਣਾਂ ਦੀ ਰੂਹ ਦੀ ਸੰਤੁਸ਼ਟੀ ਨੂੰ ਪ੍ਰਗਟਾ ਰਿਹਾ ਸੀ, ਜਿਹਦੀ ਦੁਨੀਆਂ ਭਰ ਵਿੱਚ ਕੋਈ ਕੀਮਤ ਨਹੀਂ। 'ਝੂਮਰ' ਪਾਉਂਦੇ ਸਮੇਂ ਇੱਥੋਂ ਦੇ ਜੰਮਪਲ ਇਵੇਂ ਝੂਮ ਰਹੇ ਸਨ, ਜਿਵੇਂ 'ਸਾਉਣ ਦੇ ਮਹੀਨੇ' ਵੱਗਦੀਆਂ ਠੰਢੀਆਂ ਹਵਾਵਾਂ ਦਰੱਖਤਾ ਨੂੰ ਝੂਮਣ ਲਾ ਦਿੰਦੀਆਂ ਹਨ। ਚੜ੍ਹਦੀ ਜਵਾਨੀ ਦੇ ਗੱਬਰੂਆ ਨੇ ਆਨੰਦ ਨਾਲ ਨੱਚਦਿਆਂ ਰੌਣਕ ਬੰਨ੍ਹ ਦਿੱਤੀ। 'ਮਲਵਈ ਗਿੱਧਾ' ਪ੍ਰੋਗਰਾਮ ਦੀ ਆਖਰੀ ਵੰਨਗੀ ਸੀ। ਜਿਹਦੇ ਵਿੱਚ 'ਪੰਜਾਬ ਦੇ ਜੰਮਿਆਂ' ਨੇ ਪੁਰਾਤਨ ਲੋਕ ਸਾਜਾਂ ਨਾਲ ਬੋਲੀਆਂ ਪਾਉਂਦਿਆਂ ਮਲਵਈ ਗਿੱਧੇ ਦੀ ਅਸਲ ਆਤਮਾ ਨੂੰ ਪੇਸ਼ ਕੀਤਾ। 'ਮਲਵਈ ਗਿੱਧਾ' ਦੀ ਅਜਿਹੀ ਬੇਮਿਸਾਲ ਪੇਸ਼ਕਾਰੀ ਕਦੀ ਕਦਾਈਂ ਹੀ ਦੇਖਣ ਨੂੰ ਮਿਲਦੀ ਹੈ, ਸਾਰੀ ਟੀਮ ਨੇ ਲਾਜਵਾਬ ਢੰਗ ਨਾਲ 'ਮੇਲਾ ਲੁੱਟਣ' ਵਾਲੇ ਰੂਪ ਵਿੱਚ ਰੰਗ ਬੰਨਿਆ। ਅਜੋਕੇ ਦੌਰ ਦੀਆਂ ਸਮੱਸਿਆਵਾਂ, ਪ੍ਰਵਾਸੀ ਜੀਵਣ ਦੀਆਂ ਤੰਗੀਆਂ ਤੁਰਸ਼ੀਆ ਤੇ ਚੰਗੇ ਜੀਵਣ ਜਿਉਣ ਲਈ ਪ੍ਰੇਰਨਾ ਦੇਣ ਵਾਲੀਆਂ ਬੋਲੀਆਂ ਇਸ ਲੋਕ ਵੰਨਗੀ ਦੀ ਵਿਸ਼ੇਸ਼ਤਾ ਰਹੀ। ਬਹੁਤ ਵੱਡੇ ਪ੍ਰੋਗਰਾਮ ਦੇ ਮੇਜ਼ਬਾਨ 'ਅਮਰਦੀਪ ਢੇਸੀ' ਨੇ ਦਰਸ਼ਕਾਂ ਨਾਲ ਰਾਬਤਾ ਕਾਇਮ ਰੱਖਦਿਆਂ ਸਟੇਜ ਦੀ ਕਾਰਵਾਈ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ। ਢੁੱਕਵੀਂ ਸ਼ੇਅਰੋ-ਸ਼ਾਇਰੀ, ਲੋਕ ਬੋਲੀਆਂ ਤੇ ਕਹਾਵਤਾਂ ਨਾਲ ਉਹਨਾਂ ਨੇ ਪ੍ਰੋਗਰਾਮ ਦੀ ਰਵਾਨਗੀ ਸੰਤੁਲਤ ਤਰੀਕੇ ਨਾਲ ਬਣਾਈ ਰੱਖੀ। ਪੰਜਾਬੀਆਂ ਦਾ ਮਹਿਬੂਬ ਸਾਜ਼, ਢੋਲ 'ਜਿੰਕੀ ਔਲਖ' ਵਲੋਂ ਲਾਜਵਾਬ ਤਰੀਕੇ ਨਾਲ ਵਜਾਇਆ ਗਿਆ। ਵੱਜਦਾ ਢੋਲ ਦੱਸਦਾ ਸੀ ਕਿ ਜਦੋਂ ਪੰਜਾਬੀ ਢੋਲ ਦੀ ਥਾਪ ਉੱਤੇ ਮਸਤੀ ਵਿੱਚ ਝੂਮਦੇ ਹਨ ਤਾਂ ਉਹ ਸੱਚੀਓਂ ਹੀ ਆਪਣੇ ਪੱਟਾਂ ਦੇ ਜ਼ੋਰ ਨਾਲ 'ਅੰਬਰੀ ਧੂੜ' ਚਾੜ ਦਿੰਦੇ ਹਨ। ਔਲਖ ਸਾਬ੍ਹ,ਜਿੱਥੇ ਢੋਲ ਵਜਾਉਣ ਦੇ ਬਿਹਤਰੀਨ ਕਲਾਕਾਰ ਨੇ ਉੱਥੇ ਨਾਲ ਦੀ ਨਾਲ ਉਹ ਇੱਥੋਂ ਦੀ ਇੱਕ ਮਸ਼ਹੂਰ ਟਰੱਕ ਕੰਨਟੇਨਰ ਕੰਪਨੀ ਦੇ ਮਾਲਿਕ ਵੀ ਨੇ।'ਸੈਮ ਸਿੱਧੂ' ਜਦੋਂ ਢੋਲ ਦੀ ਥਾਪ ਨਾਲ ਬੋਲੀਆਂ ਪਾਉਂਦਾ ਹੈ ਤਾਂ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੰਦਾ ਹੈ। ਉਹਨਾਂ ਦੀ ਅਵਾਜ ਇੱਕ ਪਾਸੇ ਇੰਨੀ ਰਸਮਈ ਹੈ ਕਿ ਉਹ 'ਮੋਰਾਂ ਨੂੰ ਨੱਚਣ' ਲਾ ਸਕਦੇ ਹਨ ਤੇ ਦੂਜੇ ਪਾਸੇ ਉਹਨਾਂ ਦੇ ਬੋਲਾਂ ਵਿੱਚ ਇੰਨਾ 'ਜੋਸ਼, ਹਿੰਮਤ ਤੇ ਦਲੇਰੀ ਵੀ' ਹੈ ਕਿ ਉਹ 'ਮਰੀਆਂ ਆਤਮਾਵਾਂ' ਵਿੱਚ ਵੀ ਰੂਹ ਫੂਕ ਦੇਣ। ਬਿਨਾਂ ਸ਼ੱਕ ਸੈਮ ਸਿੱਧੂ ਜੀ ਅੱਜ ਦੇ ਦੌਰ ਦੇ ਪੰਜਾਬੀ ਬੋਲੀਆਂ ਦੇ 'ਸਿਰਮੌਰ ਗਾਇਕ' ਹਨ। ਉਹਨਾਂ ਦੀ ਜਿੰਨੀ ਵੀ ਸਿਫਤ ਕਰੀ ਜਾਵੇ ਉਹ ਘੱਟ ਹੈ। ਗੁਰਜੰਟ ਸਿੰਘ ਨੇ ਗਾਇਕੀ ਵਿੱਚ ਉਹਨਾਂ ਦਾ ਬਾਖੂਬੀ ਸਾਥ ਦਿੱਤਾ। ਰਵਾਇਤੀ ਸਾਜ਼ 'ਤੂੰਬੀ' ਵਜਾਉਣ ਦੀ ਸੇਵਾ ਰਾਜੂ ਭਾਜੀ ਨੇ ਨਿਭਾਈ। ਭੰਗੜੇ ਸਮੇਂ ਢੋਲ, ਲੋਕ ਬੋਲੀਆਂ ਤੇ ਤੂੰਬੀ ਦਾ ਸੁਮੇਲ ਅਲੌਕਿਕ ਸੀ। ਪੱਗਾਂ ਬੰਨ੍ਹਣ ਦੀ ਸੇਵਾ 'ਸੋਨੀ ਹੇਅਰ' ਨੇ ਨਿਭਾਈ, ਜਿੰਨਾ ਸੋਹਣਾ ਸੁਨੱਖਾ ਇਹ ਗੱਬਰੂ ਆਂ ਪੱਗਾਂ ਉਸ ਤੋਂ ਜਿਆਦਾ ਸੋਹਣੀਆਂ ਚਿਣ ਦਿੰਦਾ ਹੈ। ਅਜਿਹਾ ਗੁਣ ਵੀ ਕੁਦਰਤ ਕਿਸੇ ਵਿਰਲੇ ਦੇ ਹੀ ਹੱਥ ਦਿੰਦੀ ਹੈ ਤੇ ਸੋਨੀ ਆਪਣੇ ਇਸ ਗੁਣ ਨੂੰ ਬਾਕਮਾਲ ਤਰੀਕੇ ਨਾਲ ਰੰਗ ਲਾ ਰਿਹਾ ਹੈ।

ਭੰਗੜੇ ਦੇ ਮਹਾਂਰਥੀ 'ਨੀਤੀਰਾਜ' ਤੇ ਸਾਜ਼ੀ 'ਮੱਘਰ ਅਲੀ' ਜੀ ਦਾ ਪ੍ਰੋਗਰਾਮ ਦੌਰਾਨ ਭੰਗੜੇ ਪ੍ਰਤੀ ਉਹਨਾਂ ਦੀਆਂ ਵੱਡਮੁਲੀਆਂ ਸੇਵਾਵਾਂ ਕਾਰਨ ਉਹਨਾਂ ਨੂੰ ਸਨਮਾਨ ਦੇ ਕੇ ਨਿਵਾਜਿਆ ਗਿਆ। ਪੰਜਾਬੀ ਮੂਲ ਦੇ ਵਪਾਰਿਕ, ਸਮਾਜਿਕ ਤੇ ਰਾਜਨੀਤਕ ਖੇਤਰ ਦੀਆਂ ਪ੍ਰਸਿੱਧ ਸਖਸ਼ੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਆਪਣੀ ਹਾਜ਼ਰੀ ਲਵਾਕੇ ਇਸ ਬਿਹਤਰੀਨ ਉਪਰਾਲੇ ਲਈ ਪ੍ਰਵਧਕਾਂ ਨੂੰ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਜਦੋਂ ਹਰ ਰਿਸ਼ਤੇ ਦੀ ਬੁਨਿਆਦ ਪੈਸੇ ਅਤੇ ਮਤਲਬ ਉੱਤੇ ਟਿਕੀ ਹੋਈ ਹੈ। ਉਸ ਸਮੇਂ 'ਕੋਹਿਨੂਰ ਫੋਕ ਆਰਟਸ ਕਲੱਬ' ਵਲੋਂ ਕੈਨੇਡਾ ਦੀ ਧਰਤੀ ਉੱਤੇ ਸੈਕੜੇ ਬੱਚੇ ਤੇ ਨੌਜਵਾਨਾਂ ਨੂੰ ਮੁਫ਼ਤ ਵਿੱਚ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੋੜੀ ਰੱਖਣਾ ਇੱਕ ਮਾਣਮੱਤੀ ਪ੍ਰਾਪਤੀ ਹੈ। ਕਲੱਬ ਦੇ ਮੈਂਬਰ (ਜੋ ਕਿ ਆਪੋ-ਆਪਣੇ ਖਿੱਤੇ ਦੇ ਬੇਹੱਦ ਕਾਮਯਾਬ ਲੋਕ ਹਨ) ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢਕੇ ਬੱਚਿਆਂ ਤੇ ਨੌਜਵਾਨਾਂ ਨੂੰ ਆਪਣੇ ਲੋਕ ਨਾਚ, ਬੋਲੀ, ਭਾਸ਼ਾ, ਵਿਰਸੇ ਤੇ ਸੱਭਿਆਚਾਰ ਨਾਲ ਜੋੜਕੇ ਬਹੁਤ ਹੀ ਨੇਕ ਉੱਦਮ ਕਰ ਰਹੇ ਹਨ। ਇਹ ਕਲੱਬ ਦੇ ਹੋਣਹਾਰ ਮੈਂਬਰ ਜਿਹੜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਝੰਡਾ ਬਰਦਾਰ ਹਨ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:- ਜਿੱਕੀ ਔਲਖ, ਰਾਜੂ ਤੱਖਰ, ਅਮਨਦੀਪ ਢੇਸੀ, ਮਨਦੀਪ ਗਿੱਲ, ਸੋਨੀ ਹੇਅਰ, ਕੁਲਵੀਰ ਸਿੰਘ ਡਾਨਸੀਵਾਲ ਜੋਤਾ ਸੰਧੂ, ਅੰਮ੍ਰਿਤ ਸੰਘੇੜਾ, ਗੈਰੀ ਸੀਹਰਾ, ਜਗਦੀਪ ਗਿੱਲ, ਜਤਿੰਦਰ ਥਾਂਦੀ, ਪ੍ਰੀਤ ਬਾਈ, ਖੁਸ਼ ਉੱਪਲ, ਜਿੰਮੀ ਸ਼ਰਮਾ, ਹੈਪੀ ਚਾਹਲ, ਵਿੱਕੀ ਪਬਿਆਲ, ਅੰਮ੍ਰਿਤ, ਇੰਦਰ, ਗੁਰਜੰਟ ਸਮਰਾ।

ਇਹ ਪੰਜਾਬੀ ਦੇ 'ਸੱਚੇ ਸਪੁੱਤਰ' ਆਪਣੇ ਤਨ, ਮਨ ਤੇ ਧਨ ਨਾਲ ਯੋਗਦਾਨ ਪਾਕੇ ਸਾਡੇ ਅਮੀਰ ਵਿਰਸੇ ਤੇ ਸੱਭਿਆਚਾਰ ਪ੍ਰਤੀ ਆਪਣਾ ਫਰਜ਼ ਤਨਦੇਹੀ ਨਾਲ ਨਿਭਾਅ ਰਹੇ ਹਨ। ਰੱਬ ਇਹਨਾਂ ਨੂੰ ਹੋਰ ਹਿੰਮਤ,ਦਲੇਰੀ ਤੇ ਕਾਮਯਾਬੀ ਬਖਸ਼ੇ ਤਾਂ ਜੋ ਇਹ ਦੂਣੀ ਚੌਣੀ ਮਿਹਨਤ ਨਾਲ ਆਪਣੇ ਵਿਰਸੇ ਤੇ ਸੱਭਿਆਚਾਰ ਦੀ ਸੇਵਾ ਕਰਦੇ ਹੋਏ ਸਾਡੇ ਅਮੀਰ ਪੰਜਾਬੀ ਵਿਰਸੇ ਨੂੰ ਦੁਨੀਆਂ ਭਰ ਵਿੱਚ ਰੁਸ਼ਨਾਉਂਦੇ ਰਹਿਣ। ਆਮੀਨ!

**ਪੇਸ਼ਕਸ਼ : ਹਰਿੰਦਰ ਸਿੰਘ ਸਾਬੀ**

# ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ ਸਫਲਤਾ ਪੂਰਵਕ ਸੰਪੰਨ

**ਸਟਾਕਟਨ (ਬਿਊਰੋ ਨਿਊਜ਼)** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਸ਼ਨੀਵਾਰ 23 ਨਵੰਬਰ ਨੂੰ ਰਾਇਲ ਇੰਡੀਅਨ ਕੁਜ਼ੀਨ ਸਟਾਕਟਨ ਵਿਖੇ ਇੱਕ ਸਾਹਿਤਕ ਮੀਟਿੰਗ ਦਾ ਅਯੋਜਨ ਕੀਤਾ ਗਿਆ। ਜਿਸ ਵਿੱਚ ਸਾਹਿਤ ਰਸੀਆਂ ਅਤੇ ਵਿਦਵਾਨਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਹਾਜ਼ਰ ਸੱਜਣਾਂ ਨੂੰ ਜੀ ਆਇਆਂ ਕਹਿਣ ਉਪਰੰਤ ਸਮੁਚੀ ਸਾਹਿਤ ਸਭਾ ਵਲੋਂ ਡਾ: ਮਨਰੀਤ ਗਰੇਵਾਲ ਦੇ ਪਿਤਾ ਜੀ ਦੇ ਪਿਛਲੇ ਦਿਨੀ ਸਦੀਵੀ ਵਿਛੋੜੇ ਤੇ ਦੋ ਮਿੰਟ ਦਾ ਮੌਨ ਧਾਰਨ ਕਰ ਗਹਿਰਾ ਸ਼ੋਕ ਪ੍ਰਗਟ ਕੀਤਾ ਗਿਆ। ਇਸ ਉਪਰੰਤ ਸਭਾ ਦੇ ਵੱਖ ਸਿੱਧੂ ਦੀ ਨਵ-ਪ੍ਰਕਾਸ਼ਤ ਪੁਸਤਕ, 'ਮਨ ਤਨ ਭਏ ਅਰੋਗਾ' ਰਿਲੀਜ਼ ਕੀਤੀ ਗਈ। ਆਪਣੀ ਪੁਸਤਕ ਪ੍ਰਤੀ ਡਾ: ਸਾਹਿਬ ਨੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਮਿਥਿਹਾਸਕ ਤੱਥਾਂ ਨੂੰ ਮੌਲਿਕ ਰੂਪ ਦੇਣ ਅਤੇ ਨਵੀਆਂ ਪੈੜਾਂ ਸਿਰਜਣ ਵਾਲੀ ਗ਼ਜ਼ਗੋ ਪ੍ਰੋ: ਲਖਵਿੰਦਰ ਕੌਰ ਲੱਕੀ ਨੇ ਆਪਣੀ ਕਾਵਿ-ਪੁਸਤਕ, 'ਧੜਕਣ ਲੱਗੀ ਹਾਂ ਮੈਂ,' ਨੂੰ ਪਾਠਕਾਂ ਦੀ ਸੱਥ ਵਿੱਚ ਉਤਾਰਦਿਆਂ ਆਪਣੇ ਕਾਵਿ ਬੋਲ ਸਾਂਝੇ ਕੀਤੇ। 'ਹਰ ਇੱਕ ਥਾਂ ਤੋਂ ਹਨੇਰੇ ਨੂੰ ਭਜਾਉਂਣਾ ਲੋਚਦੀ ਹਾਂ ਮੈਂ, ਕਿ ਨਗ਼ਮੇ ਰੋਸ਼ਨੀ ਦੇ ਗੁਣਗੁਣਾਉਂਣਾ ਲੋਚਦੀ ਹਾਂ ਮੈਂ। ਅਮਰ ਪਾਲ ਸਿੰਘ ਕੰਬੋਜ ਨ ਅਜੇਹੇ ਹੀ ਭਾਵਾਂ ਨੂੰ




ਵੱਖ ਆਹੁਦਿਆਂ ਲਈ ਚੋਣ ਕੀਤੀ ਗਈ। ਜੋ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਹੋਈ ਚੋਣ ਅਨੁਸਾਰ ; ਡਾ ਹਰਮਿੰਦਰ ਸਿੰਘ ਸਿੱਧੂ,( ਜੋ ਪੰਜਾਬ ਵਿੱਚ ਵੱਖ ਵੱਖ ਨਾਮਵਰ ਔਹਦਿਆਂ ਤੋਂ ਇਲਾਵਾ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੀ ਅਕਾਦਮਿਕ ਕੌਂਸਲ ਦੇ ਮੈਂਬਰ ਵੀ ਰਹਿ ਚੱਕੇ ਹਨ) ਅਤੇ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੀਤ ਪ੍ਰਧਾਨ (ਹਰਨੇਕ ਸਿੰਘ) ਨੂੰ ਸਭਾ ਦੇ ਡਾਇਰੈਕਟਰ ਦੇ ਆਹੁਦੇ ਨਾਲ ਨਿਵਾਜ਼ਿਆ ਗਿਆ। ਪੰਜਾਬੀ ਸਾਹਿਤ ਜਗਤ ਦੀ ਨਾਮਵਰ ਗਜ਼ਲਗੋ, (ਪ੍ਰੋਫੈਸਰ ਲਖਵਿੰਦਰ ਕੌਰ ਲੱਕੀ) ਨੂੰ ਸਭਾ ਦੀ ਜਨਰਲ ਸਕੱਤਰ, ਅਮਰਪਾਲ ਸਿੰਘ ਕੰਬੋਜ, (ਉੱਭਰ ਰਿਹਾ ਪ੍ਰਗਤੀਵਾਦੀ ਕਵੀ) ਨੂੰ ਸਹਾਇਕ ਸਕੱਤਰ ਦਾ ਆਹੁਦਾ ਸੰਭਾਲਿਆ ਗਿਆ। ਮਨਜੀਤ ਕੌਰ ਸੰਧੂ (ਸਭਾ ਦੀ ਆਰਗੇਨਾਈਜਰ) ਅਤੇ ਗੁਰਪ੍ਰੀਤ ਕੌਰ ਨੇ ਹਰਜਿੰਦਰ ਪੰਧੇਰ ਦਾ ਸਭਾ ਦਾ ਫਿਰ ਪ੍ਰਧਾਨ ਚੁਣੇ ਜਾਣ ਅਤੇ ਉਨ੍ਹਾਂ ਦੀਆਂ ਪੰਜਾਬੀ ਸਾਹਿਤ ਸਭਾ ਸਟਾਕਟਨ ਪ੍ਰਤੀ ਲਗਾਤਾਰ ਕੀਤੀਆਂ ਬਹੁਮੁਲੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਇੱਕ ਕੀਮਤੀ ਸ਼ਾਲ ਨਾਲ ਭਰਵੀਆਂ ਤਾੜੀਆਂ ਦੇ ਮਹੌਲ ਵਿੱਚ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਮਨਜੀਤ ਕੌਰ ਸੰਧੂ ਵਲੋਂ ਡਾ: ਹਰਮਿੰਦਰ ਸਿੰਘ ਸਿੱਧੂ ਦਾ ਵੀ ਫੁਲਾਂ ਦੇ ਖੂਬਸੂਰਤ ਗੁੱਲਦਸਤੇ ਨਾਲ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਇਸ ਤੋਂ ਬਾਅਦ ਡਾ; ਹਰਮਿੰਦਰ ਸਿੰਘ ਪ੍ਰਗਟਾਉਦੇ ਆਪਣੇ ਬੋਲ; 'ਇਸੇ ਆਸ ਵਿੱਚ ਉਹ ਭੀੜ 'ਚੋਂ ਉੱਠ ਕੇ ਤੁਰਿਆ, ਜਿਨ੍ਹਾਂ ਦੀ ਸੋਚ ਰਲਦੀ ਹੋਊ , ਉਹ ਆਪੇ ਨਾਲ ਉੱਠਣਗੇ। ਸਰੋਤਿਆਂ ਨਾਲ ਸਾਂਝੇ ਕੀਤੇ। ਅਨੰਤ ਕੌਰ ਨੇ, 'ਤੇਰੇ ਇਸ਼ਕ ਦੀ ਰਾਖੀ ਦੇ ਲਈ ਸੱਜਣਾ ਵੇ, ਕੰਡਿਆਂ ਵਾਂਗ ਗੁਲਾਬਾਂ ਵਿੱਚ ਰਹਿੰਦੇ ਹਾਂ। ਅਤੇ ਇੱਕ ਸੂਫੀਆਨਾ ਤਰਜ਼ ਦਾ ਗੀਤ, ' ਸਾਈਂ ਕੁੱਝ ਨਾ ਮੇਰੇ ਕੋਲ, ਖਾਲੀ ਹੱਥ ਤੇ ਖਾਲੀ ਝੋਲੀ, ਖਾਲੀ ਏ ਕਸ਼ਕੋਲ। ਸੁਣਾ ਮਹੌਲ ਦਾ ਰੰਗ ਬਦਲਿਆ। ਸ਼ਾਹ ਢਿਲੋਂ ਨੇ ਹਰਿੰਦਰ ਅਣਜਾਣ ਦੀ ਕਵਿਤਾ, 'ਰਾਹਾਂ ਅੱਗੇ ਕੰਧਾਂ ਹੋਵਣ, ਤੁਰਨੇ ਨੂੰ ਜਦ ਦਿਲ ਕਰਦਾ। ਅਤੇ ਆਪਣੇ ਇਹ ਬੋਲ, "ਬੋਲ ਕੇ ਦੁੱਖ ਦਸਿਆ ਜਾਂਦਾ, ਪਰ ਖਾਮੋਸ਼ੀ ਵਿੱਚ ਕਿੰਨਾ ਕੁੱਝ ਕਹਿ ਜਾਂਦੀ ਤੇਰੀ ਸਾਦਗੀ।

ਡਾ: ਗੋਬਿੰਦਰ ਸਿੰਘ ਸਮਰਾਓ ਨੇ, ਹੈਪੀ ਬਰਥਡੇ ਦਾ ਰਿਕਾਰਡ ਕੀਤਾ ਗੀਤ ਸੁਣਾਇਆ। ਪ੍ਰੋਗਰਾਮ ਦੇ ਅਗਲੇ ਸੈਸ਼ਨ ਵਿੱਚ ਹਰਨੇਕ ਸਿੰਘ ਨੇ, 'ਬਲੀਦਾਨ' ਅਤੇ ਹਰਜਿੰਦਰ ਪੰਧੇਰ ਦੁਆਰਾ, 'ਰੋਸ਼ਨੀ' ਕਹਾਣੀਆਂ ਸੁਣਾਈਆਂ ਗਈਆਂ। ਮ੍ਰਿਗਿੰਦਰ ਪੰਧੇਰ, ਗੁਰਪ੍ਰੀਤ ਕੌਰ, ਮਨਜੀਤ ਕੌਰ ਸੰਧੂ, ਰਾਜ ਕੁਮਾਰੀ ਅਤੇ ਹੋਰ ਸਰੋਤਿਆਂ ਨੇ ਭਾਗ ਲਿਆ।

**ਰਿਪੋਰਟਰ: ਹਰਜਿੰਦਰ ਪੰਧੇਰ**
**(ਫੋਨ: 209-610-5055)**

# ਨਵੇਂ ਸਾਲ ਦੇ ਆਗਮਨ ਤੇ ਰੰਗਾਰੰਗ ਪ੍ਰੋਗਰਾਮ 'ਠੁਮਕੇ ਤੇ ਠੁਮਕਾ' 1 ਜਨਵਰੀ ਨੂੰ- ਮਨੋਹਰ ਧਾਰੀਵਾਲ

**ਜਲੰਧਰ-** ਪੂਰੀ ਦੁਨੀਆਂ ਵਿੱਚ ਖੁਸ਼ੀਆਂ ਖੇੜਿਆਂ ਨਾਲ ਆ ਰਹੇ ਨਵੇਂ ਸਾਲ ਦੇ ਆਗਮਨ ਤੇ 1 ਜਨਵਰੀ 2025 ਦਿਨ ਬੁੱਧਵਾਰ ਰਾਤ 10 ਵਜੇ ਡੀ ਡੀ ਪੰਜਾਬੀ ਚੈਨਲ ਤੇ ਪ੍ਰਸਾਰਿਤ ਹੋ ਰਹੇ ਰੰਗਾਰੰਗ ਪ੍ਰੋਗਰਾਮ 'ਠੁਮਕੇ ਤੇ ਠੁਮਕਾ' ਵਿੱਚ ਵੱਖ ਵੱਖ ਸਟਾਰ ਕਲਾਕਾਰ ਆਪ ਸੱਭ ਦੇ ਰੂਬਰੂ ਹੋ ਰਹੇ ਹਨ।ਇਸ ਸਬੰਧੀ ਮਨੋਹਰ ਧਾਰੀਵਾਲ ਨੇ



ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਰੰਗਾਰੰਗ ਪ੍ਰੋਗਰਾਮ ਵਿੱਚ ਪੰਜਾਬ ਦੇ ਸਟਾਰ ਕਲਾਕਾਰਾਂ ਤੋ ਇਲਾਵਾ ਸਟਾਰ ਕਮੇਡੀਅਨ ਵੀ ਹਾਜਰੀ ਭਰਨਗੇ। ਇਸ ਰੰਗਾਰੰਗ ਪ੍ਰੋਗਰਾਮ ਵਿੱਚ ਸਾਮਿਲ ਹੋਣ ਲਈ ਕਲਾਕਾਰ, ਗੀਤਕਾਰ, ਭੰਗੜਾ ਗਰੁੱਪ, ਮਾਡਲ ਲੜਕੇ ਲੜਕੀਆਂ ਫੋਨ ਨੰਬਰ 9872925951 ਤੇ ਸੰਪਰਕ ਕਰ ਸਕਦੇ ਹਨ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਮਹਾਂਪ੍ਰੀਨਿਰਵਾਣ ਦਿਵਸ

# ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂ. ਐਸ. ਏ., ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਅਤੇ ਅੰਬੇਦਕਰ ਇੰਟਰਨੈਸ਼ਨਲ ਸੈਂਟਰ ਸੰਸਥਾਵਾਂ ਨੇ ਇਕੱਠਿਆਂ ਮਨਾਇਆ






















**ਹੇਵਰਡ (ਡੀਡੀਬੀ)** ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 68ਵਾਂ ਮਹਾਂਪ੍ਰੀਨਿਰਵਾਣ ਦਿਵਸ ਰਾਜਾ ਸਵੀਟਸ ਕੁਜ਼ੀਨ ਹੇਵਰਡ (ਕੈਲੇਫੋਰਨੀਆ) ਵਿਖੇ 7 ਦਸੰਬਰ 2024 ਦਿਨ ਸ਼ਨਿ-ਚਰਵਾਰ ਨੂੰ ਕੈਲੇਫੋਰਨੀਆ ਦੀਆਂ ਤਿੰਨ ਸੰਸਥਾਵਾਂ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂ. ਐਸ. ਏ., ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਅਤੇ ਅੰਬੇਦਕਰ ਇੰਟਰਨੈਸ਼ਨਲ ਸੈਂਟਰ ਵੱਲੋਂ ਸੰਯੁਕਤ ਰੂਪ 'ਚ ਮਨਾਇਆ ਗਿਆ।

ਇਸ ਪ੍ਰੀਨਿਰਵਾਣ ਦਿਵਸ 'ਤੇ ਅੰਬੇਦਕਰ ਇੰਟਰਨੈਸ਼ਨਲ ਸੈਂਟਰ ਦੇ ਜਨਰਲ ਸਕੱਤਰ ਸ੍ਰੀ ਤਕਸ਼ਿਕ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਬਾਬਾ ਸਾਹਿਬ ਦੇ ਵਿਚਾਰ ਰੱਖਦਿਆਂ ਤੇ ਉਹਨਾਂ ਨੂੰ ਸ਼ਰਧਾਂਜਲੀ ਦੇ ਫੁੱਲ ਅਰਪਿਤ ਕਰਨ ਲਈ ਸਭਨਾਂ ਨੂੰ ਸੱਦਾ ਦਿੱਤਾ ਅਤੇ ਸਭਨਾਂ ਨੇ ਆਪਣੇ ਰਹਿਬਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਸ਼ਰਧਾਪੂਰਵਕ ਬਾਬਾ ਸਾਹਿਬ ਡਾ. ਅੰਬੇਦਕਰ ਦੀਆਂ ਤਸਵੀਰਾਂ ਨਾਲ ਫੋਟੋਆਂ ਵੀ ਕਰਵਾਈਆਂ।

ਇਸ ਉਪਰੰਤ ਸ਼ਰਧਾਂਜਲੀ ਦੇਣ ਲਈ ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਯੂ. ਐਸ. ਏ. ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਆਪਣੇ ਤੇ ਆਪਣੇ ਪਰਿਵਾਰ ਅਤੇ ਸੰ-ਸਥਾਵਾਂ ਵੱਲੋਂ ਸ਼ਰਧਾਂਜਲੀ ਦਿੰਦਿਆਂ ਬਾਬਾ ਸਾਹਿਬ ਦੇ ਮਿਸ਼ਨ ਨੂੰ ਮੁੱਖ ਰੱਖਦਿਆਂ ਪੇ-ਬੈਕ-ਟੂ-ਕਮਿਊਨਿਟੀ, ਭਾਵ ਡਾ. ਅੰਬੇਦਕਰ ਦੇ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣੇ ਸਮਾਜ ਪ੍ਰਤੀ ਬਣਦੇ ਫਰਜ਼ਾਂ ਨੂੰ ਸਮਝਦਿਆਂ ਸਮਾਜ ਲਈ ਕੁਝ ਕਰ ਸਕੀਏ। ਉਹਨਾਂ ਨਵੰਬਰ ਮਹੀਨੇ ਸਿਟੀ ਕੌਂਸਲ ਚੋਣ ਲੜਨ ਸਬੰਧਤ ਆਪਣੇ ਅਨੁਭਵ ਸਾਂਝੇ ਕੀਤੇ।

ਅੱਜ ਦੇ ਇਸ ਸੰਯੁਕਤ ਸ਼ਰਧਾਂਜਲੀ ਸਮਾਗਮ ਤੇ ਲੋਕਲ ਸਿਟੀ ਕੌਂਸਲ ਮੈਂਬਰਜ਼ Eve Little ਅਤੇ Julie Contancio ਨੇ ਹਾਜ਼ਰ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਭਾਰਤੀ ਭਾਈਚਾਰੇ ਦੇ ਇਕੱਤਰ ਲੋਕਾਂ ਦਾ ਦਿਲੀ ਧੰਨਵਾਦ ਵੀ ਕੀਤਾ। ਜਿਹਨਾਂ 'ਚ ਸ਼ਾਮਲ ਹੋ ਕੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਉਹਨਾਂ ਸ੍ਰੀ ਵਿਨੋਦ ਚੁੰਬਰ ਵੱਲੋਂ ਸਿਟੀ ਕੌਂਸਲ ਦੀ ਚੋਣ ਲੜਨਾ ਵਧੀਆ ਦੱਸਿਆ ਅਤੇ ਪਹਿਲੀ ਵਾਰ ਇੰਨੀ ਵੋਟ ਹਾਸਲ ਕਰਨਾ, ਇਕ ਚੰਗੀ ਸ਼ੁਰੂਆਤ ਹੈ।

ਆਈ. ਬੀ. ਓ. ਦੇ ਚੇਅਰਮੈਨ ਸ੍ਰੀ ਦਸ਼ਵਿੰਦਰ ਪਾਲ ਨੇ ਆਈ. ਬੀ. ਓ. ਦੇ ਮੈਂਬਰ ਸਾਹਿਬਾਨ ਨਾਲ ਹਾਜ਼ਰੀ ਭਰੀ ਅਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਬਾਬਾ ਸਾਹਿਬ ਡਾ. ਅੰ-ਬੇਦਕਰ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਹਨਾਂ ਡਾ. ਅੰਬੇਦਕਰ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਕਵਿਤਾ ਵੀ ਪੜ੍ਹੀ ਜੋ ਕਿ ਜੋਸ਼ ਭਰਪੂਰ ਸੀ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੇ ਨਾਂ ਨੂੰ ਅੱਗੇ ਚਰਚਾ 'ਚ ਰੱਖਣਾ ਹੈ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਹਮੇਸ਼ਾ ਯਾਦ ਰੱਖਣਾ ਹੈ।

ਅੰਬੇਦਕਰ ਇੰਟਰਨੈਸ਼ਨਲ ਸੈਂਟਰ ਦੇ ਸਾਬਕਾ ਪ੍ਰਧਾਨ ਸ੍ਰੀ ਰਾਮ ਕੁਮਾਰ ਰਾਹੁਲ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦਾ ਪ੍ਰੀਨਿਰਵਾਣ ਦਿਵਸ ਇਸੇ ਤਰ੍ਹਾਂ ਇਕੱਠੇ ਹੋ ਕੇ ਮਨਾਇਆ ਜਾਣਾ ਚਾਹੀਦਾ ਹੈ। ਉਹਨਾਂ ਚੰਗੇ ਕਾਰਜ ਲਈ ਕੰਮ ਕਰਨ ਵਾਲਿਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਕਾਫਲੇ ਨੂੰ ਚਲਦਾ ਰੱਖਣਾ ਹੈ।

ਭੀਮ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਪ੍ਰਧਾਨ ਸ੍ਰੀ ਨਰੇਸ਼ ਗੱਡੂ ਨੇ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਤੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਆਪੋ-ਆਪਣਾ ਫਰਜ਼ ਸਮਝਦਿਆਂ ਬਾਬਾ ਸਾਹਿਬ ਦੇ ਕਾਫਲੇ ਨੂੰ ਅੱਗੇ ਵਧਾਈਂ ਜਾਣਾ ਹੈ। ਡਾ. ਅੰਬੇਡਕਰ ਦੇ ਸਲੋਗਨ 'ਪੜ੍ਹੋ, ਸੰਘਰਸ਼ ਕਰੋ ਤੇ ਇਕੱਠੇ ਹੋਵੋ' ਨੂੰ ਆਪਣੇ ਮਨਾਂ 'ਚ ਵਸਾ ਲੈਣਾ ਹੈ ਤੇ ਸਮਾਜ 'ਚ ਵੱਧ ਤੋਂ ਵੱਧ ਕਾਰਜ ਕਰਨੇ ਹਨ ਤਾਂ ਡਾ. ਅੰਬੇਦਕਰ ਦੀ ਸੋਚ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ, ਅੰਬੇਦਕਰ ਕਿੰਗ, ਸਟੱਡੀ ਸਰਕਲ ਦੇ ਪ੍ਰਧਾਨ ਸ੍ਰੀ ਕਾਰਤਿਕ, ਇੰਟਰਨੈਸ਼ਨਲ ਬੁੱਧਿਸਟ ਸੈਂਟਰ ਦੇ ਮੈਂਬਰ ਸ੍ਰੀ ਮਲਿੰਦ ਤੋਂ ਇਲਾਵਾ ਸ੍ਰੀ ਦੋਆਬਾ ਹੈੱਡਲਾਇਨਜ਼ ਦੇ ਸੰਪਾਦਕ ਸ੍ਰੀ ਰਾਮ ਸਿੰਘ ਔਲਖ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਬਾਬਾ ਸਾਹਿਬ ਪ੍ਰਤੀ ਆਪੋ-ਆਪਣੇ ਵਿਚਾਰ ਸਾਂਝੇ ਕੀਤੇ। ਨਾਮਵਰ ਗਾਇਕ ਸੁਖਦੇਵ ਸਾਹਿਲ ਨੇ ਆਪਣੇ ਗੀਤਾਂ ਨਾਲ ਬਾਬਾ ਸਾਹਿਬ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ

ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਬਾਬਾ ਸਾਹਿਬ ਨੂੰ ਆਪਣੇ ਤੇ ਆਪਣੇ ਪਰਿਵਾਰ ਅਤੇ ਅਦਾਰੇ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸ਼ਰਧਾਂਜਲੀ ਦਿੱਤੀ। ਉਹਨਾਂ ਬਾਬਾ ਸਾਹਿਬ ਡਾ. ਤੇ ਪੰਜਾਬ ਨਾਲ ਸਾਂਝ ਤੇ ਪੰਜਾਬੀਆਂ ਦਾ ਬਾਬਾ ਸਾਹਿਬ ਦੇ ਮਿਸ਼ਨ 'ਚ ਸਹਿਯੋਗ ਦਾ ਵਰਣਨ ਕਰਦਿਆਂ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਆਦਿ ਧਰਮ ਮੂਵਮੈਂਟ ਦਾ ਵਿਸ਼ੇਸ਼ ਜਿਕਰ ਕੀਤਾ ਕਿ ਕਿਵੇਂ ਉਹਨਾਂ ਬਾਬਾ ਸਾਹਿਬ ਨੂੰ ਸਹਿਯੋਗ ਕੀਤਾ ਤੇ ਬਾਬਾ ਸਾਹਿਬ ਨੇ ਵੀ ਉਹਨਾਂ ਦੇ ਹੱਕਾਂ ਦੀ ਆਵਾਜ਼ ਉਠਾਈ। ਅਖੀਰ ਉਹਨਾਂ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਕਿ ਮੀਡੀਏ ਰਾਹੀਂ ਆਪਣੀਆਂ ਖਬਰਾਂ, ਲਿਖਤਾਂ ਰਾਹੀਂ ਆਪਣੀ ਆਵਾਜ਼ ਆਪਣੇ ਸਮਾਜ ਤੱਕ, ਸਰਕਾਰਾਂ ਤੱਕ ਪਹੁੰਚਾਉਣਾ ਇਕ ਵਧੀਆ ਸਾਧਨ ਹਨ, ਇਸਦੀ ਫਾਇਦਾ ਉਠਾਓ।

ਅਖੀਰ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਤਿੰਨੇ ਸੰਸਥਾਵਾਂ ਵੱਲੋਂ ਸਭਨਾਂ ਦਾ ਪਰਿਵਾਰਾਂ ਸਮੇਤ ਹਾਜ਼ਰ ਹੋਣਾ ਅਤੇ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਕਵਰੇਜ ਕਰਨਾ, ਬਾਬਾ ਸਾਹਿਬ ਪ੍ਰਤੀ ਪਿਆਰ/ਸਤਿਕਾਰ ਸਿੱਧ ਕਰਦਾ ਹੈ ਕਿ ਉਹ ਆਪਣੇ ਕੰਮ-ਕਾਰ 'ਚ ਰਹਿੰਦਿਆਂ ਆਪਣੇ ਰਹਿਬਰਾਂ ਦੇ ਮਿਸ਼ਨ ਨਾਲ ਵੀ ਜੁੜੇ ਹਨ ਤੇ ਜੁੜੇ ਰਹੋ। ਜੈ ਭੀਮ।

**(ਹੋਰ ਤਸਵੀਰਾਂ ਦੇਖੋ ਅਗਲੇ ਸਫਿਆਂ 'ਤੇ)**

# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਮਹਾਂਪ੍ਰੀਨਿਰਵਾਣ ਦਿਵਸ


























# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਮਹਾਂਪ੍ਰੀਨਿਰਵਾਣ ਦਿਵਸ




























# ਐਨ.ਆਰ.ਆਈ. ਡਾ. ਜਸਬੀਰ ਸਿੰਘ ਕੰਗ ਪਹੁੰਚੇ ਇਤਿਹਾਸਕ ਭੂਮੀ ਅੰਬੇਡਕਰ ਭਵਨ





**ਜਲੰਧਰ-** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਨੋਟ ਵਿੱਚ ਕਿਹਾ ਕਿ ਅਮਰੀਕਾ ਦੇ ਯੂਬਾ ਸਿਟੀ ਵਿੱਚ ਸਿੱਖ ਹੈਰੀਟੇਜ ਦੀ ਸਥਾਪਨਾ ਕਰਨ ਵਿੱਚ ਅਹਿਮ ਰੋਲ ਅਦਾ ਕਰਨ ਵਾਲੇ ਉੱਘੇ ਬੁੱਧੀਜੀਵੀ ਡਾ. ਜਸਬੀਰ ਸਿੰਘ ਕੰਗ ਆਪਣੀ ਪਤਨੀ ਸ਼੍ਰੀਮਤੀ ਕੰਗ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੀਨੀਅਰ ਟਰੱਸਟੀ ਭੈਣ ਜੀ ਸੁਰਿੰਦਰ ਕੁਮਾਰੀ ਕੋਛੜ ਸਮੇਤ ਇਤਿਹਾਸਕ ਭੂਮੀ ਅੰਬੇਡਕਰ ਪਹੁੰਚੇ, ਜਿੱਥੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 27 ਅਕਤੂਬਰ, 1951 ਨੂੰ ਆਏ ਅਤੇ ਲੱਖਾਂ ਲੋਕਾਂ ਨੂੰ ਸੰਬੋਧਿਤ ਹੋਏ ਸਨ। ਅੰਬੇਡਕਰ ਭਵਨ ਟਰੱਸਟ ਦੇ ਮੈਂਬਰਾਂ ਸਰਵ ਸ਼੍ਰੀ ਡਾ. ਜੀ. ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜਸਲ, ਮਹਿੰਦਰ ਸੰਧੂ ਅਤੇ ਭਵਨ ਦੇ ਕੇਅਰ ਟੇਕਰ ਨਿਰਮਲ ਬਿੰਜੀ ਨੇ ਉਨ੍ਹਾਂ ਦਾ ਹਾਰਦਿਕ ਸਵਾਗਤ ਕੀਤਾ। ਅੰਬੇਡਕਰ ਭਵਨ ਦੇ ਟਰੱਸਟੀਆਂ ਨਾਲ ਵਿਚਾਰ-ਚਰਚਾ ਕਰਦਿਆਂ ਡਾ. ਕੰਗ ਨੇ ਦੱਸਿਆ ਕਿ ਅਮਰੀਕਾ ਦੀਆਂ ਕਈ ਕੰਪਨੀਆਂ ਵਿੱਚ ਕੰਮ ਕਰਦੇ ਕਈ ਭਾਰਤੀਆਂ ਵਿੱਚ ਜਾਤੀ ਵਿਤਕਰੇ ਦੀ ਭਾਵਨਾ ਵੀ ਪ੍ਰਚਲਤ ਹੈ।ਉਨ੍ਹਾਂ ਕਿਹਾ ਕਿ ਇਸ ਜਾਤੀ ਵਿਤਕਰੇ ਦੇ ਵਿਰੁੱਧ ਲਿਆਂਦੇ ਗਏ ਸੈਨੇਟ ਬਿੱਲ 403 ਨੂੰ ਸਦਨ ਵਿੱਚੋਂ ਪਾਸ ਕਰਵਾਉਣ ਲਈ ਉਨ੍ਹਾਂ ਨੇ ਅੰਦੋਲਨਕਾਰੀ ਪੀੜਤਾਂ ਦਾ ਡੱਟ ਕੇ ਸਾਥ ਦਿੱਤਾ, ਜਦਕਿ ਵਿਤਕਰੇ ਦੇ ਸ਼ਿਕਾਰ ਸਮਾਜ ਦੇ ਕਈ ਲੋਕਾਂ ਨੇ ਜਾਤੀ ਵਿਤਕਰਾ ਕਰਨ ਵਾਲੇ ਅਤੇ ਇਸ ਬਿੱਲ ਦਾ ਵਿਰੋਧ ਕਰਨ ਵਾਲਿਆਂ ਨੂੰ ਮੁਕੰਮਲ ਸਹਿਯੋਗ ਦਿੱਤਾ। ਐਸਬੀ-403 ਬਿਲ ਸਦਨ ਵਿੱਚੋਂ ਤਾਂ ਭਾਰੀ ਮੱਤ ਨਾਲ ਪਾਸ ਹੋ ਗਿਆ, ਪਰ ਸਟੇਟ ਗਵਰਨਰ ਨੇ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤ ਦੇ ਅਖੌਤੀ ਉੱਚ ਵਰਗਾਂ ਨੇ ਸੰਗਠਨਾਤਮਕ ਪੱਧਰ ਤੇ ਅਮਰੀਕਾ ਵਰਗੇ ਸਹੀ ਅਰਥਾਂ ਵਾਲੇ ਲੋਕਤੰਤਰਕ ਦੇਸ਼ ਵਿੱਚ ਵੀ ਭਾਰਤ ਦੀ ਇਸ ਜਾਤੀ ਪ੍ਰਥਾ ਨੂੰ ਬੜ੍ਹਾਵਾ ਦਿੱਤਾ ਹੈ। ਅੰਬੇਡਕਰ ਭਵਨ ਦੇ ਟਰੱਸਟੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਡਾ. ਕੰਗ ਨੇ ਭਵਨ ਵਿੱਚ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਨਾਲ ਸੰਬੰਧਿਤ ਅਹਿਮ ਘਟਨਾਵਾਂ ਨੂੰ ਇੱਕ ਮਿਊਜ਼ੀਅਮ ਦੀ ਸਥਾਪਨਾ ਕਰਕੇ ਰੂਪਮਾਨ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਇਸ ਮੰਤਵ ਪੂਰਤੀ ਲਈ ਉਹ ਟਰੱਸਟ ਨੂੰ ਸਮੇਂ ਸਮੇਂ ਤੇ ਸਲਾਹ ਮਸ਼ਵਰਾ ਦੇਣ ਲਈ ਤਤਪਰ ਰਹਿਣਗੇ। ਯਾਦ ਰਹੇ ਕਿ ਡਾ। ਕੰਗ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਅਮਰੀਕਾ ਵਿੱਚ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਦੀ ਸ਼ੁਰੂਆਤੀ ਆਮਦ ਅਤੇ ਉਥੋਂ ਦੀ ਨਾਗਰਿਕਤਾ ਹਾਸਲ ਕਰਨ ਲਈ 1899 ਤੋਂ ਕੀਤੇ ਗਏ ਸੰਘਰਸ਼, ਸਿੱਖਾਂ ਵੱਲੋਂ ਆਪਣੇ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਵਿਕਾਸ ਅਤੇ ਅਮਰੀਕਾ ਦੇ ਹਰ ਖੇਤਰ ਵਿੱਚ ਪਾਏ ਗਏ ਯੋਗਦਾਨ ਨੂੰ 'ਸਿੱਖ ਹੈਰੀਟੇਜ ਇਨ ਅਮਰੀਕਾ' ਮਿਊਜ਼ੀਅਮ ਦੀ ਸਥਾਪਨਾ ਕਰਕੇ ਪੰਜਾਬੀਆਂ ਦੇ ਸਦੀਵੀ ਗੁਣਾਂ ਲਗਨ, ਮਿਹਨਤ, ਕਿਰਤ ਅਤੇ ਦ੍ਰਿੜਤਾ ਨੂੰ ਪਛਾਣ ਦਿੱਤੀ ਹੈ। ਟਰੱਸਟ ਦੇ ਜਨਰਲ ਸਕੱਤਰ ਡਾ. ਜੀ.ਸੀ. ਕੌਲ ਨੇ ਕੈਲੀਫੋਰਨੀਆ ਤੋਂ ਛਪਦੇ ਹਫਤਾਵਰੀ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਯਤਨਾਂ ਦੁਆਰਾ ਡਾ. ਜਸਵੀਰ ਸਿੰਘ ਕੰਗ ਅਤੇ ਅੰਬੇਡਕਰ ਭਵਨ ਦੇ ਟਰੱਸਟੀਆਂ ਦਰਮਿਆਨ ਆਯੋਜਿਤ ਇਸ ਪਹਿਲੀ ਸਦਭਾਵਨਾ-ਮਿਲਣੀ ਤੇ ਤਸੱਲੀ ਪ੍ਰਗਟ ਕਰਦਿਆਂ ਡਾ. ਕੰਗ ਸਮੇਤ ਸ੍ਰੀ ਪ੍ਰੇਮ ਚੁੰਬਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਡਾ. ਕੰਗ ਨੇ ਅੰਬੇਡਕਰ ਭਵਨ ਦੇ ਵਿਕਾਸ ਲਈ ਗਿਆਰਾਂ ਹਜਾਰ ਰੁਪਏ ਦਾ ਯੋਗਦਾਨ ਪਾਇਆ। ਇਸ ਮੌਕੇ ਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੀਨੀਅਰ ਟਰੱਸਟੀ ਭੈਣ ਜੀ ਸੁਰਿੰਦਰ ਕੁਮਾਰੀ ਕੋਛੜ ਨੂੰ ਅੰਬੇਡਕਰ ਭਵਨ ਦੇ ਫਾਊਂਡਰ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ ਦੁਆਰਾ ਲਿਖਤ ਪੁਸਤਕਾਂ 'ਡਾ. ਅੰਬੇਡਕਰ ਜੀਵਨ ਤੇ ਮਿਸ਼ਨ' ਅਤੇ ਸਵੈਜੀਵਨੀ 'ਅੰਬੇਡਕਰੀ ਹੋਨੇ ਕਾ ਅਰਥ' ਭੇਟ ਕੀਤੀਆਂ ਗਈਆਂ।

## ਉੱਘੇ ਅੰਬੇਦਕਰਾਈਟ ਅਮਨ ਚੈਨ ਦਾ ਦੇਹਾਂਤ

### ਅੰਬੇਦਕਰ ਮਿਸ਼ਨ ਪ੍ਰੇਮੀਆਂ 'ਚ ਸੋਗ ਦੀ ਲਹਿਰ



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਮਿਸ਼ਨ ਨੂੰ ਸਮਰਪਿਤ ਸ੍ਰੀ ਅਮਨ ਚੈਨ, ਪਿਛਲਾ ਪਿੰਡ ਤੱਲਣ, ਜ਼ਿਲ੍ਹਾ ਜਲੰਧਰ ਸੀ, ਜੋ ਅਮਰੀਕਾ 'ਚ ਰਹਿ ਰਹੇ ਸਨ, ਦਾ 9 ਦਸੰਬਰ 2024 ਨੂੰ ਦੇਹਾਂਤ ਹੋ ਜਾਣਾ ਪਰਿਵਾਰ ਅਤੇ ਮਿਸ਼ਨ ਪ੍ਰੇਮੀਆਂ ਨੂੰ ਬੜਾ ਵੱਡਾ ਸਦਮਾ ਲੱਗਾ ਹੈ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਇਸ ਦੁੱਖ ਦੀ ਘੜੀ ਪਰਿਵਾਰ ਅਤੇ ਮਿਸ਼ਨਰੀਆਂ ਨਾਲ ਦੁੱਖ ਸਾਂਝਾ ਕਰਦਾ ਹੈ।



# ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਮਨਾਇਆ ਗਿਆ 69ਵਾਂ ਸ਼ਰਧਾਂਜਲੀ ਸਮਾਗਮ

## ਡਾ. ਅੰਬੇਡਕਰ ਦੇ ਸੰਘਰਸ਼ ਨੇ ਦਲਿਤਾਂ ਤੇ ਔਰਤਾਂ ਦੀ ਤਕਦੀਰ ਬਦਲੀ - ਪ੍ਰੋ. ਰਾਜੇਸ਼, ਸਮਾਨਤਾ ਅਧਾਰਤ ਸਮਾਜ ਲਈ ਜਾਤੀ ਵਿਵਸਥਾ ਦਾ ਖਾਤਮਾ ਜਰੂਰੀ - ਪ੍ਰੋ. ਬਲਬੀਰ










**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਦੇ ਉੱਘੇ ਸਮਾਜਿਕ ਕ੍ਰਾਂਤੀਕਾਰੀ, ਇਸਤਰੀ ਵਰਗ ਅਤੇ ਭਾਰਤ ਦੇ ਪੀੜਿਤ ਸਮਾਜ ਲਈ ਨਿਰੰਤਰ ਸੰਘਰਸ਼ ਕਰਨ ਵਾਲੇ ਮਹਾਨ ਚਿੰਤਕ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 69ਵੇਂ ਪਰਿਨਿਰਵਾਣ ਦਿਵਸ ਦੇ ਸਬੰਧ ਵਿਚ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਮਾਗਮ ਦੀ ਸ਼ੁਰੂਆਤ ਸ਼੍ਰੀ ਹਰਮੇਸ਼ ਜਸਲ ਦੁਆਰਾ ਬੁੱਧ ਵੰਦਨਾ, ਤਰੀਸ਼ਣ ਅਤੇ ਪੰਚਸ਼ੀਲ ਦਾ ਪਾਠ ਉਚਾਰਨ ਕਰਨ ਉਪਰੰਤ ਹੋਈ। ਟਰੱਸਟ ਦੇ ਜਨਰਲ ਸਕੱਤਰ ਡਾ। ਜੀ। ਸੀ। ਕੌਲ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਇਹ ਸਥਾਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਇਤਿਹਾਸਿਕ ਪੰਜਾਬ ਯਾਤਰਾ ਨਾਲ ਜੁੜਿਆ ਹੋਇਆ ਹੈ, ਜਿੱਥੇ 27 ਅਕਤੂਬਰ 1951 ਨੂੰ ਉਨ੍ਹਾਂ ਨੇ ਭਾਰੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਸੀ। ਇਸ ਮੌਕੇ ਤੇ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਪ੍ਰੋ. ਰਾਜੇਸ਼ ਕੁਮਾਰ ਅਸਿਸਟੈਂਟ ਡੀਪੀਆਈ ਪੰਜਾਬ (ਕਾਲਜਾਂ) ਨੇ ਕਿਹਾ ਕਿ ਬੇਸ਼ੱਕ 68 ਸਾਲ ਪਹਿਲਾਂ ਅੱਜ ਦੇ ਦਿਨ ਬਾਬਾ ਸਾਹਿਬ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ, ਪਰ ਉਨ੍ਹਾਂ ਦੁਆਰਾ ਕੀਤੇ ਗਏ ਅਣਥੱਕ ਸੰਘਰਸ਼ ਸਦਕਾ ਹਜ਼ਾਰਾਂ ਸਾਲਾਂ ਬਾਅਦ ਜਿਸ ਔਰਤ ਸਮਾਜ ਅਤੇ ਦਲਿਤ ਵਰਗ ਨੂੰ ਸਮਾਨਤਾ ਦੇ ਅਧਿਕਾਰ ਪ੍ਰਾਪਤ ਹੋਏ, ਉਨ੍ਹਾਂ ਦੇ ਦਿਲਾਂ ਵਿੱਚ ਉਹ ਅੱਜ ਵੀ ਜ਼ਿੰਦਾ ਹਨ। ਡਾ. ਅੰਬੇਡਕਰ ਨੇ ਪਹਿਲੀ ਵਾਰ 1918 ਵਿੱਚ ਅਛੂਤਾਂ ਸਮੇਤ ਸਾਰੇ ਬਾਲਗ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਵਕਾਲਤ ਕੀਤੀ। ਅਮਰੀਕਾ ਅਤੇ ਇੰਗਲੈਂਡ ਵਰਗੇ ਲੋਕਤੰਤਰਿਕ ਵਿਵਸਥਾ ਨਾਲ ਜੁੜੇ ਦੇਸ਼ਾਂ ਦੀਆਂ ਉੱਚ ਪੱਧਰੀ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਭਾਰਤ ਵਿੱਚ ਵਾਪਸ ਆ ਕੇ ਉਨ੍ਹਾਂ ਨੇ ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਵਾਲੇ ਸਮਾਜ ਦੀ ਸਥਾਪਤੀ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ। ਉਨ੍ਹਾਂ ਦੀ ਸੋਚ ਅਤੇ ਨਿਰੰਤਰ ਜੱਦੋ ਜਹਿਦ ਨੇ ਸਦੀਆਂ ਤੋਂ ਸਤਾਈ ਅਤੇ ਲਿਤਾੜੀ ਜਾ ਰਹੀ ਭਾਰਤ ਦੀ ਲਗਭਗ ਤਿੰਨ ਚੌਥਾਈ ਆਬਾਦੀ ਦੀ ਤਕਦੀਰ ਬਦਲਣ ਦਾ ਅਤੀ ਕਠਿਨ ਕਾਰਜ ਕੀਤਾ। ਪ੍ਰੋ. ਰਾਜੇਸ਼ ਕੁਮਾਰ ਨੇ ਵਰਤਮਾਨ ਹਾਲਤ ਵਿੱਚ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਅਧੀਨ ਸੰਵਿਧਾਨ ਵਿੱਚ ਮਿਲੇ ਅਧਿਕਾਰਾਂ ਦੀ ਸੁਰੱਖਿਆ ਲਈ ਭਾਰਤ ਦੇ ਬਹੁਜਨ ਸਮਾਜ ਨੂੰ ਇੱਕ ਮੁੱਠ ਹੋਣ ਦੀ ਅਪੀਲ ਕੀਤੀ।



ਇਸ ਅਵਸਰ ਤੇ ਪ੍ਰੋ. ਬਲਬੀਰ ਚੰਦਰ, ਸਾਬਕਾ ਮੁਖੀ, ਪੋਸਟ ਗ੍ਰੈਜੂਏਟ ਵਿਭਾਗ ਰਾਜਨੀਤੀ ਸ਼ਾਸਤਰ, ਦੁਆਬਾ ਕਾਲਜ ਜਲੰਧਰ ਨੇ ਆਪਣੇ ਸੰਬੋਧਨ ਵਿੱਚ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਪ੍ਰਾਪਤੀਆਂ ਦੇ ਸੰਦਰਭ ਵਿੱਚ ਬਾਬਾ ਸਾਹਿਬ ਦੀਆਂ ਅਨੇਕ ਲਿਖਤਾਂ ਚੋਂ ਹਵਾਲਿਆਂ ਦਾ ਜ਼ਿਕਰ ਕਰਦਿਆਂ ਨੌਜਵਾਨ ਵਰਗ ਨੂੰ ਉੱਚ ਸਿੱਖਿਆ ਦੁਆਰਾ ਆਪਣੀ ਯੋਗਤਾ ਵਧਾਉਣ, ਵਿਵੇਕਸ਼ੀਲ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ ਸਮਾਨਤਾ ਅਧਾਰਤ ਸਮਾਜ ਦੀ ਸਥਾਪਤੀ ਲਈ ਜਾਤੀ ਵਿਵਸਥਾ ਨੂੰ ਖਤਮ ਕਰਨਾ ਅਤੀ ਜਰੂਰੀ ਹੈ। ਉਨ੍ਹਾਂ ਦਾ ਸਪਸ਼ਟ ਮਤ ਸੀ ਕਿ ਸੰਵਿਧਾਨ ਦੀ ਪ੍ਰਸਤਾਵਨਾ ਅਧਾਰਿਤ ਸਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਵਾਲਾ ਸੰਸਦੀ ਲੋਕਤੰਤਰ ਕਾਇਮ ਕਰਨ ਲਈ ਸੰਵਿਧਾਨਿਕ ਅਧਿਕਾਰਾਂ, ਆਪਣੇ ਫਰਜਾਂ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਪ੍ਰਤੀ ਚੇਤਨਾ ਅਤੇ ਜਾਣਕਾਰੀ ਅਜੋਕੇ ਸਮੇਂ ਦੀ ਮੁੱਖ ਮੰਗ ਹੈ।

ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਨੇ ਕਿਹਾ ਕਿ ਤਥਾਗਤ ਗੌਤਮ ਬੁੱਧ ਦੇ ਵਿਗਿਆਨਕ ਧਰਮ, ਜਿਸ ਵਿੱਚ ਬਰਾਬਰੀ, ਬੰਧੁਤਵਾਦ ਅਤੇ ਤਰਕਵਾਦ ਦੇ ਸਿਧਾਂਤ ਇਕੱਠੇ ਮਿਲਦੇ ਹਨ, ਦੇ ਉੱਪਰ ਅਧਾਰਿਤ ਡਾ. ਬੀ. ਆਰ। ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਰਚਨਾ ਕਰਕੇ ਭਾਰਤੀ ਸਮਾਜ ਨੂੰ ਉਨਤੀ ਦੇ ਰਸਤੇ ਉੱਪਰ ਪਾਇਆ। ਇਸ ਨੂੰ ਮਨੂਵਾਦੀ ਤਾਕਤਾਂ ਨੇ ਪਸੰਦ ਨਹੀਂ ਕੀਤਾ। ਇਹ ਤਾਕਤਾਂ ਭਾਰਤੀ ਸੰਵਿਧਾਨ ਨੂੰ ਅਣਗੌਲਿਆ ਕਰਕੇ ਨਾਂਨਾਂ ਪ੍ਰਕਾਰ ਦੇ ਛੜਯੰਤਰ ਰਚ ਕੇ ਅਛੂਤਾਂ (ਐਸੀ, ਐਸਟੀ, ਓਬੀਸੀ) ਨੂੰ ਆਰਥਿਕ, ਸਮਾਜਿਕ, ਵਿਦਿਅਕ ਅਤੇ ਧਾਰਮਿਕ ਤੌਰ ਤੇ ਪਛਾੜ ਰਹੀਆਂ ਹਨ ਅਤੇ ਆਜ਼ਾਦ ਭਾਰਤ ਦੇ ਸੰਵਿਧਾਨ ਨੂੰ ਬਦਲਣ ਲਈ ਤਤਪਰ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ ਅਪਣਾਏ ਗਏ ਸਰਵੋਤਮ ਧਰਮ ਬੁੱਧ ਧਰਮ ਨੂੰ ਦਲਿਤਾਂ ਦੁਆਰਾ ਵੱਡੇ ਪੱਧਰ ਤੇ ਅਪਣਾਏ ਜਾਣ ਦੀ ਵਿਰੋਧਤਾ ਵਿੱਚ ਇਹ ਤਾਕਤਾਂ ਲੁਕਮੇ ਢੰਗਾਂ ਨਾਲ ਇਨ੍ਹਾਂ ਲੋਕਾਂ ਦੀ ਏਕਤਾ ਤੋੜਨ ਲਈ ਅਤੇ ਇਨ੍ਹਾਂ ਨੂੰ ਮੁੜ ਅੰਧ ਵਿਸ਼ਵਾਸੀ ਬਣਾਉਣ ਲਈ ਨਵੇਂ ਨਵੇਂ ਧਰਮ ਬਣਾਉਣ ਲਈ ਯਤਨਸ਼ੀਲ ਹਨ। ਫਰਜੀ ਭੰਤੇ ਤਿਆਰ ਕਰਕੇ ਤਥਾਗਤ ਬੁੱਧ ਦੀਆਂ ਮੂਰਤੀਆਂ ਅਤੇ ਬੁੱਧ ਧਰਮ ਦਾ ਭਗਵਾਂਕਰਨ ਸ਼ੁਰੂ ਕਰ ਦਿੱਤਾ ਗਿਆ ਹੈ।

ਅਜਿਹੇ ਹਾਲਾਤਾਂ ਵਿੱਚ ਦਲਿਤਾਂ ਨੂੰ ਬਾਬਾ ਸਾਹਿਬ ਦੁਆਰਾ ਦਿੱਤੇ ਗਏ ਬੁੱਧ ਧਰਮ ਅਤੇ ਆਜਾਦ ਭਾਰਤ ਦੇ ਸੰਵਿਧਾਨ ਦੀ ਰਾਖੀ ਕਰਨਾ ਹੀ ਅੰਬੇਡਕਰ ਸਾਹਿਬ ਜੀ ਦੇ ਪਰਿਨਿਰਵਾਣ ਦਿਵਸ ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਇਸ ਤਰ੍ਹਾਂ ਹੀ ਇਹ ਲੋਕ ਆਪਣੀ ਬਹੁਪੱਖੀ ਉਨਤੀ ਨੂੰ ਸੁਨਿਸ਼ਚਿਤ ਕਰ ਸਕਣਗੇ।

ਇਸ ਮੌਕੇ ਸਰਬ ਸ਼੍ਰੀ ਚਰਨ ਦਾਸ ਸੰਧੂ, ਕਮਲਸ਼ੀਲ ਬਾਲੀ, ਮਹਿੰਦਰ ਸੰਧੂ, ਪਰਮਿੰਦਰ ਸਿੰਘ ਖੁਤਣ, ਜਸਵਿੰਦਰ ਵਰਿਆਣਾ, ਸਾਬਕਾ ਰਾਜਦੂਤ ਰਮੇਸ਼ ਚੰਦਰ, ਨਿਰਮਲ ਬਿਨਜੀ, ਜ਼ੋਤੀ ਪ੍ਰਕਾਸ਼, ਡਾ. ਸਤਪਾਲ, ਮਨੋਹਰ ਲਾਲ ਭੱਠੇ, ਧਰਮਪਾਲ, ਐਡਵੋਕੇਟ ਕੁਲਦੀਪ ਭੱਟੀ, ਸਨੀ ਥਾਪਰ, ਮਦਨ ਲਾਲ, ਜਗਤਾਰ ਰਾਮ, ਰੂਪ ਲਾਲ, ਚਰਨ ਦਾਸ, ਪ੍ਰੋ. ਅਸ਼ਵਨੀ ਜਸਲ, ਮਲਕੀਤ ਸਿੰਘ, ਮੁਲਖਰਾਜ ਰਤਨ, ਮਨਜੀਤ ਸਿੰਘ, ਮੈਡਮ ਸੁਸ਼ਮਾ ਤੇ ਜੋਗਿੰਦਰ, ਰਾਮ ਸਰੂਪ ਬਾਲੀ, ਹਰੀ ਰਾਮ ਐਸਡੀ, ਚਰਨਜੀਤ ਸਿੰਘ ਮੱਟੂ, ਰਾਮ ਸਿੰਘ ਤੇਜੀ, ਗੌਤਮ ਬੋਧ, ਕਵਿਤਾ ਢਾਂਡੇ, ਮੈਡਮ ਮੰਜੂ, ਅਮਰਜੀਤ ਸਾਂਪਲਾ, ਪ੍ਰੋਫੈਸਰ ਅਰਿੰਦਰ ਸਿੰਘ, ਪ੍ਰਿੰਸੀਪਲ ਪਰਮਜੀਤ ਜਸਲ, ਮਿਹਰ ਮਲਕ, ਡਾ. ਸ਼ੇਖਰ ਕੁਮਾਰ, ਸੋਮਨਾਥ ਮਾਹੀ, ਸਤਵਿੰਦਰ ਮਦਾਰਾ, ਪਿਸ਼ੌਰੀ ਲਾਲ ਸੰਧੂ, ਮਨੋਹਰ ਲਾਲ ਮਹੇ, ਨਸੀਬ ਚੰਦ ਬੱਬੀ, ਯੂ.ਸੀ. ਸਰੋਇਆ, ਤੁਲਸੀਰਾਮ ਸਾਬਕਾ ਐਸਐਸਪੀ, ਪਰਮਜੀਤ ਮਹੇ, ਬਲਵਿੰਦਰ ਪੁਆਰ, ਰਾਮ ਲਾਲ ਦਾਸ, ਪ੍ਰਿੰਸੀਪਲ ਤੀਰਥ ਬਸਰਾ, ਸੁਖਜੀਤ ਸਿੰਘ ਖਾਲੜਾ, ਡਾ. ਤਰਸੇਮ ਸਾਗਰ, ਸ਼੍ਰੀਮਤੀ ਸੁਨੀਤਾ ਸਰਪੰਚ ਸੰਗਲ ਸੋਹਲ ਤੋਂ ਅਲਾਵਾ ਭਾਰੀ ਗਿਣਤੀ ਵਿੱਚ ਲੋਕ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਸਮਾਗਮ 'ਚ ਪਹੁੰਚੇ।

# ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ ਵਿੱਚ ਇੱਕ ਸਾਲਾ ਯੋਗਾ ਡਿਪਲੋਮਾ ਕੋਰਸ ਹੋਇਆ ਸ਼ੁਰੂ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ, ਹੁਸ਼ਿਆਰਪੁਰ ਦੇ ਤਹਿਤ ਅੱਜ ਇੱਕ ਸਾਲਾ ਯੋਗਾ ਡਿਪਲੋਮਾ ਕੋਰਸ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਕੋਰਸ ਵਿਚ ਹੁਣ ਤੱਕ 127 ਵਿਦਿਆਰਥੀ ਦਾਖਲਾ ਲੈ ਚੁੱਕੇ ਹਨ। ਜਾਣਕਾਰੀ ਦਿੰਦਿਆਂ ਸੀ. ਐਮ ਦੀ ਯੋਗਸ਼ਾਲਾ ਪ੍ਰੋਜੈਕਟ ਦੀ ਜ਼ਿਲ੍ਹਾ ਕੋਆਰਡੀਨੇਟਰ ਮਾਧਵੀ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇਸ ਕੋਰਸ ਲਈ ਕੁੱਲ 200 ਸੀਟਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਹੁਣ ਤੱਕ ਸਿਰਫ਼ 127 ਸੀਟਾਂ ਹੀ ਭਰੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਯੋਗਾ ਡਿਪਲੋਮਾ ਕੋਰਸ ਲਈ ਜ਼ਿਲ੍ਹੇ ਵਿੱਚ ਦੋ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿੱਥੇ ਇਹ ਕੋਰਸ ਕਰਵਾਇਆ ਜਾਵੇਗਾ। ਕੋਈ ਵੀ ਵਿਅਕਤੀ ਜੋ ਯੋਗਾ ਵਿੱਚ ਇੱਕ ਸਾਲ ਦਾ ਡਿਪਲੋਮਾ ਕੋਰਸ ਕਰਨਾ ਚਾਹੁੰਦਾ ਹੈ, ਉਹ ਇਸ ਕੋਰਸ ਵਿਚ ਦਾਖਲਾ ਲੈ ਸਕਦਾ ਹੈ। ਮਾਧਵੀ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਕੋਰਸ ਲਈ ਹੋਰ ਦਾਖਲੇ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ https://graupunjab.org/results/ 'ਤੇ ਜਾ ਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# ਰਾਜਪਾਲ ਗ਼ੁਲਾਬ ਚੰਦ ਕਟਾਰੀਆ ਨੇ ਖਟਕੜ ਕਲਾਂ ਤੋਂ 'ਨਸ਼ਾ ਮੁਕਤ-ਰੰਗਲਾ ਪੰਜਾਬ ਮੁਹਿੰਮ ਦਾ ਕੀਤਾ ਆਗਾਜ਼



**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਰਾਜਪਾਲ ਗ਼ੁਲਾਬ ਚੰਦ ਕਟਾਰੀਆ ਵੱਲੋਂ ਅੱਜ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ 'ਨਸ਼ਾ ਮੁਕਤ-ਰੰਗਲਾ ਪੰਜਾਬ ਮੁਹਿੰਮ' ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਸ਼ਹੀਦ ਭਗਤ ਸਿੰਘ ਨੂੰ ਸ਼ਰਧ-ਾਂਜਲੀ ਭੇਟ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਨਸ਼ਾ ਮੁਕਤ, ਸਿਹਤਮੰਦ ਅਤੇ ਅਗਾਂਹਵਧੂ ਸਮਾਜ ਦੀ ਸਿਰਜਣਾ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਪੰਜਾਬ ਦੇ ਅਮੀਰ ਸੱਭਿਆਚਾਰਕ ਜੀਵਨ ਨੂੰ ਬਹਾਲ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਯਕੀਨੀ ਬਣਾਉਣ ਲਈ ਇਕ ਅਹਿਮ ਉਪਰਾਲਾ ਹੈ। ਇਸ ਮੌਕੇ ਉਨ੍ਹਾਂ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਨ ਤੋਂ ਇਲਾਵਾ ਉਨ੍ਹਾਂ ਦੇ ਪਿਤਾ ਸ। ਕਿਸ਼ਨ ਸਿੰਘ ਦੇ ਸਮਾਰਕ 'ਤੇ ਵੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਦੌਰਾਨ ਉਨਾਂ ਯਾਦਗਾਰ ਵਿਚਲੇ ਮਿਊਜ਼ੀਅਮ ਦਾ ਦੌਰਾ ਵੀ ਕੀਤਾ। ਉਨਾਂ ਕਿਹਾ ਕਿ ਖਟਕੜ ਕਲਾਂ ਦੀ ਧਰਤੀ 'ਤੇ ਆ ਕੇ ਉਨਾਂ ਨੂੰ ਬੇਹੱਦ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦ ਫ਼ਿਜ਼ਾ ਵਿਚ ਸਾਹ ਲੈ ਰਹੇ ਹਾਂ ਅਤੇ ਸਾਨੂੰ ਉਨਾਂ ਦੇ ਬਲੀਦਾਨ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਸ਼ਾਨਦਾਰ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨਾਂ ਦਾ ਸਨਮਾਨ ਕੀਤਾ।

# ਜਨਤਕ ਅਤੇ ਜਮਹੂਰੀ ਜਥੇਬੰਦੀਆਂ ਵਲੋਂ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਕਨਵੈਨਸ਼ਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਨਤਕ ਅਤੇ ਜਮਹੂਰੀ ਜਥੇਬੰਦੀਆਂ ਵਲੋਂ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੇ ਸ਼ੁਰੂ ਵਿਚਬੀਤੇ ਦਿਨੀਂ ਸਦਾ ਲਈ ਵਿਛੋੜਾ ਦੇ ਗਏ ਪ੍ਰੋਫੈਸਰ ਸਾਈਂ ਬਾਬਾ ਨੂੰ ਦੋ ਮਿੰਟ ਦਾ ਮੌਨ ਧਾਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ, ਪੰਜਾਬ ਦੇ ਸੂਬਾ ਕਨਵੀਨਰ ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਜਦੋਂ ਤੋਂ ਪੂੰਜੀਵਾਦ ਨੇ ਸਾਮਰਾਜਵਾਦੀ ਪ੍ਰਬੰਧ ਦਾ ਰੂਪ ਧਾਰਨ ਕੀਤਾ ਹੈ ਉਦੋਂ ਤੋਂ ਵਿਆਪਕ ਪੱਧਰ ਉੱਤੇ ਮਨੁੱਖੀ ਹੱਕਾਂ ਦਾ ਘਾਣ ਸ਼ੁਰੂ ਹੋਇਆ ਹੈ। ਦੋ ਸੰਸਾਰ ਜੰਗਾਂ ਵਿਚ ਸੰਪਤੀ ਅਤੇ ਮਨੁੱਖੀ ਜਾਨਾਂ ਦੀ ਵੱਡੀ ਪੱਧਰ ਉੱਤੇ ਹੋਈ ਤਬਾਹੀ ਉਪਰੰਤ ਦੁਨੀਆਂ ਭਰ ਵਿਚੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਸਵਾਲ ਜੋਰ ਫੜ ਗਿਆ ਜਿਸ ਨਾਲ ਸੰਯੁਕਤ ਰਾਸ਼ਟਰ ਸੰਗਠਨ ਨੇ ਮਨੁੱਖੀ ਅਧਿਕਾਰਾਂ ਦਾ ਐਲਾਨ–ਨਾਮਾ ਤਿਆਰ ਹੋਇਆ, ਜਿਸ ਐਲਾਨਨਾਮੇ ਉੱਤੇ ਹੋਰ ਦੇਸ਼ਾਂ ਸਮੇਤ ਭਾਰਤ ਨੇ ਵੀ ਦਸਤਖਤ ਕੀਤੇ। ਇਸਦੇ ਬਾਵਜੂਦ ਭਾਰਤ ਵਿਚ ਲੰਮੇ ਸਮੇ ਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਮੋਦੀ ਸਰਕਾਰ ਆਦਿਵਾਸੀਆਂ, ਮੁਸਲਮਾਨਾਂ, ਦਲਿਤਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਅਡਾਨੀ ਅੰਬਾਨੀ ਅਤੇ ਹੋਰ ਦੇਸੀ–ਵਿਦੇਸ਼ੀ ਕਾਰਪੋਰੇਟਰਾਂ ਨੂੰ ਲਾਭ ਦੇਣ ਲਈ ਜਨਤਕ ਸੰਪਤੀਆਂ ਨੂੰ ਉਹਨਾਂ ਦੇ ਹੱਥਾਂ ਵਿਚ ਦੇ ਰਹੀ ਹੈ ਜਿਹਨਾਂ ਵਿਚ ਦੇਸ਼ ਦੇ ਹਵਾਈ ਅੱਡੇ, ਰੇਲਵੇ ਸਟੇਸ਼ਨ, ਵਣ–ਸੰਪਤੀ ਸ਼ਾਮਲ ਹਨ। ਕਿਰਤੀਆਂ ਦੀ ਕਿਰਤ ਸ਼ਕਤੀ, ਕਿਸਾਨਾਂ ਦੀ ਖੇਤੀ ਉਪਜ ਨੂੰ ਕਾਰਪੋਰੇਟਰਾਂ ਕੋਲ ਲੁਟਾਉਣ ਲਈ ਸਰਕਾਰ ਹਰ ਹੀਲਾ ਵਰਤ ਰਹੀ ਹੈ। ਸਰਕਾਰ ਦੇ ਇਹਨਾਂ ਲੋਕ ਵਿਰੋਧੀ ਕਦਮਾਂ ਦੇ ਖਿਲਾਫ਼ ਉੱਠ ਰਹੀ ਆਵਾਜ਼ ਨੂੰ ਦਬਾਉਣ ਲਈ ਅਤੇ ਲੋਕ ਘੋਲਾਂ ਨੂੰ ਕੁਚਲਣ ਲਈ ਕਾਲੇ ਕਾਨੂੰਨ ਲਿਆਂਦੇ ਜਾ ਰਹੇ ਹਨ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਹਨ। ਇਹਨਾਂ ਕਾਲੇ ਕਾਨੂੰਨਾਂ ਦੀ ਵਰਤੋਂ ਕਰਕੇ ਲੋਕ ਪੱਖੀ ਆਗੂਆਂ, ਕਾਰਕੁਨਾਂ, ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਕਵੀਆਂ, ਕਲਾਕਾਰਾਂ, ਘੱਟ ਗਿਣਤੀਆਂ, ਆਦਿਵਾ–ਸੀਆਂ ਨੂੰ ਜੇਹਲਾਂ ਵਿਚ ਸੁੱਟਿਆ ਜਾ ਰਿਹਾ। ਉਹਨਾਂ ਦੇ ਘਰਾਂ ਅਤੇ ਜਾਇਦਾਦਾਂ ਉੱਤੇ ਬੁਲ–ਡੋਜਰ ਚਲਾਕੇ ਤਬਾਹ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਨਵੇਂ ਫੌਜਦਾਰੀ ਕਾਨੂੰਨ 'ਭਾਰਤੀ ਨਿਯਾਏ ਸੰਹਿਤਾ ' (ਬੀ ਐਨ ਐਸ) ਦੀਆਂ ਕੁਝ ਧਾਰਾਵਾਂ ਜਿਵੇਂ ਕਿ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂਏਪੀਏ) ਦੇ ਲਾਗੂ ਰਹਿਣ ਦੇ ਨਾਲੋ ਨਾਲ ਅੱਤਵਾਦੀ ਕਾਰਵਾਈਆਂ ਨੂੰ ਬੀਐਨ ਐਸ ਵਿੱਚ ਵੀ ਸ਼ਾਮਲ ਕਰਨਾ, ਅੱਤਵਾਦੀ ਕਾਰਵਾਈਆਂ ਤੇ ਸੰਗਠਿਤ ਅਪਰਾਧ ਦੀ ਪ੍ਰੀਭਾਸ਼ਾ ਦਾ ਘੇਰਾ ਵਧਾਉਣਾ, ਦਖਲਅੰਦਾਜ਼ੀ ਯੋਗ ਅਧਰਾਧ ਦੀ ਸੂਚਨਾ ਮਿਲਦੇ ਸਾਰ ਐਫਆਈਆਰ ਲਾਜ਼ਮੀ ਦਰਜ ਕਰਨ ਦੀ ਵਿਵਸਥਾ ਨੂੰ ਖਤਮ ਕਰਕੇ ਪੁਲੀਸ ਨੂੰ ਮਨਮਰਜ਼ੀ ਕਰਨ ਦੀ ਖੁੱਲ ਦੇਣਾ, ਹੱਥਕੜੀ ਲਗਾਉਣ ਦੀ ਖੁੱਲ ਦੇਣਾ ਅਤੇ 15 ਦਿਨ ਦੇ ਪੁਲਿਸ ਰੀਮਾਂਡ ਨੂੰ ਟੁੱਟਵੇਂ ਅਰਸਿਆਂ ਵਿਚ 60 ਦਿਨ ਤੱਕ ਰਿਮਾਂਡ ਲੈਣ ਸਕਣ ਦੀ ਖੁੱਲ ਦੇਣਾ ਆਦਿ ਬਹੁਤ ਖਤਰਨਾਕ ਧਾਰਾਵਾਂ ਹਨ। ਮਨੁੱਖੀ ਤੇ ਜਮਹੂਰੀ ਅਧਿਕਾਰਾਂ ਦੇ ਗੱਲ ਕਰਨ ਵਾਲੇ ਕਾਰਕੁਨਾਂ ਨੂੰ ਇਨ੍ਹਾਂ ਤਬਦੀਲੀਆਂ ਤੋਂ ਜਾਣੂ ਹੋਣਾ ਅਤੇ ਇਹਨਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨਾ ਬਹੁਤ ਜ਼ਰੂਰੀ ਹੈ।



ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਮਹਿਮੂਦ ਪੁਰ ਨੇ ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੰਗਲ ਕਾਨੂੰਨ, ਪਰਸਨਲ ਡੇਟਾ ਐਕਟ, ਕਿਰਤ ਕੋਡ ਮੋਦੀ ਸਰਕਾਰ ਵਲੋਂ ਇਸ ਸਾਲ ਲਿਆਂਦੇ ਗਏ ਹਨ। ਉਹਨਾਂ ਪ੍ਰਗਟਾਵਾ ਕੀਤਾ ਕਿ ਮਾਲਵੇਅਰ ਮੈਗਾਪੈਕਸਿਸ ਮਨੁੱਖੀ ਅਧਿਕਾਰਾਂ ਉੱਤੇ ਬਹੁਤ ਘਾਤਕ ਹਮਲਾ ਹੈ। ਭਾਵੇਂ ਇਸ ਨਾਲ ਇਕ ਵਿਅਕਤੀ ਦੀ ਜਸੂਸੀ ਕਰਨ ਉੱਤੇ 37 ਲੱਖ ਰੁਪੱਈਆ ਖਰਚ ਆਉਂਦਾ ਹੈ ਫਿਰ ਵੀ ਇਹ ਕੀਤੀ ਜਾ ਰਹੀ ਹੈ।ਇਸ ਨਾਲ ਜਿਸਨੂੰ ਸਰਕਾਰ ਚਾਹੇ ਨਿਸ਼ਾਨਾ ਬਣਾ ਸਕਦੀ ਹੈ। ਕਾਲੇ ਕਾਨੂੰਨ ਬਣਾਉਣ ਵਿਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਵੀ ਘੱਟ ਨਹੀਂ ਰਹੀਆਂ। 2008 ਵਿਚ ਯੂਏਪੀਏ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੀ ਲਿਆਂਦਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਸਖਤ ਕਾਨੂੰਨ ਬਣਾਉਣ ਦੀ ਸ਼ਰਤ 2010 ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੀ ਮੰਨੀ ਸੀ।

ਦੇਸ਼ ਦਾ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਦਾ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਪੁਲਸ ਅਧਿਕਾਰੀਆਂ ਨੂੰ ਸਿਵਲ ਸੁਸਾਇਟੀ ਦੇ ਆਗੂਆਂ ਨਾਲ ਨਜਿੱਠਣ ਦੀਆਂ ਸਲਾਹਾਂ ਦੇ ਚੁੱਕੇ ਹਨ। ਸਿਵਲ ਸੁਸਾਇਟੀ ਦੇ ਉਹ ਆਗੂ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਬੋਲਦੇ ਹਨ। ਮੋਦੀ ਸਰਕਾਰ ਛਤੀਸਗੜ੍ਹ ਸੂਬੇ ਦੇ ਨਰਾਇਣ ਪੁਰ ਜਿਲੇ ਵਿਚ 1 (ਇੱਕ) ਲੱਖ 36 ਹਜਾਰ ਏਕੜ ਰਕਬੇ ਵਿਚ ਫੌਜ ਦੀ ਅਭਿਆਸ ਰੇਂਜ ਬਣਾਉਣ ਜਾ ਰਹੀ ਹੈ ਜਿਸਦਾ ਅਰਥ ਆਦਿਵਾਸੀਆਂ ਦੇ ਰੋਹ ਨੂੰ ਦਬਾਉਣਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੇ ਮੋਦੀ ਸਰਕਾਰ ਦੀਆਂ ਜਿਆਦਤੀਆਂ ਦਾ ਵਿਰੋਧ ਕਰਨ ਲਈ ਜੋ ਸਾਂਝਾ ਮੰਚ ਬਣਾਇਆ ਹੈ ਉਹ ਇਹਨਾਂ ਜਥੇਬੰਦੀਆਂ ਦੀ ਪਹਿਲਕਦਮੀ ਹੈ। ਅਜਿਹੇ ਮੰਚ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਬਣਨੇ ਚਾਹੀਦੇ ਹਨ।

ਕਨਵੈਨਸ਼ਨ ਵਿਚ ਮਤੇ ਪਾਸ ਕਰਕੇ ਐਨ ਆਈ ਏ ਨੂੰ ਖਤਮ ਕਰਨ,ਕਿਰਤ ਕੋਡ ਰੱਦ ਕਰਕੇ ਪਹਿਲੇ ਕਿਰਤ ਕਾਨੂੰਨ ਬਹਾਲ ਕਰਨ, ਨਵੇਂ ਫੌਜਦਾਰੀ ਕਾਨੂੰਨ ਰੱਦ ਕਰਨ, ਛੱਤੀਸਗੜ੍ਹ ਵਿਚ ਫੌਜ ਦੀ ਅਭਿਆਸ ਰੇਂਜ ਦਾ ਫੈਸਲਾ ਰੱਦ ਕਰਨ, ਜੇਹਲਾਂ ਵਿਚ ਬੰਦ ਬੁੱਧੀਜੀਵੀ ਰਿਹਅ ਕਰਨ,ਸਜਾ ਪੂਰੀ ਕਰ ਚੁੱਕੇ ਸਾਰੇ ਕੈਦੀ ਰਿਹਾਅ ਕਰਨ ਦੀ ਮੰਗ ਕਰਦਿਆਂ ਦਿੱਲੀ ਜਾ ਰਹੇ ਕਿਸਾਨਾਂ ਉੱਤੇ ਢਾਹੇ ਗਏ ਪੁਲਸ ਜਬਰ ਦੀ ਨਿੰਦਾ ਕੀਤੀ ਗਈ।

ਇਸ ਕਨਵੈਨਸ਼ਨ ਦੀ ਪ੍ਰਧਾਨਗੀ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ, ਤਰਕਸ਼ੀਲ ਆਗੂ ਮਾਸਟਰ ਜਗਦੀਸ਼ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਨੇ ਕੀਤੀ। ਮੰਚ ਸੰਚਾਲਨ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ ਨੇ ਕੀਤਾ। ਸਾਰਿਆਂ ਦਾ ਧੰਨਵਾਦ ਅਸ਼ੋਕ ਕੁਮਾਰ ਨੇ ਕੀਤਾ।

## ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਕੂਲਾਂ ਵਿੱਚ ਸਰਦੀਆਂ ਦੀਆਂ ਛੁੱਟੀਆਂ ਦਾ ਐਲਾਨ

**ਚੰਡੀਗੜ੍ਹ, (ਦਲਜੀਤ ਕੌਰ)** ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਸਮੂਹ ਸਰਕਾਰੀ, ਪ੍ਰਾਈਵੇਟ ਏਡਿਡ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਸਰਦੀਆਂ ਦੇ ਮੌਸਮ ਨੂੰ ਮੱਦੇਨਜਰ ਰੱਖਦੇ ਹੋਏ ਸਾਲ 2024 ਦੌਰਾਨ ਮਿਤੀ 24 ਦਸੰਬਰ 2024 ਤੋਂ ਮਿਤੀ 31 ਦਸੰਬਰ 2024 ਤੱਕ ਸਰਦੀਆਂ ਦੀਆਂ ਛੁੱਟੀਆਂ ਕੀਤੀਆਂ ਗਈਆਂ ਹਨ। ਇਸ ਸੰਬੰਧੀ ਸਿੱਖਿਆ ਵਿਭਾਗ ਵੱਲੋਂ ਪੱਤਰ ਜਾਰੀ ਕੀਤਾ ਗਿਆ ਹੈ।

## ਮਨਰੇਗਾ ਵਿੱਚ 'ਘੱਟੋ-ਘੱਟ ਉਜਰਤ ਕਾਨੂੰਨ-1948' ਲਾਗੂ ਕਰਨ ਅਤੇ 200 ਦਿਨ ਰੋਜ਼ਗਾਰ ਦੇਣ ਦੀ ਉੱਠੀ ਮੰਗ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐਨ ਐਲ ) ਦੇ ਕਨਵੀਨਰ ਬਲਦੇਵ ਭਾਰਤੀ ਨੇ ਕਿਹਾ ਕਿ ਮਨਰੇਗਾ ਮਜ਼ਦੂਰ ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗ੍ਰੰਟੀ ਕਾਨੂੰਨ–2005 ਅਨੁਸਾਰ 'ਘੱਟੋ–ਘੱਟ ਉਜਰਤ ਕਾਨੂੰਨ–1948' ਅਧੀਨ ਤੈਅ ਕੀਤੀ ਗਈ ਦਿਹਾੜੀ ਲੈਣ ਦੇ ਕਾਨੂੰਨੀ ਤੌਰ ਤੇ ਹੱਕਦਾਰ ਹਨ। ਪੰਜਾਬ ਸਰਕਾਰ ਦੇ ਕਿਰਤ ਵਿਭਾਗ ਵਲੋਂ ਮਿਤੀ 01/09/2024 ਤੋਂ ਖੇਤੀਬਾੜੀ ਕਾਮਿਆਂ ਦੀ ਦਿਹਾੜੀ 441/–ਰੁ: 12 ਪੈਸੇ ਤੈਅ ਕੀਤੀ ਗਈ ਹੈ। ਪਰ ਪੰਜਾਬ ਵਿਚ ਮਨਰੇਗਾ ਮਜ਼ਦੂਰਾਂ ਨੂੰ ਕੇਂਦਰ ਸਰਕਾਰ ਵਲੋਂ ਤੈਅ ਕੀਤੀ 322/–ਰੁ: ਦਿਹਾੜੀ ਹੀ ਮਿਲ ਰਹੀ ਹੈ ਅਤੇ ਹਰੇਕ ਮਜ਼ਦੂਰ ਦਾ ਪ੍ਰਤੀ ਦਿਹਾੜੀ 119/–ਰੁ।12 ਪੈਸੇ ਨੁਕਸਾਨ ਹੋ ਰਿਹਾ ਹੈ। ਪੰਜਾਬ ਸਰਕਾਰ ਘੱਟੋ–ਘੱਟ ਉੱਜਰਤ ਕਾਨੂੰਨ–1948 ਅਨੁਸਾਰ ਬਣਦੀ ਦਿਹਾੜੀ ਦੇਣ ਲਈ ਆਪਣਾ ਬਣਦਾ ਹਿੱਸਾ ਨਹੀਂ ਪਾ ਰਹੀ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਵਿੱਚ 'ਘੱਟੋ–ਘੱਟ ਓਜਰਤ ਕਾਨੂੰਨ –1948' ਲਾਗੂ ਕਰਦਿਆਂ ਮਜ਼ਦੂਰਾਂ ਦੀ ਦਿਹਾੜੀ ਕਿਰਤ ਵਿਭਾਗ ਵਲੋਂ ਤੈਅ ਕੀਤੀ ਦਿਹਾੜੀ ਦੇ ਬਰਾਬਰ ਕੀਤੀ ਜਾਵੇ। ਐਨ ਐਲ ਦੇ ਮੁਖੀ ਬਲਦੇਵ ਭਾਰਤੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਤੀ 01 ਸਤੰਬਰ 2024 ਤੋਂ ਸਿੱਖਿਅਤ (ਸਕਿਲਡ) ਕਾਮਿਆਂ ਲਈ ਰੋਜ਼ਾਨਾ ਦਿਹਾੜੀ 487/–ਰੁ 42 ਪੈਸੇ ਤੈਅ ਕੀਤੀ ਗਈ ਹੈ। ਪਰ ਮਨਰੇਗਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਲੇ ਮੇਟ ਜੋ ਕਿ ਸਕਿਲਡ ਸ਼੍ਰੇਣੀ ਵਿੱਚ ਆਉਂਦੇ ਹਨ ਨੂੰ ਇਸ ਦੇ ਬਰਾਬਰ ਨਹੀਂ ਬਲਕਿ ਮਨਰੇਗਾ ਮਜ਼ਦੂਰਾਂ ਦੀ 322/–ਰੁ ਦਿਹਾੜੀ ਹੀ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਮੇਟਾਂ ਦਾ ਪ੍ਰਤੀ ਦਿਨ 165/–ਰੁ 42 ਪੈਸੇ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮੇਟਾਂ ਨੂੰ ਸਕਿਲਡ ਵੇਜ਼ ਮਿਲਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਰੋਜ਼ਗਾਰ ਵਿੱਤੀ ਸਾਲ ਦੌਰਾਨ 100 ਦਿਨਾਂ ਤੋਂ ਵਧਾ ਕੇ ਘੱਟੋ ਘੱਟ 200 ਦਿਨ ਕੀਤਾ ਜਾਵੇ।

## ਟੀਬੀ ਮੁਕਤ ਭਾਰਤ 100 ਦਿਨਾਂ ਅਭਿਆਨ 7 ਦਸੰਬਰ ਤੋਂ 24 ਮਾਰਚ ਤੱਕ ਜਾਰੀ ਰਹੇਗਾ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਵਿਭਾਗ ਪੰਜਾਬ ਵੱਲੋਂ "ਕੌਮੀ ਟੀ।ਬੀ। ਕੰਟਰੋਲ ਪ੍ਰੋਗਰਾਮ" ਦੇ ਤਹਿਤ ਟੀ।ਬੀ ਵਰਗੀ ਗੰਭੀਰ ਬਿਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ 100 ਦਿਨਾਂ ਟੀ।ਬੀ। ਮੁਕਤ ਮੁਹਿੰਮ ਦੀ ਸ਼ੁਰੂਆਤ ਅੱਜ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਹਲਕਾ ਹੁਸ਼ਿਆਰਪੁਰ ਦੇ ਵਿਧਾਇਕ ਮਾਣਯੋਗ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਵੱਲੋਂ ਟੀਬੀ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦਿਖਾ ਕੇ ਕੀਤੀ ਗਈ। ਇਸ ਮੌਕੇ ਉਹਨਾਂ ਦੇ ਨਾਲ ਸਿਵਲ ਸਰਜਨ ਡਾ ਪਵਨ ਕੁਮਾਰ ਸ਼ਗੋਤਰਾ, ਮੇਅਰ ਸ੍ਰੀ ਸੁਰਿੰਦਰ ਕੁਮਾਰ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ ਸਿਵਲ ਹਸਪਤਾਲ ਹੁਸ਼ਿਆਰਪੁਰ ਡਾ: ਸਵਾਤੀ, ਐਸ.ਐਮ. ਡਾ: ਕੁਲਦੀਪ ਸਿੰਘ, ਸਹਾਇਕ ਸਿਵਲ ਸਰਜਨ ਡਾ. ਕਮਲੇਸ਼ ਕੁਮਾਰੀ, ਜ਼ਿਲ੍ਹਾ ਸਿਹਤ ਅਫ਼ਸਰ ਡਾ। ਜਤਿੰਦਰ ਭਾਟੀਆ, ਸ੍ਰੀ ਸਤਵੰਤ ਸਿੰਘ ਸਿਆਣ, ਛਾਤੀ ਅਤੇ ਟੀ.ਬੀ. ਰੋਗ ਦੇ ਮਾਹਰ ਡਾ: ਗੁਰਪ੍ਰੀਤ ਸਿੰਘ, ਡਿਪਟੀ ਮਾਸ ਮੀਡੀਆ ਅਫ਼ਸਰ ਡਾ. ਤ੍ਰਿਪਤਾ ਦੇਵੀ, ਡਿਪਟੀ ਮਾਸ ਮੀਡੀਆ ਅਫ਼ਸਰ ਰਮਨਦੀਪ ਕੌਰ, ਸ੍ਰੀ ਵਿਜੇ ਕੁਮਾਰ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ। ਇਸ ਦੌਰਾਨ ਟੀਬੀ ਬਾਰੇ ਜਾਗਰੂਕਤਾ ਭਰਪੂਰ ਇੱਕ ਪੋਸਟਰ ਵੀ ਜਾਰੀ ਕੀਤਾ ਗਿਆ। ਉਪਰੰਤ ਟੀ.ਬੀ. ਦੇ ਖਾਤਮੇ ਲਈ ਸਭ ਦੇ ਸਹਿਯੋਗ ਅਤੇ ਭਾਗੀਦਾਰੀ ਲਈ ਸਹੁੰ ਵੀ ਚੁੱਕੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਬ੍ਰਹਮ ਸ਼ੰਕਰ ਜਿੰਪਾ ਜੀ ਨੇ ਦੱਸਿਆ ਕਿ ਇਸ ਮੁਹਿੰਮ ਰਾਹੀਂ ਜ਼ਿਲ੍ਹੇ ਦੇ ਹਾਈ ਰਿਸਕ ਟੀ।ਬੀ ਦੇ ਮਰੀਜ਼ਾਂ ਦੀ ਜਾਂਚ ਅਤੇ ਇਲਾਜ ਕੀਤਾ ਜਾਵੇਗਾ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੀਬੀ ਹੁਣ ਲਾਇਲਾਜ ਨਹੀਂ ਹੈ। ਇਸ ਮੁਹਿੰਮ ਨਾਲ ਅਸੀਂ ਟੀ।ਬੀ ਦੇ ਖਾਤਮੇ ਲਈ ਵੱਡਾ ਕਦਮ ਚੁੱਕਾਂਗੇ। ਉਨ੍ਹਾਂ ਸਿਹਤ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਇਸ ਮੁਹਿੰਮ ਵਿਚ ਸਰਗਰਮ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਕਜੁੱਟਤਾ ਅਤੇ ਲਗਨ ਨਾਲ ਹਰ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸਿਵਲ ਸਰਜਨ ਡਾ ਪਵਨ ਕੁਮਾਰ ਸ਼ਗੋਤਰਾ ਨੇ ਦੱਸਿਆ ਕਿ ਇਸ ਮੁਹਿੰਮ ਵਿੱਚ ਜ਼ਮੀਨੀ ਪੱਧਰ ਤੇ ਟੀਮਾਂ ਬਣਾ ਕੇ ਉਨ੍ਹਾਂ ਸਮੂਹਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਜੋ ਟੀਬੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਹਨ। ਇਸ ਮੁਹਿੰਮ ਦੇ ਤਹਿਤ, ਸ਼ੂਗਰ ਅਤੇ ਕੁਪੋਸ਼ਣ ਤੋਂ ਪੀੜਤ ਲੋਕ, ਸਿਗਰਟਨੋਸ਼ੀ ਅਤੇ ਸ਼ਰਾਬ ਪੀਣ ਵਾਲੇ, ਐਚਆਈਵੀ ਸੰਕਰਮਿਤ ਅਤੇ ਸਾਬਕਾ ਟੀਬੀ ਦੇ ਮਰੀਜ਼ ਅਤੇ ਭੱਠੇ, ਉਸਾਰੀ ਸਾਈਟਾਂ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਵਰਗ ਦੇ ਲੋਕਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਦੌਰਾਨ ਡਾ ਗੁਰਪ੍ਰੀਤ ਸਿੰਘ ਵੱਲੋਂ ਇਸ ਸਾਰੀ ਮੁਹਿੰਮ ਦੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਉਹਨਾਂ ਕਿਹਾ ਤਪਦਿਕ ਨਾਲ ਜੁੜੇ ਹਰ ਸਿਹਤ ਕਰਮਚਾਰੀ, ਨਿਕਸ਼ੈ ਮਿੱਤਰਾ ਅਤੇ ਆਮ ਲੋਕਾਂ ਦੇ ਯਤਨ ਟੀਬੀ ਦੇ ਖਾਤਮੇ ਵਿੱਚ ਮੀਲ ਪੱਥਰ ਸਾਬਤ ਹੋਣਗੇ।



## ਚੰਗੀ ਸਿੱਖਿਆ ਤੁਹਾਡੀ ਸਾਰੀ ਉਮਰ ਸਹਾਰਾ ਦਿੰਦੀ ਹੈ - ਪਰਮਜੀਤ ਸਚਦੇਵਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਸਕੂਲ ਵਿੱਦਿਆ ਦਾ ਚਾਨਣ ਫੈਲਾਉਣ ਵਿੱਚ ਅਹਿਮ ਰੋਲ ਅਦਾ ਕਰ ਰਹੇ ਹਨ ਅਤੇ ਇਹੀ ਕਾਰਨ ਹੈ ਕਿ ਸਕੂਲਾਂ ਵਿੱਚ ਦਾਖਲਾ ਵੱਧ ਰਿਹਾ ਹੈ, ਇਹ ਗੱਲ ਸਮਾਜ ਸੇਵੀ ਤੇ ਵਪਾਰੀ ਪਰਮਜੀਤ ਸਿੰਘ ਸਚਦੇਵਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਤੋਵਾਲ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੀ। ਅਤੇ ਇਸ ਮੌਕੇ ਸਕੂਲ ਦੇ 6ਵੀਂ ਤੋਂ 12ਵੀਂ ਜਮਾਤ ਤੱਕ ਦੇ 25 ਵਿਦਿਆਰਥੀਆਂ ਨੂੰ ਜਗਜੀਤ ਸਿੰਘ ਸਚਦੇਵਾ ਯਾਦਗਾਰੀ ਸਕਾਲਰਸ਼ਿਪ ਮੁਹਿੰਮ ਤਹਿਤ ਵਜ਼ੀਫ਼ਾ ਰਾਸ਼ੀ ਵੰਡੀ ਗਈ ਇਨ੍ਹਾਂ ਵਿਦਿਆਰਥੀਆਂ ਨੂੰ 46 ਹਜ਼ਾਰ 500 ਰੁਪਏ ਦੇ ਵਜ਼ੀਫੇ ਦਿੱਤੇ ਗਏ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਮੈਡਲ ਵੀ ਦਿੱਤੇ ਗਏ। ਵਰਨਣਯੋਗ ਹੈ ਕਿ ਪਰਮਜੀਤ ਸਿੰਘ ਸਚਦੇਵਾ ਪਿਛਲੇ ਲੰਮੇ ਸਮੇਂ ਤੋਂ ਆਪਣੇ ਪਿਤਾ ਦੀ ਯਾਦ ਵਿੱਚ ਹਰ ਸਾਲ ਵੱਖ–ਵੱਖ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦੀ ਰਾਸ਼ੀ ਵੰਡਦੇ ਆ ਰਹੇ ਹਨ ਤਾਂ ਜੋ ਹੋਣਹਾਰ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਅੱਗੇ ਵੱਧ ਸਕਣ।



ਇਸ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਚਦੇਵਾ ਨੇ ਕਿਹਾ ਕਿ ਵਿੱਦਿਆ ਦੀ ਰੋਸ਼ਨੀ ਨਾਲ ਤੁਸੀਂ ਆਪਣੇ ਜੀਵਨ ਵਿੱਚ ਬੁਲੰਦੀਆਂ ਨੂੰ ਛੂਹ ਸਕਦੇ ਹੋ, ਉਨ੍ਹਾਂ ਕਿਹਾ ਕਿ ਸਫਲਤਾ ਉਨ੍ਹਾਂ ਦੇ ਪੈਰ ਚੁੰਮਦੀ ਹੈ ਜਿਨ੍ਹਾਂ ਕੋਲ ਸਿੱਖਿਆ ਹੋਵੇ। ਪਰਮਜੀਤ ਸਚਦੇਵਾ ਨੇ ਕਿਹਾ ਕਿ ਵਿਦਿਆਰਥੀ ਜੀਵਨ ਦੌਰਾਨ ਕੀਤੀ ਮਿਹਨਤ ਦਾ ਫਲ ਸਾਰੀ ਉਮਰ ਮਿਲਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਅਤੇ ਸਟਾਫ਼ ਮੈਂਬਰ ਵੀ ਹਾਜ਼ਰ ਸਨ।

## ਯੁਵਾ ਸਾਹਿਤੀ ਅਧੀਨ ਕਵਿਤਾ ਤੇ ਕਹਾਣੀ ਪਾਠ 9 ਦਸੰਬਰ ਨੂੰ

ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਸਹਿਯੋਗ ਨਾਲ "ਯੁਵਾ ਸਾਹਿਤੀ" ਸਿਰਲੇਖ ਅਧੀਨ 9 ਦਸੰਬਰ ਨੂੰ ਸਵੇਰੇ 11 ਵਜੇ ਕਲਾ ਪਰਿਸ਼ਦ ਸੈਕਟਰ 16, ਚੰਡੀਗੜ੍ਹ ਦੇ ਹਾਲ ਵਿਚ ਪੰਜਾਬੀ ਕਵਿਤਾ ਅਤੇ ਕਹਾਣੀ ਪਾਠ ਕਰਵਾਇਆ ਜਾ ਰਿਹਾ ਹੈ। ਕਵਿਤਾ ਵਿਚ ਨੌਜਵਾਨ ਸ਼ਾਇਰ ਸੰਦੀਪ ਸਿੰਘ ਤੇ ਸ਼ਾਇਰਾ ਜਸਲੀਨ ਆਪਣੀਆਂ ਕਵਿਤਾਵਾਂ ਦਾ ਪਾਠ ਕਰਨਗੇ। ਕਹਾਣੀ ਭਾਗ ਵਿਚ ਨੌਜਵਾਨ ਕਹਾਣੀਕਾਰ ਗੁਰਮੀਤ ਆਰਿਫ ਤੇ ਉਭਰਦੀ ਕਹਾਣੀਕਾਰਾ ਰੇਮਨ ਆਪਣੀਆਂ ਕਹਾਣੀਆਂ ਦਾ ਪਾਠ ਕਰਨਗੇ। ਇਸ ਸਮਾਗਮ ਦੇ



ਕੁਆਰਡੀਨੇਟਰ ਡਾ. ਅਮਰਜੀਤ ਸਿੰਘ ਹੋਣਗੇ।

ਭਾਰਤੀ ਸਾਹਿਤ ਅਕਾਦਮੀ, ਦਿੱਲੀ ਵਿੱਚ ਪੰਜਾਬੀ ਦੇ ਸਲਾਹਕਾਰ ਬੋਰਡ ਦੇ ਕਨਵੀਨਰ ਉੱਘੇ ਵਿਦਵਾਨ ਡਾ. ਰਵੇਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਹੈ ਕਿ ਭਾਰਤੀ ਸਾਹਿਤ ਅਕਾਦਮੀ ਵੱਲੋਂ ਵੱਖ ਵੱਖ ਵਰਗਾਂ ਲਈ ਕਈ ਸਮਾਗਮ ਉਲੀਕੇ ਜਾਂਦੇ ਹਨ, ਜਿਨ੍ਹਾਂ ਵਿਚ ਯੁਵਾ ਸਾਹਿਤੀ, ਨਾਰੀ ਚੇਤਨਾ, ਗ੍ਰਾਮਾ ਲੋਕ, ਕਵੀ ਸੰਧੀ, ਕਥਾ ਸੰਧੀ, ਦਲਿਤ ਚੇਤਨਾ, ਬੁੱਕ ਡਿਸਕਸ਼ਨਜ਼, ਮੇਰੇ ਝਰੋਖੇ 'ਚੋਂ,ਲੇਖਕ ਜਨਮ ਸ਼ਤਾਬਦੀ ਦਿਵਸ, ਬੇਬਲਾਈਨ, ਸੰਵਾਦ, ਪੁਸਤਕਾਇਨ ਆਦਿ ਹਨ। ਉਹਨਾਂ ਅੱਗੇ ਜੋੜਿਆ ਕਿ ਪੰਜਾਬ ਵਿਚ ਵੱਡੀ ਗਿਣਤੀ ਵਿਚ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾ ਚੁੱਕੇ ਹਨ ਅਤੇ ਭਵਿੱਖ ਵਿਚ ਵੀ ਵੱਖ ਵੱਖ ਸੰਸਥਾਵਾਂ ਦਾ ਸਹਿਯੋਗ ਲੈ ਕੇ ਇਹ ਕਾਰਜ ਕੀਤੇ ਜਾਂਦੇ ਰਹਿਣਗੇ। **– ਸੰਦੀਪ ਘੰਡ**

# ਅਰਪਨ ਸੰਸਥਾ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਪਿੰਡ ਮੇਘਪੁਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ

ਅਰਪਨ ਸੰਸਥਾ ਵਲੋਂ ਸੋਸਵਾ ਪੰਜਾਬ ਦੀ ਮੱਦਦ ਨਾਲ ਪਿੰਡ ਮੇਘਪੁਰ ਵਿੱਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਸਾਂਈ ਪਰਵੇਜ ਸ਼ਾਹ ਮੁੱਖ ਸੇਵਾਦਾਰ ਦਰਗਾਹ ਫਕੀਰ ਸਾਂਈ ਬਾਬਾ ਬੁੱਢਣ ਸ਼ਾਹ ਜੀ ਕੀਰਤਪੁਰ ਸਾਹਿਬ ਮੁੱਖ ਮਹਿਮਾਨ ਵਜੋਂ ਪਹੁੰਚੇ। ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਅਰਪਨ ਸੰਸਥਾ ਦੇ ਮੈਂਬਰ ਮੈਡਮ ਰੀਮਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਇਸ ਪ੍ਰੋਗਰਾਮ ਬਾਰੇ ਦੱਸਿਆ। ਸਮਾਗਮ ਵਿੱਚ ਹਾਜਰ ਸਿਖਿਆਰਥਣਾਂ ਕੰਚਨ, ਚੰਦਰਕਾਂਤਾ, ਸੁਦੇਸ਼ ਕੁਮਾਰੀ, ਰਮਨਦੀਪ ਕੌਰ, ਮੁਖਤਿਆਰ ਕੌਰ, ਰਜਨੀ ਬਾਲਾ, ਸੁਨੀਤਾ ਦੇਵੀ, ਅਮਨਦੀਪ ਕੌਰ, ਰੀਤੂ, ਸੁਨੀਤਾ, ਊਸ਼ਾ, ਜੋਤੀ, ਸ਼ਿੰਦੋ, ਪੂਨਮ, ਸ਼ਿਲਪਾ, ਅਨੀਤਾ, ਬਲਜੀਤ ਕੌਰ, ਵੀਰੋ, ਮਨਜੀਤ ਕੌਰ, ਪ੍ਰਿੰਅਕਾ ਆਦਿ ਨੇ ਸਿਲਾਈ ਸੈਂਟਰ ਦੇ ਅਪਣੇ ਤਜ਼ਰਬੇ ਸਾਂਝੇ ਕੀਤੇ। ਆਏ ਹੋਏ ਮਹਿਮਾਨਾਂ ਨੇ ਸੈਂਟਰ ਦੀਆਂ ਸਿਖਿਆਰਥਣਾਂ ਵਲੋਂ ਤਿਆਰ ਕੀਤੇ ਗਏ ਸਮਾਨ ਨੂੰ ਵੇਖਿਆ ਅਤੇ ਸਲਾਹੁਣਾ ਕੀਤੀ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅਰਪਨ ਸੰਸਥਾਂ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰ ਚੁੱਕੀਆਂ ਸੈਂਕੜੇ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਸਿਖਿਆਰਥਣਾ ਵੀ ਇਸ ਕਿੱਤੇ ਨੂੰ ਅਪਣਾਉਣਗੀਆਂ ਅਤੇ ਆਰਥਿਕ ਤੋਰ ਤੇ ਆਤਮ ਨਿਰਭਰ ਬਣ ਸਕਣਗੀਆਂ। ਉਨ੍ਹਾਂ ਨੇ ਸਰਕਾਰ ਵਲੋ ਮਹਿਲਾਵਾਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਯੂਥ ਕਲੱਬ ਆਗੂ ਬਲਵਿੰਦਰ ਲਾਖਾ ਨੇ ਕਿਹਾ ਕਿ ਪਿੰਡਾਂ ਵਿੱਚ ਲੜਕੀਆਂ ਅਤੇ ਮਹਿਲਾਵਾਂ ਲਈ ਇਸ ਤਰਾਂ ਦੇ ਸਿਖਲਾਈ ਪ੍ਰੋਗਰਾਮਾਂ ਦੀ ਬਹੁਤ ਜਰੂਰਤ ਹੈ ਤਾਂ ਜੋ ਇਸ ਤਰਾਂ ਦੀ ਸਿਖਲਾਈ ਮੁਕੰਮਲ ਕਰਨ ਤੋਂ ਬਾਦ ਲੜਕੀਆਂ ਆਰਥਿਕ ਤੋਰ ਤੇ ਆਤਮ ਨਿਰਭਰ ਹੋ ਸਕਣ।

ਉਹਨਾਂ ਨੇ ਹਾਜਰ ਮਹਿਲਾਵਾਂ ਅਤੇ ਲੜਕੀਆਂ ਨੂੰ ਬੇਨਤੀ ਕੀਤੀ ਕਿ ਅਜਿਹੀਆਂ ਸਕੀਮਾਂ ਬਾਰੇ ਜਾਣਕਾਰੀ ਜਰੂਰਤਮੰਦਾਂ ਤੱਕ ਜਰੂਰ ਪਹੁੰਚਾਣ ਤਾਂ ਜੋ ਉਹ ਇਨ੍ਹਾਂ ਸਕੀਮਾਂ ਦਾ ਲਾਭ ਉਠਾ ਸਕਣ ਜਿਸ ਨਾਲ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ।

ਸੋਸ਼ਲ ਵਰਕਰ ਮੈਡਮ ਮਧੂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਕਿਸੇ ਗੱਲੋਂ ਮੁੰਡਿਆਂ ਨਾਲੋ ਘੱਟ ਨਹੀਂ ਹਨ ਅਤੇ ਜੇਕਰ ਉਨ੍ਹਾਂ ਨੂੰ ਕੁੱਝ ਕਰਨ ਅਤੇ ਸਿੱਖਣ ਦਾ ਮੌਕਾ ਮਿਲ਼ੇ ਤਾਂ ਉਹ ਮੁੰਡਿਆਂ ਨਾਲੋਂ ਵੀ ਵੱਧ ਲਗਨ ਨਾਲ ਸਿਖਦੀਆਂ ਹਨ। ਉਹਨਾਂ ਨੇ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਕਟਿੰਗ ਟੇਲਰਿੰਗ ਸੈਂਟਰ ਦੇ ਇੰਚਾਰਜ ਮੈਡਮ ਰਜਨੀ ਦੇਵੀ ਨੇ ਇਸ ਸਿਖਲਾਈ ਕੋਰਸ ਦੌਰਾਨ ਦਿਤੀ ਗਈ ਟ੍ਰੇਨਿੰਗ ਬਾਰੇ ਵਿਸਥਾਰ ਵਿੱਚ ਦੱਸਿਆ। ਮੁੱਖ ਮਹਿਮਾਨ ਸਾਂਈ ਪਰਵੇਜ ਸ਼ਾਹ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜ੍ਹਤਾ, ਨਸ਼ੇ, ਲੜਕੀਆਂ ਨਾਲ ਹੋ ਰਹੇ ਵਿਤਕਰੇ ਖਿਲਾਫ ਲੜਣ ਲਈ ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ।

ਉਹਨਾਂ ਨੇ ਸਮਾਜ ਵਿੱਚ ਲੜਕੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਉਨ੍ਹਾਂ ਨੇ ਅਰਪਨ ਸੰਸਥਾ ਵਲੋਂ ਚਲਾਏ ਜਾ ਰਹੇ ਸਮਾਜਿਕ ਕਾਰਜਾਂ ਲਈ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿਤਾ। ਮੈਡਮ ਸੁਦੇਸ਼ ਕੁਮਾਰੀ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਮੇਸ਼ ਚੰਦਰ, ਸਰਪੰਚ ਗੋਪਾਲ ਅਗਨਿਹੋਤਰੀ, ਸਰਪੰਚ ਸੋਨੀਆ, ਪ੍ਰਹਲਾਦ, ਮੁਨੀਸ ਕੁਮਾਰ, ਪ੍ਰਧਾਨ ਬਲਕਾਰ ਸਿੰਘ, ਨਰੈਣ ਦਾਸ ਆਦਿ ਹਾਜਰ ਸਨ।



# ਦੇਸ਼ ਭਗਤ ਯੂਨੀਵਰਸਿਟੀ ਦੇ ਆਰਟਿਸਟ ਦਾ ਜਾਪਾਨ ਦੇ ਕਾਮਾਕੁਰਾ ਆਰਟ ਫੈਸਟੀਵਲ ਵਿੱਚ ਵਿਸ਼ਵ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੇ ਫਾਈਨ ਆਰਟਸ ਦੇ ਸਹਾਇਕ ਪ੍ਰੋਫੈਸਰ ਡਾ। ਰਾਹੁਲ ਧੀਮਾਨ ਨੇ ਜਾਪਾਨ ਵਿੱਚ ਵੱਕਾਰੀ ਕਾਮਾਕੁਰਾ ਆਰਟ ਫੈਸਟੀਵਲ ਵਿੱਚ ਯੂਨੀਵਰਸਿਟੀ ਅਤੇ ਭਾਰਤ ਦੀ ਨੁਮਾਇੰਦਗੀ ਕੀਤੀ ਅਤੇ ਵਿਸ਼ਵ ਪੱਧਰ 'ਤੇ ਯੂਨੀਵਰਸਿਟੀ ਦਾ ਨਾਮ ਰੋਸ਼ਨ ਕੀਤਾ ਹੈ।

ਕਾਸਾਗੀ ਆਰਟ ਗੈਲਰੀ, ਜਾਪਾਨ ਅਤੇ ਚੰਡੀਗੜ੍ਹ ਲਲਿਤ ਕਲਾ ਅਕੈਡਮੀ, ਭਾਰਤ ਦੁਆਰਾ ਆਯੋਜਿਤ ਇਸ ਅੰਤਰਰਾਸ਼ਟਰੀ ਪ੍ਰਦਰਸ਼ਨੀ ਨੇ ਭਾਰਤੀ ਅਤੇ ਜਾਪਾਨੀ ਕਲਾਕਾਰਾਂ ਵਿਚਕਾਰ ਰਚਨਾਤਮਕਤਾ ਦੇ ਸੱਭਿਆਚਾਰਕ ਅਦਾਨ-ਪ੍ਰਦਾਨ ਦਾ ਇਕ ਬਿਹਤਰੀਨ ਪਲੇਟਫਾਰਮ ਪ੍ਰਦਾਨ ਕੀਤਾ ਹੈ।

ਡਾ. ਧੀਮਾਨ ਦੀ ਬੇਮਿਸਾਲ ਕਲਾਕ੍ਰਿਤੀ, ਜਿਸ ਨੂੰ ਗਲੋਬਲ ਡੈਲੀਗੇਟਾਂ ਅਤੇ ਕਲਾ ਪ੍ਰੇਮੀਆਂ ਦੁਆਰਾ ਵਿਆਪਕ ਪ੍ਰਸ਼ੰਸਾ ਪ੍ਰਾਪਤ ਹੋਈ, ਨੂੰ ਰਸਮੀ ਅਦਾਨ-ਪ੍ਰਦਾਨ ਦੌਰਾਨ ਜਾਪਾਨੀ ਕਲਾਕਾਰਾਂ ਨੂੰ ਤੋਹਫ਼ੇ ਵਜੋਂ ਵੀ ਪੇਸ਼ ਕੀਤਾ ਗਿਆ, ਜੋ ਇੱਕ ਗਲੋਬਲ ਪਲੇਟਫਾਰਮ 'ਤੇ ਭਾਰਤੀ ਕਲਾ ਦੀ ਅਮੀਰੀ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਇਸ ਯੋਗਦਾਨ ਨੇ ਡੀਬੀਯੂ ਦੇ ਫਾਈਨ ਆਰਟਸ ਵਿਭਾਗ ਨੂੰ ਅੰਤਰ-ਰਾਸ਼ਟਰੀ ਮਾਨਤਾ ਦੇ ਮੋਹਰੀ ਸਥਾਨ 'ਤੇ ਰੱਖਿਆ ਹੈ। ਚਾਂਸਲਰ ਡਾ: ਜ਼ੋਰਾ ਸਿੰਘ ਨੇ ਡਾ: ਰਾਹੁਲ ਧੀਮਾਨ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਤਹਿ ਦਿਲੋਂ ਵਧਾਈ ਦਿੱਤੀ । ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਅੰਤਰ-ਰਾਸ਼ਟਰੀ ਮੰਚ 'ਤੇ ਧੀਮਾਨ ਦੀ ਭਾਗੀਦਾਰੀ ਅਤੇ ਮਾਨਤਾ ਦੇਸ਼ ਭਗਤ ਯੂਨੀਵਰਸਿਟੀ ਵਿਖੇ ਫਾਈਨ ਆਰਟਸ ਦੀ ਸਿੱਖਿਆ ਦੀ ਬੇਮਿਸਾਲ ਗੁਣਵੱਤਾ ਦਾ ਪ੍ਰਮਾਣ ਹੈ। ਸਾਡਾ ਧਿਆਨ ਹਮੇਸ਼ਾ ਰਚਨਾਤਮਕਤਾ ਨੂੰ ਪਾਲਣ ਅਤੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਗਲੋਬਲ ਮੌਕਿਆਂ ਲਈ ਤਿਆਰ ਕਰਨ 'ਤੇ ਰਿਹਾ ਹੈ। ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਵੀ ਕਲਾਤਮਕ ਉੱਤਮਤਾ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹੋਏ ਡਾ। ਧੀਮਾਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਫੈਕਲਟੀ ਦੇ ਸਮਰਪਣ ਅਤੇ ਵਿਸ਼ਵਵਿਆਪੀ ਪਹੁੰਚ ਦੇ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ।

ਇਸ ਮੌਕੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਫਾਈਨ ਆਰਟਸ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਆਪਣੇ ਮਿਸ਼ਨ ਵਿੱਚ ਅਡੋਲ ਹੈ, ਜੋ ਨਵੀਨਤਾਕਾਰੀ ਦਿਮਾਗਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਪੱਧਰ 'ਤੇ ਪ੍ਰਭਾਵ ਪਾ ਸਕਦੇ ਹਨ। ਇਹ ਪ੍ਰਾਪਤੀ ਚਾਹਵਾਨ ਕਲਾਕਾਰਾਂ ਲਈ ਇੱਕ ਪ੍ਰੇਰਨਾ ਅਤੇ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਯਤਨਾਂ ਲਈ ਇੱਕ ਮੀਲ ਪੱਥਰ ਵਜੋਂ ਕੰਮ ਕਰੇਗੀ।



# ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਜਲਦਬਾਜੀ 'ਚ ਕਰਵਾਈਆਂ ਜਾ ਰਹੀਆਂ ਨੇ

**ਜਲੰਧਰ–** ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਤੇ ਸੀ.ਪੀ.ਆਈ. ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਚੋਣ ਕਮਿਸ਼ਨ ਨੇ 5 ਨਗਰ ਨਿਗਮਾਂ, 44 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਲਈ 21 ਦਸੰਬਰ ਦਾ ਜੋ ਐਲਾਨ ਕੀਤਾ ਹੈ ਇਹ ਬਹੁਤ ਜਲਦ ਬਾਜ਼ੀ ਵਿੱਚ ਹੋਇਆ ਹੈ। ਚੋਣਾਂ ਲਈ ਵਾਰਡ ਬੰਦੀ ਦਾ ਅਮਲ ਵੀ ਸਹੀ ਢੰਗ ਨਾਲ ਨਹੀਂ ਹੋਇਆ। ਦੂਜੇ ਪਾਸੇ ਦਸੰਬਰ ਮਹੀਨੇ ਵਿੱਚ ਤਿਉਹਾਰ ਵੀ ਬਹੁਤ ਹਨ ਤੇ ਆਮ ਜਨਤਾ ਦਾ ਧਿਆਨ ਏਧਰ ਹੈ। ਲੋਕ ਖੁਸ਼ੀਆਂ ਨਾਲ ਤਿਉਹਾਰ ਮਨਾਉਂਦੇ ਹਨ। ਇਨ੍ਹਾਂ ਹਾਲਤਾਂ ਵਿੱਚ ਵੋਟਾਂ ਵੀ ਘੱਟ ਪੋਲ ਹੋਣਗੀਆਂ ਤੇ ਜਮਹੂਰੀਅਤ ਦਾ ਘਾਣ ਹੋਵੇਗਾ। ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ ਚੋਣਾਂ ਦੇ ਐਲਾਨ 'ਤੇ ਮੁੜ ਗੌਰ ਕਰੇ ਅਤੇ ਚੋਣਾਂ ਅੱਗੇ ਪਾਈਆਂ ਜਾਣ।

# ਹੋਮ ਗਾਰਡਜ਼ ਅਤੇ ਸਿਵਲ ਡਿਫੈਂਸ ਦਾ 62ਵਾਂ ਸਥਾਪਨਾ ਦਿਵਸ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਾਇਰੈਕਟਰ ਜਨਰਲ ਆਫ਼ ਪੁਲਿਸ-ਕਮ-ਕਮਾਂਡੈਂਟ ਜਨਰਲ ਪੰਜਾਬ ਹੋਮ ਗਾਰਡਜ਼ ਅਤੇ ਡਾਇਰੈਕਟਰ ਸਿਵਲ ਡਿਫੈਂਸ ਸੰਜੀਵ ਕਾਲੜਾ, ਹੋਮ ਗਾਰਡ ਦੇ ਡਿਪਟੀ ਕਮਾਂਡੈਂਟ ਜਨਰਲ ਅਤੇ ਡਿਪਟੀ ਡਾਇਰੈਕਟਰ ਸਿਵਲ ਡਿਫੈਂਸ ਹਰਮਨਜੀਤ ਸਿੰਘ ਅਤੇ ਪੰਜਾਬ ਹੋਮ ਗਾਰਡਜ਼ ਦੇ ਡਵੀਜਨਲ ਕਮਾਂਡੈਂਟ ਅਨਿਲ ਕੁਮਾਰ ਪਰੂਥੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਥਾਨਕ ਟ੍ਰੇਨਿੰਗ ਸੈਂਟਰ ਵਿਖੇ ਪੰਜਾਬ ਹੋਮ ਗਾਰਡਜ਼ ਦਾ 62ਵਾਂ ਹੋਮ ਗਾਰਡਜ਼ ਦਿਵਸ ਮਨਾਇਆ ਗਿਆ। ਸਥਾਪਨਾ ਦਿਵਸ ਵਿਚ ਵੱਖ-ਵੱਖ ਸਖਸ਼ੀਅਤਾਂ ਤੋਂ ਇਲਾਵਾ ਦਫ਼ਤਰੀ ਸਟਾਫ ਅਤੇ ਵੱਖ-ਵੱਖ ਥਾਣਿਆਂ ਤੋਂ ਪੰਜਾਬ ਹੋਮ ਗਾਗਡਜ਼ ਦੇ ਜਵਾਨਾਂ ਨੇ ਹਿੱਸਾ ਲਿਆ।ਪੰਜਾਬ ਹੋਮ ਗਾਰਡਜ਼ ਦੇ ਜ਼ਿਲ੍ਹਾ ਕਮਾਂਡਰ ਨੇ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਵਾਲੇ ਜਵਾਨਾਂ ਨੂੰ ਸ਼ਲਾਘਾ ਪੱਤਰ ਦੇ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਵਿਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਸਵੰਤ ਰਾਏ, ਸਮਾਜ ਸੇਵੀ ਰਕੇਸ਼ ਸਾਹਨੀ, ਰਾਕੇਸ਼ ਥਾਪਰ, ਡਵੀਜਨਲ ਵਾਰਡਨ ਸੁਨੀਲ ਕਪੂਰ, ਵਿਨੋਦ ਕਪੂਰ, ਸੈਕਟਰ ਵਾਰਡਨ ਪ੍ਰਮੋਦ ਕੁਮਾਰ, ਕੰਪਨੀ ਕਮਾਂਡਰ ਮਨਿੰਦਰ ਸਿੰਘ ਹੀਰਾ, ਦਵਿੰਦਰ ਸਿੰਘ, ਪਲਾਟੂਨ ਕਮਾਂਡਰ ਇੰਦਰਕਾਂਤਾ ਵੀ ਮੌਜੂਦ ਸਨ।




# ਜ਼ਿਲ੍ਹੇ 'ਚ ਅਨਾਥ ਤੇ ਬੇਸਹਾਰਾ ਬੱਚਿਆਂ ਲਈ ਚਲਾਏ ਜਾ ਰਹੇ ਬਾਲ ਘਰਾਂ ਦੀ ਰਜਿਸਟ੍ਰੇਸ਼ਨ ਜ਼ਰੂਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ 0 ਤੋਂ 18 ਸਾਲ ਤੱਕ ਦੇ ਅਨਾਥ, ਬੇਸਹਾਰਾ ਅਤੇ ਬੇਸਹਾਰਾ ਬੱਚਿਆਂ ਲਈ ਚਲਾਏ ਜਾਣ ਵਾਲੇ ਸਾਰੇ ਬਾਲ ਘਰਾਂ ਨੂੰ ਜੁਵੇਨਾਈਲ ਜਸਟਿਸ ਐਕਟ 2015 ਦੀ ਧਾਰਾ 41 (1) ਤਹਿਤ ਰਜਿਸਟਰ ਕਰਵਾਉਣਾ ਜ਼ਰੂਰੀ ਹੈ। ਇਸ ਐਕਟ ਦੀ ਉਲੰਘਣਾ ਕਰਨ 'ਤੇ ਬਾਲ ਘਰਾਂ ਸੰਚਾਲਕਾਂ ਦੇ ਖਿਲਾਫ਼ ਧਾਰਾ 42 ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿਚ ਇਕ ਸਾਲ ਤੱਕ ਦੀ ਕੈਦ, ਇਕ ਲੱਖ ਰੁਪਏ ਦਾ ਜ਼ੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੁਵੇਨਾਈਲ ਜਸਟਿਸ ਐਕਟ 2015 ਦੇ ਤਹਿਤ, ਇਸ ਤਰ੍ਹਾਂ ਦੇ ਬਾਲ ਘਰ ਜੋ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ ਅਤੇ 0 ਤੋਂ 18 ਸਾਲ ਤੱਕ ਦੇ ਅਨਾਥ, ਬੇਸਹਾਰਾ ਜਾਂ ਬੇਸਹਾਰਾ ਬੱਚਿਆਂ ਨੂੰ ਆਸਰਾ, ਭੋਜਨ ਅਤੇ ਦੇਖ-ਭਾਲ ਦੀ ਸਹੂਲਤ ਪ੍ਰਦਾਨ ਕਰਦੇ ਹਨ ਉਨ੍ਹਾਂ ਨੂੰ ਇਸ ਐਕਟ ਦੀ ਧਾਰਾ 41 (1) ਤਹਿਤ ਤਹਿਤ ਰਜਿਸਟਰ ਕਰਨਾ ਜ਼ਰੂਰੀ ਹੈ। ਇਹ ਵਿਵਸਥਾ ਬਾਲ ਘਰਾਂ 'ਤੇ ਵੀ ਲਾਗੂ ਹੁੰਦਾ ਹੈ ਜੋ ਸਰਕਾਰੀ ਗ੍ਰਾਂਟਾਂ ਪ੍ਰਾਪਤ ਕਰ ਰਹੇ ਹਨ ਜਾਂ ਨਹੀਂ ਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਜਿਸਟਰੇਸ਼ਨ ਲਈ ਸੰਸਥਾਵਾਂ ਨੂੰ ਜੁਵੇਨਾਈਲ ਜਸਟਿਸ (ਮਾਡਲ) ਰੂਲਜ਼ 2016 ਤਹਿਤ ਫਾਰਮ 27 (ਰੂਲ21 (2) ਅਤੇ 22 (2) ) ਭਰ ਕੇ ਬਿਨੈ ਪੱਤਰ ਪੇਸ਼ ਕਰਨਾ ਹੋਵੇਗਾ। ਜ਼ਿਲ੍ਹਾ ਪੱਧਰੀ ਨਿਰੀਖਣ ਕਮੇਟੀ ਵੱਲੋਂ ਸਬੰਧਤ ਬਾਲ ਘਰ ਦਾ ਨਿਰੀਖਣ ਕਰਨ ਤੋਂ ਬਾਅਦ ਰਜਿਸਟ੍ਰੇਸ਼ਨ ਲਈ ਪ੍ਰਸਤਾਵ ਰਾਜ ਸਰਕਾਰ ਨੂੰ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਿਨੈ ਪੱਤਰ ਤੋਂ ਬਾਅਦ, ਰਾਜ ਸਰਕਾਰ 6 ਮਹੀਨੇ ਦੀ ਮਿਆਦ ਲਈ ਆਰਜ਼ੀ ਰਜਿਸਟ੍ਰੇਸ਼ਨ ਜਾਰੀ ਕਰਦੀ ਹੈ। ਦਸਤਾਵੇਜ਼ਾਂ ਦੀ ਪੂਰੀ ਜਾਂਚ-ਪੜਤਾਲ ਤੋਂ ਬਾਅਦ ਬਾਲ ਘਰਾਂ ਨੂੰ 3 ਸਾਲਾਂ ਲਈ ਸਥਾਈ ਤੌਰ 'ਤੇ ਰਜਿਸਟਰ ਕੀਤਾ ਜਾਵੇਗਾ। ਕੋਮਲ ਮਿੱਤਲ ਨੇ ਦੱਸਿਆ ਕਿ ਜੇਕਰ ਕਿਸੇ ਗੈਰ-ਸਰਕਾਰੀ ਸੰਸਥਾ ਵਲੋਂ ਬਿਨ੍ਹਾਂ ਰਜਿਸਟ੍ਰੇਸ਼ਨ ਬਾਲ ਘਰਾਂ ਨੂੰ ਚਲਾਇਆ ਜਾ ਰਿਹਾ ਹੈ ਤਾਂ ਉਸਦੀ ਸੂਚਨਾ ਤੁਰੰਤ ਡਿਪਟੀ ਕਮਿਸ਼ਨਰ ਦਫ਼ਤਰ ਜਾਂ ਜ਼ਿਲ੍ਹਾ ਬਾਲ ਸੁਰੱਖਿਆ ਇਕਾਈ ਹੁਸ਼ਿਆਰਪੁਰ (ਫੋਲ ਨੰਬਰ 01882-291839) ਦੇ ਦਿੱਤੀ ਜਾਵੇ।

# ਦਿੱਲੀ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਸ ਵੱਲੋਂ ਅੱਥਰੂ ਗੈਸ ਦੇ ਗੋਲੇ ਮਾਰ ਕੇ ਜ਼ਖ਼ਮੀ ਕਰਨ ਦੀ ਭਾਕਿਯੂ ਉਗਰਾਹਾਂ ਵੱਲੋਂ ਸਖ਼ਤ ਨਿਖੇਧੀ

**ਚੰਡੀਗੜ੍ਹ, (ਦਲਜੀਤ ਕੌਰ)–** ਭਖਦੇ ਕਿਸਾਨੀ ਮਸਲਿਆਂ ਲਈ ਮਹੀਨਿਆਂ ਬੱਧੀ ਪੱਕੇ ਮੋਰਚੇ ਨੂੰ ਕੇਂਦਰੀ ਭਾਜਪਾ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਅੱਜ ਦਿੱਲੀ ਵੱਲ ਪੈਦਲ ਜਾ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਮਾਰ ਕੇ ਜ਼ਖ਼ਮੀ ਕਰਨ ਰਾਹੀਂ ਸ਼ਾਂਤਮਈ ਸੰਘਰਸ਼ ਦਾ ਹੱਕ ਖੋਹੇ ਜਾਣ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ।



ਇਸ ਸੰਬੰਧੀ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਭਾਜਪਾ ਸਰਕਾਰ ਦੀ ਇਸ ਜਾਬਰ ਕਾਰਵਾਈ ਨੂੰ ਕਿਸਾਨਾਂ ਨਾ.ਲ ਦੁਸ਼ਮਣਾਨਾ ਵਿਹਾਰ ਕਿਹਾ ਹੈ। ਸੱਤਾਧਾਰੀਆਂ ਦੀਆਂ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਜਾਨਲੇਵਾ ਕਰਜ਼ਿਆਂ ਥੱਲੇ ਦੱਬੇ ਹਜ਼ਾਰਾਂ ਦੀ ਤਾਦਾਦ ਵਿੱਚ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਚੁੱਕੇ ਅਤੇ ਲਗਾਤਾਰ ਹੋ ਰਹੇ ਕਿਸਾਨਾਂ ਦੀ ਐੱਮ ਐੱਸ ਪੀ 'ਤੇ ਫਸਲਾਂ ਦੀ ਖ੍ਰੀਦ ਦੀ ਕਾਨੂੰਨੀ ਗਰੰਟੀ ਵਰਗੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਸ਼ਾਂਤਮਈ ਸੰਘਰਸ਼ ਦਾ ਸੰਵਿਧਾਨਕ ਹੱਕ ਖੋਹਣਾ ਇਸੇ ਦੁਸ਼ਮਣੀ ਦਾ ਸਬੂਤ ਬਣਦਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਕਿਸਾਨਾਂ ਦੀਆਂ ਬਿਲਕੁਲ ਜਾਇਜ਼ ਤੇ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ ਪੁਲਿਸ ਜਬਰ ਬੰਦ ਕੀਤਾ ਜਾਵੇ। ਸ਼ਾਂਤਮਈ ਸੰਘਰਸ਼ ਦਾ ਸੰਵਿਧਾਨਕ ਹੱਕ ਬਹਾਲ ਕੀਤਾ ਜਾਵੇ।

# ਕੈਲੀਫੋਰਨੀਆ ਵਿਚ ਚੋਣ ਜਿੱਤੀ ਭਾਰਤੀ ਮੂਲ ਦੀ ਡਾਕਟਰ ਪਟੇਲ ਨੇ ਵਿਧਾਇਕ ਵਜੋਂ ਸਹੁੰ ਚੁੱਕੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ 76ਵੇਂ ਅਸੰਬਲੀ ਡਿਸਟ੍ਰਿਕਟ ਤੋਂ ਚੋਣ ਜਿੱਤੀ ਡੈਮੋਕਰੈਟਿਕ ਆਗੂ ਭਾਰਤੀ ਮੂਲ ਦੀ ਡਾਕਟਰ ਦਰਸ਼ਨਾ ਆਰ ਪਟੇਲ ਨੇ ਸਟੇਟ ਅਸੰਬਲੀ ਮੈਂਬਰ ਵਜੋਂ ਸਹੁੰ ਚੁੱਕੀ। ਇਸ ਮੌਕੇ ਆਪਣੇ ਸੰਖੇਪ ਸੰਬੋਧਨ ਵਿਚ ਉਨਾਂ ਨੇ ਹਲਕੇ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈ ਉਨਾਂ ਦੀਆਂ ਉਮੀਦਾਂ ਉਪਰ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੀ। ਉਨਾਂ ਕਿਹਾ ਕਿ ਹਲਕੇ ਦੇ ਵਸਨੀਕਾਂ ਨੇ ਮੈਨੂੰ ਸਟੇਟ ਅਸੰਬਲੀ ਵਿਚ 76 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਨ ਦਾ ਮਾਣ ਬਖਸ਼ਿਆ ਹੈ ਤੇ ਮੈ ਉਨਾਂ ਲਈ ਕੰਮ ਕਰਨ ਵਾਸਤੇ ਬਹੁਤ ਉਤਸਕ ਹਾਂ। ਮੈ ਇਸ ਜਿੰਮੇਵਾਰੀ ਨੂੰ ਬਹੁਤ ਹੀ



ਗੰਭੀਰਤਾ ਤੇ ਸੁਹਿਰਦਤਾ ਨਾਲ ਨਿਭਾਵਾਂਗੀ। ਉਨਾਂ ਕਿਹਾ ਕਿ ਜਿਨਾਂ ਲੋਕਾਂ ਨੇ ਮੇਰੇ ਉਪਰ ਭਰੋਸਾ ਪ੍ਰਗਟਾਇਆ ਹੈ ਮੈ ਉਨਾਂ ਪ੍ਰਤੀ ਸਮਰਪਿਤ ਭਾਵਨਾ ਨਾਲ ਕੰਮ ਕਰਾਂਗਾ। ਪਟੇਲ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟੀ ਬਰੂਸ ਲੇਨ ਨੂੰ 53% ਵੋਟਾਂ ਪ੍ਰਾਪਤ ਕਰਕੇ 14000 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਰਿਪਬਲੀਕਨ ਪ੍ਰਭਾਵ ਵਾਲੇ 76 ਵੇ ਡਿਸਟ੍ਰਿਕਟ ਵਿਚ ਪਟੇਲ ਦੀ ਜਿੱਤ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਚੋਣ ਮੁਹਿੰਮ ਦੌਰਾਨ ਜਿਥੇ ਵਿਰੋਧੀ ਉਮੀਦਵਾਰ ਬਰੂਸ ਲੇਨ ਪਟੇਲ ਦੀ ਨਿੱਜੀ ਅਲੋਚਨਾ ਕਰਦੀ ਰਹੀ ਉਥੇ ਪਟੇਲ ਨੇ ਆਪਣੇ ਪ੍ਰਚਾਰ ਦੌਰਾਨ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਤੇ ਉਨਾਂ ਮੁੱਦਿਆਂ ਲਈ ਕੰਮ ਕਰਨ ਦਾ ਵਾਅਦਾ ਕੀਤਾ।


# ਰੂਸ ਤੇ ਯੁਕਰੇਨ ਤੁਰੰਤ ਜੰਗਬੰਦੀ ਕਰਕੇ ਗੱਲਬਾਤ ਸ਼ੁਰੂ ਕਰਨ- ਡੋਨਾਲਡ ਟਰੰਪ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਰੂਸ ਤੇ ਯੁਕਰੇਨ ਵਿਚਾਲੇ ਤੁਰੰਤ ਜੰਗਬੰਦੀ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਖਿੱਤੇ ਵਿਚ ਪਾਗਲਪਣ ਖਤਮ ਹੋਣਾ ਚਾਹੀਦਾ ਹੈ। ਟਰੰਪ ਨੇ ਇਹ ਸੁਨੇਹਾ ਯੁਕਰੇਨ ਦੇ ਰਾਸ਼ਟਰਪਤੀ ਵੋਲਾਦੀਮੀਰ ਜ਼ੇਲੈਂਸਕੀ ਨਾਲ ਪੈਰਿਸ ਵਿਚ ਹੋਈ ਮੀਟਿੰਗ ਤੋਂ ਬਾਅਦ ਟਰੁੱਥ ਸੋਸ਼ਲ ਉਪਰ ਸਾਂਝਾ ਕੀਤਾ ਹੈ। ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਐਲਾਨ ਕੀਤਾ ਸੀ ਕਿ ਚੋਣ ਜਿੱਤਣ ਉਪਰੰਤ ਉਹ ਰੂਸ ਤੇ ਯੁਕਰੇਨ ਵਿਚਾਲੇ ਜੰਗ ਖਤਮ ਕਰ ਦੇਣਗੇ ਹਾਲਾਂ ਕਿ ਅਜਿਹਾ ਕਰਨ ਲਈ ਉਨਾਂ ਨੇ ਕਿਸੇ ਢੰਗ ਤਰੀਕੇ ਦਾ ਕੋਈ ਜਿਕਰ ਨਹੀਂ ਕੀਤਾ ਸੀ। ਟਰੰਪ ਨੇ ਆਪਣੇ ਤਾਜ਼ਾ ਸੁਨੇਹੇ ਵਿਚ ਲਿਖਿਆ ਹੈ ਕਿ ਜੇਲੈਂਸਕੀ ਤੇ ਰੂਸ ਇਕ ਸਮਝੌਤੇ ਤਹਿਤ ਪਾਗਲਪਣ ਬੰਦ ਕਰ ਦੇਣ ਤੇ ਤੁਰੰਤ ਜੰਗਬੰਦੀ ਲਾਗੂ ਕਰਕੇ ਗੱਲਬਾਤ ਸ਼ੁਰੂ ਹੋਣੀ ਚਾਹੀਦੀ ਹੈ। ਟਰੰਪ ਨੇ ਹੋਰ ਕਿਹਾ ਹੈ ਕਿ ਮੈ ਵਲਾਦੀਮੀਰ ਪੂਤਿਨ ਨੂੰ ਚੰਗੀ ਤਰਾਂ ਜਾਣਦਾ ਹਾਂ। ਉਸ ਲਈ ਇਹ ਸਮਾਂ ਹੁਣ ਕਾਰਵਾਈ ਕਰਨ ਦਾ ਹੈ। ਚੀਨ ਇਸ ਵਿਚ ਮੱਦਦ ਕਰ ਸਕਦਾ ਹੈ। ਵਿਸ਼ਵ ਇਸ ਸਮੇ ਦੀ ਉਡੀਕ ਕਰ ਰਿਹਾ ਹੈ। ਇਸ ਪੋਸਟ ਵਿਚ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਪਿਛਲੇ ਮਹੀਨੇ ਫੋਨ ਉਪਰ ਹੋਈ ਗੱਲਬਾਤ ਦਾ ਹਵਾਲਾ ਵੀ ਦਿੱਤਾ ਹੈ। ਹਾਲਾਂ ਕਿ ਉਸ ਸਮੇ ਰੂਸ ਨੇ ਅਜਿਹੀ ਕਿਸੇ ਗੱਲਬਾਤ ਤੋਂ ਇਨਕਾਰ ਕੀਤਾ ਸੀ। ਇਸੇ ਪੋਸਟ ਵਿਚ ਟਰੰਪ ਨੇ ਕਿਹਾ ਹੈ ਕਿ ਸੀਰੀਆ ਵਿਚ ਬਾਗੀ ਰਾਸ਼ਟਰਪਤੀ ਬਸ਼ਰ ਅਸਦ ਦਾ ਤਖਤਾ ਉਲਟਾਉਣ ਵਿਚ ਇਸ ਲਈ ਸਫਲ ਹੋਏ ਹਨ ਕਿਉਂਕਿ ਰੂਸ ਨੇ ਯੁਕਰੇਨ ਨਾਲ ਜੰਗ ਜਿੱਤਣ ਵੱਲ ਧਿਆਨ ਦੇਣ ਵਾਸਤੇ ਅਸਦ ਨੂੰ ਬਚਾਉਣ ਲਈ ਦਿਲਚਸਪੀ ਲੈਣੀ ਬੰਦ ਕਰ ਦਿੱਤੀ ਸੀ। ਟਰੰਪ ਨੇ ਪਿਛਲੇ ਮਹੀਨੇ ਦੇ ਅੰਤ ਵਿਚ ਜੰਗ ਖਤਮ ਕਰਨ ਲਈ ਇਕ ਵਿਸ਼ੇਸ਼ ਦੂਤ ਦੀ ਨਾਮਜ਼ਦਗੀ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਫਰਾਂਸ ਲਈ ਰਵਾਨਾ ਹੋਣ ਸਮੇ 'ਮੀਟ ਦਾ ਪ੍ਰੈਸ' ਗੱਲਬਾਤ ਦੌਰਾਨ ਟਰੰਪ ਨੇ ਕਿਹਾ ਸੀ ਕਿ ਜੇਕਰ ਉਹ ਕਰ ਸਕਿਆ ਤਾਂ ਜੰਗ ਖਤਮ ਕਰ ਦੇਵੇਗਾ। ਉਨਾਂ ਇਹ ਵੀ ਕਿਹਾ ਕਿ ਜੇਕਰ ਬਾਕੀ ਦੇਸ਼ ਆਪਣਾ ਹਿੱਸਾ ਪਾਉਣ ਲਈ ਅੱਗੇ ਆਉਣਗੇ ਤਾਂ ਅਮਰੀਕਾ ਨਾਟੋ ਦਾ ਮੈਂਬਰ ਬਣਿਆ ਰਹੇਗਾ। ਉਨਾਂ ਕਿਹਾ ਬਾਕੀ ਦੇਸ਼ਾਂ ਨੂੰ ਆਪਣੀ ਰਹਿੰਦੀ ਅਦਾਇਗੀ ਕਰਨੀ ਪਵੇਗੀ। ਇਸ ਸਮੇ ਨਾਟੋ ਦੇ ਕੁਲ 32 ਮੈਂਬਰਾਂ ਵਿਚੋਂ 23 ਆਪਣੇ ਕੁਲ ਘਰੇਲੂ ਉਤਪਾਦਨ ਦਾ ਘੱਟੋ ਘੱਟ 2% ਗਠਜੋੜ ਦੇ ਰਖਿਆ ਖਰਚ ਵਿਚ ਯੋਗਦਾਨ ਪਾ ਰਹੇ ਹਨ।

# ਕੈਲਫੋਰਨੀਆ ਦੇ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ ਜ਼ਖਮੀ ਹੋਏ 2 ਵਿਦਿਆਰਥੀਆਂ ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਵਿਚ ਸੈਕਰਾਮੈਂਟੋ ਦੇ ਉੱਤਰ ਵਿੱਚ ਸਥਿੱਤ





ਇਕ ਛੋਟੇ ਜਿਹੇ ਕ੍ਰਿਸਚੀਅਨ ਸਕੂਲ ਵਿਚ ਬੀਤੇ ਦਿਨ ਹੋਈ ਗੋਲੀਬਾਰੀ ਵਿਚ ਜ਼ਖਮੀ ਹੋਏ 2 ਵਿਦਿਆਰਥੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਬੂਟ ਕਾਊਂਟੀ ਸ਼ੈਰਿਫ ਕੋਰੀ ਹੋਨੀਆ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਵਿਚ ਜ਼ਖਮੀ ਹੋਇਆ 6 ਸਾਲ ਦਾ ਰੋਮਨ ਮੈਂਡੇਜ਼ ਤੇ 5 ਸਾਲ ਦਾ ਏਲਿਆਸ ਵੋਲਫੋਰਡ ਸਥਾਨਕ ਹਸਪਤਾਲ ਵਿਚ ਦਾਖਲ ਹਨ। ਉਨਾਂ ਦੀ ਹਾਲਤ ਸਥਿੱਰ ਹੈ ਪਰ ਗੰਭੀਰ ਹੈ। ਮੈਂਡੇਜ਼ ਦੇ ਦੋ ਗੋਲੀਆਂ ਵੱਜੀਆਂ ਹਨ ਜਦ ਕਿ ਵੋਲਫੋਰਡ ਦੇ ਢਿੱਡ ਵਿਚ ਗੋਲੀ ਵੱਜੀ ਹੈ। ਸ਼ੈਰਿਫ ਅਨੁਸਾਰ ਬੱਚਿਆਂ ਦੇ ਅੰਦਰੂਨੀ ਜ਼ਖਮ ਹਨ ਤੇ ਅਜੇ ਉਨਾਂ ਦੀਆਂ ਕਈ ਸਰਜਰੀਆਂ ਹੋਣੀਆਂ ਹਨ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਪਛਾਣ 56 ਸਾਲਾ ਗਲੈਨ ਲਿਟਨ ਵਜੋਂ ਕੀਤੀ ਹੈ ਜੋ ਮੌਕੇ ਉਪਰ ਹੀ ਮ੍ਰਿਤਕ ਹਾਲਤ ਵਿਚ ਮਿਲਿਆ ਸੀ। ਸਮਝਿਆ ਜਾਂਦਾ ਹੈ ਕਿ ਗੋਲੀਬਾਰੀ ਉਪਰੰਤ ਉਸ ਨੇ ਖੁਦਕੁੱਸ਼ੀ ਕੀਤੀ ਹੈ। ਮਾਮਲੇ ਦੀ ਜਾਂਚ ਵਿਚ ਪੁਲਿਸ ਦੀ ਐਫ ਬੀ ਆਈ ਸਹਾਇਤਾ ਕਰ ਰਹੀ ਹੈ। ਉੱਤਰੀ ਕੈਲੀਫੋਰਨੀਆ ਦੇ ਫੀਦਰ ਰਿਵਰ ਐਡਵੈਂਟਿਸਟ ਸਕੂਲ  ਰੋਵਿਲੇ ਵਿਚ ਵਾਪਰੀ ਗੋਲੀਬਾਰੀ ਦੀ ਇਸ ਤਾਜਾ ਘਟਨਾ ਨੇ ਇਕ ਵਾਰ ਫਿਰ ਵਧ ਰਹੀ ਗੰਨ ਹਿੰਸਾ ਬਾਰੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

# ਅਮਰੀਕਾ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 6 ਵਿਅਕਤੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਿਸੀਸਿੱਪੀ ਰਾਜ ਦੇ ਸ਼ਹਿਰ ਜੈਕਸਨ ਵਿਚ ਵਾਪਰੇ ਇਕ ਭਿਆਨਕ ਹਾਦਸੇ ਵਿਚ 6 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਸੂਚਨਾ ਮਿਲਣ 'ਤੇ ਸਵੇਰੇ 2.45 ਵਜੇ ਜੈਕਸਨ ਪੁਲਿਸ ਵਿਭਾਗ, ਜੈਕਸਨ ਅੱਗ ਬੁਝਾਊ ਵਿਭਾਗ ਤੇ ਡਾਕਟਰੀ ਰਾਹਤ ਟੀਮਾਂ ਮੌਕੇ ਉਪਰ ਪੁੱਜੀਆਂ। ਹਾਦਸਾ ਡੈਨੀਅਲ ਲੇਕ ਬੌਲੇਵਰਡ ਵਿਖੇ ਇੰਟਰਸਟੇਟ 55 ਉਪਰ ਉਸ ਵੇਲੇ ਹੋਇਆ ਜਦੋਂ ਦੋ ਕਾਰਾਂ ਆਪਸ ਵਿਚ ਟਕਰਾ ਗਈਆਂ। ਮ੍ਰਿਤਕਾਂ ਵਿਚ ਦੋਨਾਂ ਗੱਡੀਆਂ ਦੇ ਡਰਾਈਵਰ ਤੇ 2 ਬੱਚਿਆਂ ਸਮੇਤ 6 ਵਿਅਕਤੀ ਸ਼ਾਮਿਲ ਹਨ। ਜੈਕਸਨ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਹਾਦਸੇ ਉਪਰ ਦੁੱਖ ਪ੍ਰਗਟ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।



# ਸ੍ਰੀ ਗੁਰੂ ਰਵਿਦਾਸ ਸਭਾ ਹਮਬਰਗ (ਜਰਮਨੀ) ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਦਾ 68ਵਾਂ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ









**ਹਮਬਰਗ (ਰੇਸ਼ਮ ਭਰੋਲੀ)–** ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਸਾਹਿਬ ਦਾ 68ਵਾਂ ਪ੍ਰੀਨਿਰਵਾਣ ਦਿਵਸ ਸੰਗਤਾਂ ਵੱਲੋਂ ਬੜੇ ਹੀ ਸਤਿਕਾਰ ਨਾਲ ਮਨਾਇਆ ਗਿਆ, ਜਿਸ ਵਿਚ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤ ਬਾਣੀ ਦੇ ਪਾਠ ਕੀਤੇ ਗਏ ਤੇ ਭੋਗ ਪਾਏ ਅਤੇ ਆਈਆਂ ਹੋਈਆਂ ਸਭ ਸੰਗਤਾਂ ਵੱਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ, ਇਸ ਦੇ ਨਾਲ ਹੀ ਸ੍ਰੀ ਗੁਰੂ ਰਵਿਦਾਸ ਸਭਾ ਦੇ ਸੈਕਟਰੀ ਤੇ ਹੋਣਹਹਾਰ ਤੇ ਮਿਹਨਤੀ ਸੇਵਾਦਾਰ ਸ੍ਰੀ ਰਾਜ ਦਾਦਰਾ ਨੇ ਬਾਬਾ ਸਾਹਿਬ ਬਾਰੇ ਬੋਲਦਿਆਂ ਦੱਸਿਆ ਕਿ ਬਾਬਾ ਸਾਹਿਬ ਨੇ ਸਾਰੀ ਜ਼ਿੰਦਗੀ ਸਮਾਜ ਨੂੰ ਬਰਾਬਰਤਾ ਦੇ ਹੱਕ ਦਿਵਾਉਣ ਲਈ ਲਗਾਈ ਤੇ ਸਾਨੂੰ ਸਾਰਿਆਂ ਨੂੰ ਉਹਨਾਂ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈ ਕੇ ਸਾਨੂੰ ਅੱਗੇ ਵਧਣਾ ਚਾਹੀਦਾ ਹੈ ਤੇ ਸਮਾਪਤੀ ਤੇ ਸ੍ਰੀ ਰੇਸ਼ਮ ਭਰੋਲੀ ਨੇ ਆਈਆਂ ਹੋਈਆਂ ਸਭ ਸੰਗਤਾਂ ਦਾ ਧੰਨਵਾਦ ਕੀਤਾ ਤੇ ਸਭਾ ਦੇ ਅਗਲੇ ਪ੍ਰੋਗਰਾਮ ਬਾਰੇ ਸੰਗਤਾਂ ਨੂੰ ਦੱਸਿਆ ਕਿ ਮੌਕੇ ਤੇ ਆਈਆਂ ਹੋਈਆਂ ਸਭ ਸੰਗਤਾਂ ਦਾ ਧੰਨਵਾਦ ਕੀਤਾ ਤੇ ਇਸ ਪ੍ਰੋਗਰਾਮ ਵਿਚ ਜਿਹਨਾਂ ਹਿੱਸਾ ਲਿਆ, ਉਹ ਇਸ ਤਰ੍ਹਾਂ ਸੀ, ਸਭਾ ਦੇ ਪ੍ਰਧਾਨ ਸ੍ਰੀ ਰੇਸ਼ਮ ਭਰੋਲੀ, ਵਾਈਸ ਪ੍ਰਧਾਨ ਸ੍ਰੀ ਰਜਿੰਦਰ ਰੱਤੂ, ਕੈਸ਼ੀਅਰ ਸ੍ਰੀ ਸੁਖਦੇਵ ਸੂਦਰ, ਵਾਈਸ ਕੈਸ਼ੀਅਰ ਸ੍ਰੀ ਪਰਮਜੀਤ ਸੂਦਰ, ਸੈਕਟਰੀ ਸ੍ਰੀ ਰਾਜ ਦਾਦੜਾ, ਸ੍ਰੀ ਤਰਸੇਮ ਲਾਲ ਚੁੰਬਰ, ਸ੍ਰੀ ਜੈ ਰਾਜ ਮੜਾਸ, ਸ੍ਰੀ ਛਿੰਦਾ ਅਹਾਰ ਸਟਾਡੇ, ਸ੍ਰੀ ਪਾਲਾ ਰਾਮ, ਸ੍ਰੀ ਨਿਰਮਲ ਸਿੰਘ, ਸ੍ਰੀ ਰਾਜੀਵ ਕਲੇਰ, ਸ੍ਰੀ ਗੁਰਵਿੰਦਰ ਸਿੰਘ, ਸ੍ਰੀ ਗੁਰਮੁਖ ਸਮਿਤ, ਸ੍ਰੀ ਬਲਰਾਜ ਸ਼ਾਮਲ, ਸ੍ਰੀ ਬਹਾਦਰ ਸਿੰਘ, ਬੀਬੀ ਪਰਮੀਲਾ ਰਾਣੀ, ਬੀਬੀ ਭੁਪਿੰਦਰ ਕੌਰ, ਬੀਬੀ ਸੁਸ਼ਮਾ ਸੂਦਰ, ਬੀਬੀ ਦੀਸਾ ਕੌਰ ਲਾਲ, ਬੀਬੀ ਸੀਤਾ ਦੇਵੀ। ਇਸ ਸਾਰੇ ਪ੍ਰੋਗਰਾਮ ਦੀ ਸੇਵਾ ਬੀਬੀ ਪਰਮਿੰਦਰ ਕੌਰ ਦਾਦਰਾ, ਮਿ: ਜੂਵੀ ਦਾਦਰਾ, ਮਿ: ਹਿਤਨ ਦਾਦਰਾ, ਸੈਕਟਰੀ ਸ੍ਰੀ ਰਾਜ ਦਾਦਰਾ ਦੇ ਪਰਿਵਾਰ ਵੱਲੋਂ ਕੀਤੀ ਗਈ ਸੀ। ਦਾਸ ਆਪਣੇ ਤੌਰ ਤੇ ਦਾਦਰਾ ਪਰਿਵਾਰ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦਾ ਹੈ।



# ਅੰਬੇਡਕਰ ਸੈਨਾ ਮੂਲ ਨਿਵਾਸੀ ਨੇ ਮਨਾਇਆ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ

**ਫਗਵਾੜਾ (ਬੀ.ਕੇ. ਰੱਤੂ)** ਅੰਬੇਡਕਰ ਸੈਨਾ ਮੂਲਨਿਵਾਸੀ ਵਲੋਂ ਪੰਜਾਬ ਪ੍ਰਧਾਨ ਹਰਭਜਨ ਸੁਮਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਾਬਾ ਸਾਹਿਬ ਡਾ. ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਡਾ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਨਾਇਆ ਗਿਆ। ਜਿਲ੍ਹਾ ਪ੍ਰਧਾਨ ਧਰਮਵੀਰ ਬੋਧ, ਫਗਵਾੜਾ ਸ਼ਹਿਰੀ ਪ੍ਰਧਾਨ ਸੰਜੀਵ ਕੁਮਾਰ ਅਤੇ ਦਿਹਾਤੀ ਪ੍ਰਧਾਨ ਮਨਜੀਤ ਮਾਨ, ਸਕੱਤਰ ਮਨੀ ਅੰਬੇਡਕਰੀ ਦੀ ਸਾਂਝੀ ਦੇਖ ਰੇਖ ਹੇਠ ਆਯੋਜਿਤ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਉੱਘੇ ਅੰਬੇਡਕਰੀ ਮੈਡਮ ਚੰਚਲ ਮੱਲ ਕਨੇਡਾ ਨੇ ਸ਼ਿਰਕਤ ਕੀਤੀ। ਜਦਕਿ ਮੁੱਖ ਬੁਲਾਰਿਆਂ ਦੇ ਰੂਪ ਵਿਚ ਸੋਹਣ ਸਹਿਜਲ, ਕੇਵਲ ਕ੍ਰਿਸ਼ਨ ਲਾਡੀ ਗੁਰਦਾਸਪੁਰ ਅਤੇ ਡਾ। ਇੰਦਰਜੀਤ ਕਜਲਾ ਹਾਜਰ ਆਏ। ਸਮੂਹ ਪਤਵੰਤਿਆਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ 'ਤੇ ਫੁੱਲਮਾਲਾਵਾ ਭੇਂਟ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੱਤੀ। ਉਪਰੰਤ ਬੁਲਾਰਿਆਂ ਨੇ ਡਾ. ਬੀ.ਆਰ. ਅੰਬੇਡਕਰ ਦੇ ਜੀਵਨ ਸਫਰ, ਉਹਨਾਂ ਦੇ ਸੰਘਰਸ਼ਾਂ, ਕ੍ਰਾਂਤੀਕਾਰੀ ਵਿਚਾਰਾਂ ਬਾਰੇ ਚਾਨਣਾ ਪਾਇਆ। ਸਮੂਹ ਬੁਲਾਰਿਆਂ ਨੇ ਕਿਹਾ ਕਿ ਡਾ। ਅੰਬੇਡਕਰ ਦਾ ਮਿਸ਼ਨ ਉਸ ਸਮੇਂ ਤੱਕ ਅਧੂਰਾ ਰਹੇਗਾ ਜਦੋਂ ਤੱਕ ਐਸ.ਸੀ., ਐਸ.ਟੀ. ਤੇ .ਬੀ.ਸੀ. ਵਰਗ ਦੇ ਸਮੂਹ ਨੌਜਵਾਨ ਇੱਕ ਝੰਡੇ ਹੇਠ ਆ ਕੇ ਆਪਣੇ ਹੱਕਾਂ ਲਈ ਸੰਘਰਸ਼ ਨਹੀਂ ਕਰਨਗੇ।

ਉਹਨਾਂ ਬਾਬਾ ਸਾਹਿਬ ਦੇ ਨਾਮ ਤੇ ਸਿਆਸਤ ਕਰਨ ਵਾਲਿਆਂ ਤੋਂ ਵੀ ਸੁਚੇਤ ਕੀਤਾ ਅਤੇ ਕਿਹਾ ਕਿ ਜਦੋਂ ਤੱਕ ਕੇਂਦਰ ਦੀ ਸੱਤਾ ਅੰਬੇਡਕਰੀ ਸੋਚ ਦੇ ਪਹਿਰੇਦਾਰਾਂ ਦੇ ਹੱਥਾਂ 'ਚ ਨਹੀਂ ਆਏਗੀ, ਉਦੋਂ ਤੱਕ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਇੰਨ-ਬਿਨ ਲਾਗੂ ਨਹੀਂ ਕੀਤਾ ਜਾ ਸਕੇਗਾ। ਇਸ ਲਈ ਭਾਈਚਾਰਕ ਸਾਂਝ ਮਜਬੂਤ ਕਰਦੇ ਹੋਏ ਸੰਘਰਸ਼ ਕਰਨਾ ਸਮੇਂ ਦੀ ਲੋੜ ਹੈ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਅਤੇ ਬੁਲਾਰਿਆਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਬਾਬਾ ਸਾਹਿਬ ਦੀ ਤਸਵੀਰ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਸੀਨੀਅਰ ਸਾਥੀ ਬਲਵਿੰਦਰ ਬੋਧ, ਸੰਤ ਰਾਮ, ਡਾ. ਜਗਦੀਸ਼, ਡਾ। ਦੇਸ ਰਾਜ ਕਲਸੀ, ਨਛੱਤਰ ਪਾਲ, ਐਡਵੋਕੇਟ ਐਸ।ਐਲ ਵਿਰਦੀ, ਦਵਿੰਦਰ ਦੀਪ, ਮੋਨੂੰ ਭਾਟੀਆ, ਬੰਟੀ ਮੋਰੋਵਾਲੀਆ, ਅਜੈਬ ਸਿੰਘ, ਭਿੰਦਾ ਸੰਤੋਖਪੁਰਾ, ਰਣਜੀਤ ਕੁਮਾਰ, ਰਾਜ ਅੰਬੇਡਕਰੀ, ਹਰਜਿੰਦਰ ਮਾਹੀ, ਜਤਿੰਦਰ ਬਸੰਤ ਨਗਰ, ਮੋਨੂੰ, ਡਾ. ਅਜੇ, ਸੋਨੂੰ ਪ੍ਰੇਮਪੁਰਾ, ਡਾ. ਅੰਬੇਡਕਰ ਮਹਿਲਾ ਸੰਘ ਕਾਰਜਕਰਤਾ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

# ਦਲਿਤ ਸਮਾਜ ਦੀ ਕਮਜ਼ੋਰ ਸਿਆਸੀ ਪਕੜ ਅਤੇ ਆਪਸੀ ਵੰਡ ਕਾਰਨ ਸਥਿਤੀ ਨਹੀਂ ਬਦਲ ਰਹੀ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)**– ਨਕਾਰਾਤਮਕ ਸਿਆਸੀ, ਧਾਰਮਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਦਾ ਸਾਹਮਣਾ ਕਰਨ ਵਿਚ ਅਸਫਲ ਰਹਿਣ ਕਾਰਨ ਦਲਿਤ ਸਮਾਜ ਦਾ ਇੱਕ ਵੱਡਾ ਵਰਗ ਪਛੜ ਗਿਆ ਹੈ। ਕਮਜ਼ੋਰ ਸਿਆਸੀ ਪਕੜ ਅਤੇ ਦਲਿਤ ਸਮਾਜ ਦੀ ਆਪਸੀ ਵੰਡ ਇਸ ਦੇ ਮੁੱਖ ਕਾਰਨ ਹਨ। ਸਮੁੱਚੇ ਦਲਿਤ ਭਾਈਚਾਰੇ ਨੂੰ ਇਕਜੁੱਟ ਹੋ ਕੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਹ ਗੱਲ ਸਾਬਕਾ ਕੇਂਦਰੀ ਮੰਤਰੀ ਅਤੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਦਲਿਤ ਚੇਤਨਾ ਮੰਚ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਡਾ: ਭੀਮ ਰਾ ਅੰਬੇਡਕਰ ਦੇ ਮਹਾਪਰਿਨਿਰਵਾਨ ਦਿਵਸ ਮੌਕੇ ਆਯੋਜਿਤ ਦਲਿਤ ਮਹਾਂ ਪੰਚਾਇਤ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਨੂੰ ਬਦਲਣ ਲਈ ਦਲਿਤ ਸਮਾਜ ਦੇ ਸਮਰੱਥ ਲੋਕਾਂ ਨੂੰ ਅੱਗੇ ਆਉਣਾ ਪਵੇਗਾ ਅਤੇ ਸਮਾਜ ਦੇ ਲੋੜਵੰਦ ਲੋਕਾਂ ਦਾ ਹੱਥ ਫੜ ਕੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਮਦਦ ਕਰਨੀ ਹੋਵੇਗੀ। ਸਾਂਪਲਾ ਨੇ ਡਾ: ਅੰਬੇਡਕਰ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਆਪਣੇ ਨਿੱਜੀ ਸੁੱਖਾਂ ਦਾ ਤਿਆਗ ਕਰਕੇ ਸਮਾਜ ਅਤੇ ਦੇਸ਼ ਦੀ ਸੇਵਾ ਕੀਤੀ । ਬਾਬਾ ਸਾਹਿਬ, ਆਪਣੇ ਸਮੇਂ ਦੇ ਸਭ ਤੋਂ ਪੜ੍ਹੇ-ਲਿਖੇ ਲੋਕਾਂ ਵਿੱਚੋਂ ਇੱਕ, ਬਹੁਤ ਸਾਰੀਆਂ ਐਸ਼ੋ-ਆਰਾਮ ਦਾ ਆਨੰਦ ਮਾਣ ਸਕਦੇ ਸਨ ਪਰ ਉਹ ਦਲਿਤ ਭਾਈਚਾਰੇ ਦੇ ਹਿੱਤਾਂ ਨੂੰ ਸਰਵਉੱਚ ਸਮਝਦੇ ਸਨ।






ਦੇਸ਼ ਦੀ ਸੇਵਾ ਕਰਦੇ ਹੋਏ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦੇਸ਼ ਦੀ ਸੇਵਾ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸੰਘਰਸ਼ ਅਤੇ ਕੁਰਬਾਨੀ ਨਾਲ ਹੀ ਸਮਾਜ ਵਿੱਚ ਤਬਦੀਲੀ ਲਿਆਂਦੀ ਜਾ ਸਕਦੀ ਹੈ। ਸਾਂਪਲਾ ਨੇ ਦਲਿਤ ਸਮਾਜ ਦੀ ਏਕਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਸਮੇਂ ਦਲਿਤ ਸਮਾਜ ਵੱਖ-ਵੱਖ ਵਰਗਾਂ 'ਚ ਵੰਡਿਆ ਹੋਇਆ ਹੈ, ਜਿਸ ਕਾਰਨ ਸਮੱਸਿਆਵਾਂ ਵਧ ਰਹੀਆਂ ਹਨ । ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਆਪਣੀ ਸਿਆਸੀ ਪਕੜ ਮਜ਼ਬੂਤ ਕਰਨੀ ਪਵੇਗੀ, ਕਿਉਂਕਿ ਕਮਜ਼ੋਰ ਲੀਡਰਸ਼ਿਪ ਕਾਰਨ ਸਮਾਜਿਕ ਅਤੇ ਧਾਰਮਿਕ ਸਮੱਸਿਆਵਾਂ ਵਧ ਰਹੀਆਂ ਹਨ। ਰਾਜਨੀਤਿਕ ਸ਼ਕਤੀ ਤੋਂ ਬਿਨਾਂ ਸਮਾਜਿਕ ਅਤੇ ਪ੍ਰਸ਼ਾਸਨਿਕ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਮੁਸ਼ਕਲ ਹੈ।

ਸਾਨੂੰ ਇਕਜੁੱਟ ਹੋ ਕੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿੱਚ ਦਲਿਤ ਭਾਈਚਾਰੇ ਨੂੰ ਜਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹੀ ਸਮੱਸਿਆਵਾਂ ਤਾਮਿਲਨਾਡੂ, ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਹਰਿਆਣਾ ਅਤੇ ਜੰਮੂ-ਕਸ਼ਮੀਰ ਵਿੱਚ ਦਲਿਤ ਭਾਈਚਾਰੇ ਨੂੰ ਦਰਪੇਸ਼ ਹਨ। ਰਵਿਦਾਸੀ, ਵਾਲਮੀਕਿ, ਕਬੀਰਪੰਥੀ, ਧਨਕ, ਮਹਾਦਸ਼ਾ ਜਾਂ ਬਾਜ਼ੀਗਰ, ਸਭ ਵਰਗਾਂ ਦੀਆਂ ਸਮੱਸਿਆਵਾਂ ਇੱਕੋ ਜਿਹੀਆਂ ਹਨ। ਇਨ੍ਹਾਂ ਦਾ ਹੱਲ ਸਮੂਹਿਕ ਯਤਨਾਂ ਨਾਲ ਹੀ ਸੰਭਵ ਹੈ। ਦਲਿਤ ਭਾਈਚਾਰੇ ਨੂੰ ਆਪਣੀ ਸਿਆਸੀ ਤਾਕਤ ਮਜ਼ਬੂਤ ਕਰਨ ਦੀ ਲੋੜ ਹੈ। ਸਾਡੇ ਮਜ਼ਦੂਰ ਭਰਾਵਾਂ 'ਤੇ ਕਈ ਅੱਤਿਆਚਾਰ ਹੋ ਰਹੇ ਹਨ। ਸਮਾਜਿਕ ਜੀਵਨ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਧਾਰਮਿਕ ਤੌਰ 'ਤੇ ਸਾਡੇ 'ਤੇ ਕਈ ਪਾਬੰਦੀਆਂ ਹਨ। ਇਸ ਸਭ ਦਾ ਕਾਰਨ ਇਹ ਹੈ ਕਿ ਸਾਡੀ ਸਿਆਸੀ ਪਕੜ ਕਮਜ਼ੋਰ ਹੁੰਦੀ ਜਾ ਰਹੀ ਹੈ।

ਅੱਜ ਦਲਿਤ ਸਮਾਜ ਵਿੱਚ ਕੁਸ਼ਲ ਅਤੇ ਮਜ਼ਬੂਤ ਲੀਡਰਸ਼ਿਪ ਦੀ ਘਾਟ ਹੈ। ਅਜਿਹੀ ਸਥਿਤੀ ਵਿੱਚ ਮਜ਼ਬੂਤ ਸਿਆਸੀ ਪਕੜ ਰਾਹੀਂ ਹੀ ਅਸੀਂ ਸਮਾਜਿਕ, ਧਾਰਮਿਕ ਅਤੇ ਪ੍ਰਸ਼ਾਸਨਿਕ ਪਕੜ ਮਜ਼ਬੂਤ ਕਰ ਸਕਦੇ ਹਾਂ, ਇਸ ਲਈ ਸਾਨੂੰ ਬਹੁਤਿਆਂ ਵਿੱਚੋਂ ਇੱਕ ਬਣਨਾ ਹੋਵੇਗਾ।

ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਆਪਣੀ ਤਾਕਤ ਮਜ਼ਬੂਤ ਕਰਨ ਦੀ ਲੋੜ ਹੈ। ਦਲਿਤ ਚੇਤਨਾ ਮੰਚ ਤੁਹਾਨੂੰ ਇੱਕਜੁੱਟ ਹੋ ਕੇ ਇਨ੍ਹਾਂ ਨਕਾਰਾਤਮਕ ਸਥਿਤੀਆਂ ਦਾ ਸਾਹਮਣਾ ਕਰਨ ਦਾ ਸੱਦਾ ਦਿੰਦਾ ਹੈ।

# ਜ਼ਿਲ੍ਹਾ ਰੈੱਡ ਕਰਾਸ ਦੇ 'ਵਿੰਗਜ਼' ਪ੍ਰੋਜੈਕਟ ਨੂੰ ਮਿਲਿਆ ਰਾਜ ਪੱਧਰੀ ਸਨਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵਲੋਂ ਚਲਾਏ ਜਾ ਰਹੇ ਵਿਸ਼ੇਸ਼ ਪ੍ਰੋਜੈਕਟ 'ਵਿੰਗਜ' ਨੂੰ ਅੰਤਰਰਾਸ਼ਟਰੀ ਦਿਵਆਂਗ ਦਿਵਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ (ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਭਲਾਈ ਵਿਭਾਗ) ਵਲੋਂ ਰਾਜ ਪੱਧਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਇਸ ਪ੍ਰੋਜੈਕਟ ਦੀ ਵਿਲੱਖਣ ਸਫ਼ਲਤਾ ਦਾ ਪ੍ਰਮਾਣ ਹੈ। ਇਸ ਪ੍ਰੋਜੈਕਟ ਤਹਿਤ 12 ਵਿਸ਼ੇਸ਼ ਬੱਚਿਆਂ ਵਲੋਂ 4 ਵੱਖ-ਵੱਖ ਥਾਵਾਂ 'ਤੇ ਕੰਟੀਨਾਂ ਸਥਾਪਿਤ ਕੀਤੀਆਂ ਗਈਆਂ ਹਨ। ਇਨ੍ਹਾਂ ਕੰਟੀਨਾਂ ਵਿਚ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਾਜਬ ਰੇਟਾਂ 'ਤੇ ਚਾਹ, ਕੌਫੀ, ਸਮੋਸੇ, ਸੈਂਡਵਿਚ, ਰਾਜਮਾਹ-ਚਾਵਲ, ਕੜੀ-ਚਾਵਲ ਆਦਿ ਉਚ ਗੁਣਵੱਤਾ ਵਾਲਾ ਖਾਦ ਪਦਾਰਥ ਉਪਲਬੱਧ ਕਰਵਾਇਆ ਜਾਂਦਾ ਹੈ। ਇਸ ਪ੍ਰੋਜੈਕਟ ਨੇ ਨਾ ਕੇਵਲ ਇਨ੍ਹਾਂ ਵਿਸ਼ੇਸ਼ ਬੱਚਿਆਂ ਨੂੰ ਆਰਥਿਕ ਰੂਪ ਵਿਚ ਆਤਮ ਨਿਰਭਰ ਬਣਾਇਆ ਹੈ ਸਗੋਂ ਉਨ੍ਹਾਂ ਦੇ ਸਮਾਜਿਕ ਜੀਵਨ ਨੂੰ ਸੁਧਾਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਹ ਕੈਂਟੀਨਾਂ ਪਿਛਲੇ 11 ਮਹੀਨੇ ਤੋਂ 8000 ਤੋਂ ਵੱਧ ਗ੍ਰਾਹਕਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਆਪਣੀ ਲਾਗਤ ਕੱਢਣ ਉਪਰੰਤ ਇਹ ਕੈਂਟੀਨਾਂ ਵਿਸ਼ੇਸ਼ ਬੱਚਿਆਂ ਨੂੰ ਮਿਹਨਤਾਨਾ ਵੀ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਕਾਰਨ ਵਿਸ਼ੇਸ਼ ਬੱਚਿਆਂ ਅਤੇ ਸਧਾਰਨ ਬੱਚਿਆਂ ਦਰਮਿਆਨ ਸਕਰਾਤਮਕ ਸੋਚ ਅਤੇ ਸੰਵੇਦਨਸ਼ੀਲਤਾ ਵਧੀ ਹੈ। ਡਿਪਟੀ ਕਮਿਸ਼ਨਰ ਨੇ ਇਸ ਪ੍ਰੋਜੈਕਟ ਦੀ ਸਫ਼ਲਤਾ ਨੂੰ ਦੇਖਦੇ ਹੋਏ ਘੋਸ਼ਣਾ ਕੀਤੀ ਕਿ ਇਸ ਤਰ੍ਹਾਂ ਦੀ 'ਵਿੰਗਜ਼' ਕੰਟੀਨ ਹੋਰ ਸਕੂਲਾਂ ਅਤੇ ਕਾਲਜਾਂ ਵਿਚ ਵੀ ਖੋਲ੍ਹੀ ਜਾਵੇਗੀ। ਇਸ ਲਈ ਉਨ੍ਹਾਂ ਲੁਧਿਆਣਾ ਬੇਵਰੇਜੇਜ (ਕੋਕਾ-ਕੋਲਾ) ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਪ੍ਰੋਜੈਕਟ ਨੂੰ ਸਪਾਂਸਰ ਕਰਕੇ ਵਿਸ਼ੇਸ਼ ਬੱਚਿਆਂ ਦੇ ਜੀਵਨ ਵਿਚ ਨਵਾਂ ਉਜਾਲਾ ਭਰਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਵਿੰਗਜ਼' ਪ੍ਰੋਜੈਕਟ ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਸਹੀ ਦਿਸ਼ਾ ਅਤੇ ਸਮਰਥਨ ਨਾਲ ਵਿਸ਼ੇਸ਼ ਬੱਚੇ ਵੀ ਆਤਮ ਨਿਰਭਰ ਅਤੇ ਮਜ਼ਬੂਤ ਹੋ ਸਕਦੇ ਹਨ। ਇਸ ਪ੍ਰੋਜੈਕਟ ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਸਹੀ ਦਿਸ਼ਾ ਅਤੇ ਸਮਰਥਨ ਨਾਲ ਵਿਸ਼ੇਸ਼ ਬੱਚੇ ਵੀ ਆਤਮ ਨਿਰਭਰ ਅਤੇ ਮਜ਼ਬੂਤ ਹੋ ਸਕਦੇ ਹਨ। ਇਸ ਪ੍ਰੋਜੈਕਟ ਨੇ ਸਮਾਜ ਵਿਚ ਵਿਸ਼ੇਸ਼ ਬੱਚਿਆਂ ਪ੍ਰਤੀ ਦ੍ਰਿਸ਼ਟੀਕੋਣ ਨੂੰ ਬਦਲਣ ਦਾ ਕਾਰਜ ਕੀਤਾ ਹੈ। 'ਵਿੰਗਜ਼' ਪ੍ਰੋਜੈਕਟ ਦੇ ਵਿਸ਼ੇਸ਼ ਬੱਚਿਆਂ ਨੇ ਡਿਪਟੀ ਕਮਿਸ਼ਨਰ ਅਤੇ ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਦਾ ਧੰਨਵਾਦ ਕੀਤਾ। ਸਵਿਤਰੀ ਦੇਵੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਇਸ ਤਰ੍ਹਾਂ ਦੀ ਉਪਲਬੱਧੀ ਬਾਰੇ ਨਹੀਂ ਸੋਚਿਆ ਸੀ। ਭਾਵਕ, ਦਿਲਵਾਰ ਅਤੇ ਨੀਰਜ ਨੇ ਆਪਣੀ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੇ ਜੀਵਨ ਦਾ ਇਕ ਮਹੱਤਵਪੂਰਨ ਮੋੜ ਹੈ। ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਇਹ ਕੰਟੀਨ 9 ਮਾਨਸਿਕ ਰੂਪ ਤੋਂ ਕਮਜ਼ੋਰ, 2 ਗੂੰਗੇ ਤੇ ਬੋਲੇ ਅਤੇ 1 ਸਰੀਰਕ ਰੂਪ ਤੋਂ ਕਮਜ਼ੋਰ ਬੱਚੇ ਬਹੁਤ ਕੁਸ਼ਲਤਾ ਨਾਲ ਚਲਾ ਰਹੇ ਹਨ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਵੀ ਸਮਾਜ ਭਲਾਈ ਦੇ ਇਸ ਤਰ੍ਹਾਂ ਦੇ ਕੰਮਾਂ ਵਿਚ ਸਹਿਯੋਗ ਦੇਣ।



# ਯੂਨੀਵਰਸਿਟੀ ਕਾਲਜ ਬੇਨੜਾ ਦੇ ਕਾਮਰਸ ਵਿਭਾਗ ਦੇ ਐੱਮ ਕਾਮ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ

**ਧੂਰੀ, (ਦਲਜੀਤ ਕੌਰ)** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹਾਲ ਹੀ 'ਚ ਐਲਾਨੇ ਨਤੀਜੇ ਦੌਰਾਨ ਯੂਨੀਵਰਸਿਟੀ ਕਾਲਜ ਬੇਨੜਾ ਦੇ ਕਾਮਰਸ ਵਿਭਾਗ ਦੇ ਐੱਮ ਕਾਮ ਸਮੈਸਟਰ ਦੂਜਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕੀਤੇ।



ਇਸ ਬਾਰੇ ਜਾਣਕਾਰੀ ਦਿੰਦੇ ਕਾਮਰਸ ਵਿਭਾਗ ਦੇ ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ ਮੰਡ ਨੇ ਕਿਹਾ ਕਿ ਨੰਦਨ ਰਾਜਪਾਲ ਨੇ 95.7, ਸੋਨੀਆ ਨੇ 92.2 ਅਤੇ ਸਵਿਤਾ ਨੇ 91.3 ਫ਼ੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ।

ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਚੰਗੇ ਅੰਕ ਹਾਸਲ ਕਰਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਮਿਹਨਤ ਕਰਨ ਵਾਲੇ ਵਿਦਿਆਰਥੀ ਹਰ ਮੰਜ਼ਿਲ ਪ੍ਰਾਪਤ ਕਰਨ ਦੇ ਸਮਰੱਥ ਹੁੰਦੇ ਹਨ ਤੇ ਮਿਹਨਤ ਨਾਲ ਹੀ ਉਹ ਆਪਣੀ ਮਨ ਭਾਉਂਦੀ ਮੰਜ਼ਿਲ ਹਾਸਲ ਕਰਨ ਵਿੱਚ ਹਮੇਸ਼ਾ ਸਫ਼ਲਤਾ ਪ੍ਰਾਪਤ ਕਰਦੇ ਹਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਪਿੰਡ ਗਾਗਾ ਦੀ ਸਫ਼ਾਈ ਮੁਹਿੰਮ

**ਲਹਿਰਾਗਾਗਾ, (ਦਲਜੀਤ ਕੌਰ)** ਸੀਬਾ ਸਕੂਲ ਦੀ ਐਨ.ਐਸ.ਐਸ ਯੂਨਿਟ ਦੇ ਵਲੰਟੀਅਰਾਂ ਅਤੇ ਐਨ.ਸੀ.ਸੀ. ਦੇ ਕੈਡਿਟਸ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ ਪਿੰਡ ਗਾਗਾ ਦੀ ਸਫ਼ਾਈ ਲਈ ਕੈਂਪ ਲਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਸਰਪੰਚ ਗਾਗਾ ਬਲਜੀਤ ਕੌਰ, ਗੁਰਦੀਪ ਸਿੰਘ ਭਿੱਤਰ, ਗੁਰੂ-ਘਰ ਦੇ ਮੈਨੇਜਰ ਇੰਦਰਜੀਤ ਸਿੰਘ ਨੇ ਵਿਦਿਆਰਥੀਆਂ ਨਾਲ ਰਲ ਕੇ ਸੇਵਾ ਕਰਵਾਈ। ਇਸ ਦੌਰਾਨ ਐਨ.ਐਸ.ਐਸ ਦੇ ਇੰਚਾਰਜ ਨਰੇਸ਼ ਚੌਧਰੀ ਨੇ ਦੱਸਿਆ ਕਿ ਗੁਰਪੁਰਬ ਕਾਰਨ ਗੁਰਦੁਆਰਾ ਸਾਹਿਬ ਨੂੰ ਜਾਂਦੀ ਮੇਨ ਰੋਡ ਦੇ ਆਲੇ-ਦੁਆਲੇ ਮਿੱਟੀ, ਰੂੜੀਆਂ ਤੇ ਝਾੜੀਆਂ ਦੀ ਭਰਮਾਰ ਸੀ ਜਿਸ ਨੂੰ ਨਗਰ ਪੰਚਾਇਤ ਦੀ ਮਦਦ ਨਾਲ ਸਾਫ਼ ਕੀਤਾ ਗਿਆ। ਇਸ ਤੋਂ ਇਲਾਵਾ ਸਟੇਡੀਅਮ ਵਾਲੇ ਰਾਹ ਉੱਪਰੋਂ ਪਹਾੜੀ ਕਿੱਕਰਾਂ ਦੀਆਂ ਟਾਹਣੀਆਂ ਕੱਟ ਕੇ ਲੰਘਣ ਯੋਗ ਬਣਾਇਆ ਗਿਆ। ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਬਾਬੇ ਨਾਨਕ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਹੱਥੀਂ ਕਿਰਤ ਨਾਲ ਅਸੀਂ ਸੰਸਾਰ ਨੂੰ ਸੋਹਣਾ ਬਣਾ ਸਕਦੇ ਹਾਂ।ਹਰ ਇਨਸਾਨ ਨੂੰ ਆਪਣਾ ਆਲਾ-ਦੁਆਲਾ, ਮੁਹੱਲਾ, ਪਿੰਡ ਸਾਫ਼-ਸੁਥਰਾ ਰੱਖਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਹੀ ਸਾਡਾ ਜਿਉਣਾ ਸਾਰਥਿਕ ਹੋ ਸਕਦਾ ਹੈ। ਸੀਬਾ ਸਕੂਲ ਵਲੋਂ ਪਿੰਡ ਗਾਗਾ ਨੂੰ ਪਿੰਡ ਵਾਸੀਆਂ, ਸਮਾਜ ਸੇਵੀਆਂ, ਐਨ।ਆਰ।ਆਈਜਾਂ ਅਤੇ ਸਾਬਕਾ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਲਾਕੇ ਦਾ ਸਭ ਤੋਂ ਵੱਧ ਸਾਫ਼ ਸੁਥਰਾ ਅਤੇ ਸੋਹਣਾ ਪਿੰਡ ਬਣਾਉਣ ਦਾ ਬੀੜਾ ਚੁੱਕਿਆ ਗਿਆ ਹੈ। ਇਸ ਮੌਕੇ ਗੌਤਮ ਸਿੰਘ ਪੰਚ, ਜੈਲਾ ਸਿੰਘ, ਸੁਰਜੀਤ ਸਿੰਘ, ਜਸਪ੍ਰੀਤ ਸਿੰਘ, ਮੱਘਰ ਸਿੰਘ ਤੋਂ ਇਲਾਵਾ ਬਲਕਾਰ ਸਿੰਘ ਤਾਰੀ, ਮਲਕੀਤ ਸਿੰਘ ਡੀ।ਪੀ। ਤੇ ਸਾਰੇ ਟਰਾਂਸਪੋਰਟ ਦੇ ਡਰਾਈਵਰਾਂ ਨੇ ਭਰਪੂਰ ਸਹਿਯੋਗ ਦਿੱਤਾ।



# ਸ਼ੰਭੂ ਬਾਰਡਰ ਤੇ ਕਿਸਾਨਾਂ ਤੇ ਜਬਰ ਕਰਨਾ ਨੰਗੀ ਚਿੱਟੀ ਡਿਕਟੇਟਰਸ਼ਿਪ: ਮਨਜੀਤ ਧਨੇਰ

**ਚੰਡੀਗੜ੍ਹ, (ਦਲਜੀਤ ਕੌਰ)** ਸ਼ੰਭੂ ਬਾਰਡਰ ਤੋਂ ਦਿੱਲੀ ਵੱਲ ਸ਼ਾਂਤਮਈ 101 ਕਿਸਾਨਾਂ ਦੇ ਜਥੇ ਨਾਲ ਕੂਚ ਕਰਨ ਵਾਲੇ ਕਿਸਾਨਾਂ ਉੱਪਰ ਹਰਿਆਣਾ ਪੁਲਿਸ ਵੱਲੋਂ ਕੀਤੇ ਜਬਰ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਨੇ ਸਖਤ ਨਿਖੇਧੀ ਕੀਤੀ ਹੈ। ਇਸ ਸਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਹੈ ਕਿ ਖਬਰਾਂ ਅਨੁਸਾਰ ਦੋ ਕਿਸਾਨ ਸਖਤ ਜ਼ਖਮੀ ਹੋਏ ਹਨ ਅਤੇ ਕਿਸਾਨਾਂ ਦੀਆਂ ਅੱਖਾਂ ਵਿੱਚ ਮਿਰਚਾਂ ਦਾ ਸਪਰੇਅ ਮਾਰਿਆ ਜਾ ਰਿਹਾ ਹੈ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਹਨ। ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਕਈ ਮੰਤਰੀ ਅਤੇ ਆਗੂ ਕਹਿ ਚੁੱਕੇ ਹਨ ਕਿ ਕਿਸਾਨ ਟਰੈਕਟਰ ਲੈ ਕੇ ਨਾ ਆਉਣ ਤਾਂ ਦਿੱਲੀ ਜਾ ਸਕਦੇ ਹਨ। ਉਪ-ਰਾਸ਼ਟਰ-ਪਤੀ ਵੀ ਕਹਿ ਰਹੇ ਹਨ ਕਿ ਕਿਸਾਨਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ।



# ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ ਗ਼ਦਰੀ ਬਾਬਿਆਂ ਦੀ ਯਾਦ 'ਚ ਕਰਵਾਇਆ ਗਿਆ ਸਮਾਗਮ ਬੇਹੱਦ ਸਫਲ ਰਿਹਾ


ਪ੍ਰੋ. ਪ੍ਰੀਤਮ ਸਿੰਘ


ਡਾ. ਸਵੈਮਾਨ ਸਿੰਘ


ਜਸਵੀਰ ਦਿਓਲ


ਕਸ਼ਮੀਰ ਸਿੰਘ ਕਾਂਗਣਾ


ਸੁਰਿੰਦਰ ਸੋਹਲ


ਮਨਮੋਹਨ ਪੂਨੀ


ਸ. ਗੁਰਦੇਵ ਸਿੰਘ ਕੰਗ


ਉਂਕਾਰ ਸਿੰਘ ਡੁਮੇਲੀ


ਮਾ. ਧਰਮ ਪਾਲ ਉੱਗੀ


ਰਾਜਾ ਅਵੈਸ


ਅਮਰੀਕ ਗ਼ਾਫ਼ਿਲ


ਮੋਹਨ ਸਿੰਘ ਭੰਵਰਾ


ਸੁਖਜੀਤ ਕੌਰ


ਦੇਵ ਰੰਧਾਵਾ


ਰੇਸ਼ਮ ਸਿੰਘ ਰੇਸ਼ਮ


ਪ੍ਰਿਤਪਾਲ ਕੌਰ ਪ੍ਰੀਤ


ਮੁਹੰਮਦ ਅਸ਼ਫ਼ਾਕ


ਇੰਡੋ-ਅਮੇਰਿਕਨ ਹੇਰੀਟੇਜ ਫ਼ਾਊਂਡੇਸ਼ਨ ਆਫ਼ ਨਿਊਯਾਰਕ ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਦੌਰਾਨ ਕਿਤਾਬਾਂ ਰਲੀਜ਼ ਕਰਨ ਦਾ ਦ੍ਰਿਸ਼। ਖੱਬਿਓਂ ਸੱਜੇ) ਸੁਰਿੰਦਰ ਸੋਹਲ, ਡਾ. ਸੰਦੀਪ ਸਿੰਘ, ਅਮਰੀਕ ਗ਼ਾਫ਼ਿਲ, ਮਨਮੋਹਨ ਪੂਨੀ, ਪ੍ਰੋ. ਪ੍ਰੀਤਮ ਸਿੰਘ ਯੂ ਕੇ ਕਸ਼ਮੀਰ ਸਿੰਘ ਕਾਂਗਣਾਂ, ਜਸਵੀਰ ਸਿੰਘ ਦਿਓਲ, ਡਾ. ਸਵੈਮਾਨ ਸਿੰਘ ਅਤੇ ਸਵਰਨ ਸਿੰਘ ਸਲੈਚ

**ਨਿਊ ਯਾਰਕ –** ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ 30 ਨਵੰਬਰ ਨੂੰ ਗ਼ਦਰੀ ਬਾਬਿਆਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ, ਜਿਸ ਦਾ ਉਦੇਸ਼ ਹਿੰਦੋਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ ਆਦਿ ਦੇ ਸ਼ਹੀਦਾਂ ਨੂੰ ਯਾਦ ਕਰਨਾ ਤੇ ਸ਼ਰਧਾਂਜਲੀ ਦੇਣਾ ਸੀ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਪ੍ਰੀਤਮ ਸਿੰਘ (ਯੂ ਕੇ), ਕਸ਼ਮੀਰ ਸਿੰਘ ਕਾਂਗਣਾ, ਜਸਵੀਰ ਦਿਉਲ (ਕੈਨੇਡਾ ਦੀ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਐਡਮੈਂਟਨ ਤੋਂ ਐਮ. ਐਲ. ਏ.), ਡਾ. ਸਵੈਮਾਨ ਸਿੰਘ, ਗੁਰਦੇਵ ਸਿੰਘ ਕੰਗ ਸੁਸ਼ੋਭਤ ਸਨ।

ਇਹ ਪ੍ਰੋਗਰਾਮ ਵਿਛੜ ਗਏ ਸਾਹਿਤਕਾਰਾਂ ਡਾ. ਸੁਰਜੀਤ ਪਾਤਰ, ਡਾਕਟਰ ਗੁਰੂਮੇਲ ਸਿੱਧੂ, ਹਰਭਜਨ ਸਿੰਘ ਹੁੰਦਲ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੈਕਟਰੀ ਨੌਨਿਹਾਲ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਉਹਨਾਂ ਸਾਹਿਤਕਾਰਾਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਸੰਤ ਸ਼ੇਰ ਸਿੰਘ ਰਾਗੀ (ਨਾਮਧਾਰੀ ਸਿੱਖ ਸੰਗਤ ਨਿਊ ਯਾਰਕ) ਵਲੋਂ ਸ਼ਬਦ ਗਾਇਨ ਕਰ ਕੇ ਇਸ ਸਮਾਗਮ ਦੀ ਆਰੰਭਤਾ ਕੀਤੀ ਗਈ।

ਅਗਲਾ ਪੜਾਅ ਪੁਸਤਕ ਰਿਲੀਜ਼ ਦਾ ਸੀ। ਇਸ ਮੌਕੇ ਦਰਜਨ ਦੇ ਕਰੀਬ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਵਿਚ 'ਪਗਡੰਡੀਆਂ' (ਅੰਜੂ ਰੱਤੀ), 'ਕਿਣ-ਮਿਣ' (ਮੰਗਤ ਰਾਮ ਪਾਸਲਾ) 'ਖੇਡ ਜਗਤ ਦੀਆਂ ਪੈੜਾਂ' (ਇਕਬਾਲ ਜੱਬੋਵਾਲੀਆ), 'ਆਜ਼ਾਦੀ ਦੇ ਪਰਵਾਨੇ' (ਕਿਰਪਾਲ ਸਿੰਘ ਸੰਧੂ), 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਪੂੰਝੇ' (ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਸੁਖਵੀਰ ਕੌਰ, ਰੁਪਿੰਦਰ ਕੌਰ ਅਤੇ ਜੋਤੀ), 'ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ' (ਐਚ. ਐਲ. ਕਪੂਰ), 'ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ' (ਧਰਮ ਸਿੰਘ ਗੋਰਾਇਆ ਅਤੇ ਸੁਲੱਖਣ ਸਰਹੱਦੀ), 'ਨਿੱਗਰ ਖੰਭਾਂ ਦੀ ਉਡਾਣ' (ਸੰ. ਹਰਜਿੰਦਰ ਪੰਧੇਰ, ਰਵੀ ਸ਼ੇਰ ਗਿੱਲ, ਹਰਮਹਿੰਦਰ ਚਹਿਲ), 'ਕਵਿਤਾ ਦੇ ਅੰਗ-ਸੰਗ' (ਪ੍ਰੋ. ਹਰਭਜਨ ਸਿੰਘ), 'ਮਨੂੰ ਸਿਮਰਤੀ' (ਡਾ. ਕਰਮਜੀਤ ਸਿੰਘ), ਰੰਗਾਂ ਦੇ ਆਰ-ਪਾਰ' (ਮੋਹਨ ਸਿੰਘ ਭੰਵਰਾ) ਆਦਿ ਸਨ।

ਗ਼ਦਰੀ ਬਾਬਿਆਂ ਨੂੰ ਸਮਰਪਿਤ ਮੁਖ਼ਤਸਰ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਸੁਖਜੀਤ ਕੌਰ, ਮੋਹਨ ਸਿੰਘ ਭੰਵਰਾ, ਪ੍ਰਿਤਪਾਲ ਕੌਰ ਪ੍ਰੀਤ, ਅਮਰੀਕ ਗ਼ਾਫ਼ਿਲ ਅਤੇ ਰਾਜਾ ਅਵੈਸ ਨੇ ਹਿੱਸਾ ਲਿਆ। ਪ੍ਰਸਿੱਧ ਗਾਇਕ ਰੇਸ਼ਮ ਸਿੰਘ ਰੇਸ਼ਮ ਹੋਰਾਂ ਨੇ ਸ਼ਹੀਦਾਂ ਨੂੰ ਸਮਰਪਿਤ ਸ਼ਿਅਰਾਂ ਨਾਲ਼ ਸ਼ਰਧਾਂਜਲੀ ਭੇਟ ਕੀਤੀ। ਅਗਲੇ ਦੌਰ ਵਿਚ ਬੁਲਾਰਿਆਂ ਨੇ ਆਪਣੇ ਵਿਚਾਰ ਸਰੋਤਿਆਂ ਨਾਲ਼ ਸਾਂਝੇ ਕੀਤੇ। ਸਭ ਤੋਂ ਪਹਿਲ ਉਂਕਾਰ ਸਿੰਘ ਡੁਮੇਲੀ ਹੋਰਾਂ ਇਤਿਹਾਸ ਦੇ ਵਰਕੇ ਫਰੋਲਦਿਆਂ ਆਪਣੀ ਗੱਲ ਅੰਗਰੇਜ਼ਾਂ ਦੇ ਭਾਰਤ ਜਾਣ ਦੇ ਕਾਰਨਾਂ ਤੋਂ ਸ਼ੁਰੂ ਕਰ ਕੇ ਉਹਨਾਂ ਜ਼ੁਲਮੋ-ਸਿਤਮ ਤੱਕ ਲਿਆ ਕੇ ਮੁਕਾਈ।

ਕਾਂਗਣਾਂ ਨੇ ਆਪਣੀ ਤਕਰੀਰ ਵਿਚ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਪਹੁੰਚਣ ਵੇਲ਼ੇ ਇੰਮੀਗ੍ਰੇਸ਼ਨ ਆਫ਼ੀਸਰ ਨਾਲ਼ ਹੋਈ ਗੱਲਬਾਤ ਦਾ ਅਹਿਮ ਦਸਤਾਵੇਜ਼ ਸਰੋਤਿਆਂ ਨਾਲ਼ ਸਾਂਝਾ ਕੀਤਾ।

ਮੁੱਖ ਬੁਲਾਰੇ ਪ੍ਰੋ। ਪ੍ਰੀਤਮ ਸਿੰਘ ਯੂ ਕੇ ਹੋਰਾਂ ਨੇ ਬੇਹੱਦ ਸਰਲ ਤਰੀਕੇ ਨਾਲ਼ ਗ਼ਦਰੀ ਬਾਬਿਆਂ ਦੀ ਸੋਚ, ਉਹਨਾਂ ਦੇ ਧਾਰਮਿਕ ਅਕੀਦੇ, ਦੇਸ਼ ਪ੍ਰਤੀ ਮੁਹੱਬਤ ਅਧੀਨ ਲੜਨ-ਮਰਨ ਦੇ ਜਜ਼ਬੇ ਅਤੇ ਪ੍ਰਤੀਬੱਧਤਾ ਦੀ ਬਾਤ ਪਾਈ।

ਡਾ. ਸਵੈਮਾਨ ਸਿੰਘ ਨੇ 'ਕਿਸਾਨ ਮੋਰਚੇ' ਨਾਲ ਸੰਬੰਧਿਤ ਆਪਣੇ ਅਨੁਭਵ ਪ੍ਰਗਟ ਕਰਦਿਆਂ ਇਹ ਆਸ ਜ਼ਾਹਿਰ ਕੀਤੀ ਕਿ ਜਿਵੇਂ ਗ਼ਦਰੀ ਬਾਬੇ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਲਈ ਤਤਪਰ ਸਨ ਇਉਂ ਹੀ ਅੱਜ ਦੀ ਪੀੜ੍ਹੀ ਨੂੰ ਕਿਸਾਨਾਂ ਨਾਲ਼ ਖੜ੍ਹੇ ਹੋਣਾ ਚਾਹੀਦਾ ਹੈ।

ਰਿਚਮੰਡ ਹਿੱਲ ਗੁਰੂਘਰ ਦੇ ਸਾਬਕਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਨੇ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।

ਮਾਸਟਰ ਧਰਮ ਪਾਲ ਉੱਗੀ ਹੋਰਾਂ ਕਿਹਾ ਕਿ ਜੋਤ ਤੋਂ ਹੀ ਜੋਤ ਜਗਦੀ ਹੈ। ਇਸ ਪ੍ਰੋਗਰਾਮ ਤੋਂ ਪ੍ਰੇਰਨਾ ਲੈ ਕੇ ਹੋਰ ਅਗਾਂਹਵਧੂ ਲੋਕ ਵੀ ਇਸ ਲੋਅ ਨੂੰ ਅਗਾਂਹ ਤੋਰਨਗੇ।

ਸ਼ਫ਼ੀਕ ਮੁਹੰਮਦ ਨੇ ਬੇਹੱਦ ਭਾਵੁਕ ਅੰਦਾਜ਼ ਵਿਚ ਸ਼ਹੀਦਾਂ ਨੂੰ ਯਾਦ ਕੀਤਾ। ਦੇਵ ਰੰਧਾਵਾ ਹੋਰਾਂ ਵੀ ਸਰੋਤਿਆਂ ਨਾਲ਼ ਸ਼ਬਦੀ ਸਾਂਝ ਪੁਆਈ।

ਇਸ ਮੌਕ ਟ੍ਰਾਈ ਸਟੇਟ ਤੋਂ ਲੋਕਾਂ ਭਰਪੂਰ ਹਾਜ਼ਰੀ ਭਰੀ। ਲੰਗਰ ਦੀ ਸੇਵਾ ਸਤਿਗੁਰ ਸਵੀਟਸ ਵੱਲੋਂ ਨਿਭਾਈ ਗਈ। ਜਲ ਦੀ ਸੇਵਾ ਗੁਰਿੰਦਰ ਕੌਰ ਪੂਨੀ ਅਤੇ ਚਾਹ-ਪਕੌੜਿਆਂ ਦੀ ਰਸਦ ਚਰਨਜੀਤ ਸਿੰਘ ਸਮਰਾ ਵੱਲੋਂ ਮੁਹੱਈਆ ਕਰਵਾਈ ਗਈ ਸੀ। ਅਮਰੀਕ ਗ਼ਾਫ਼ਿਲ ਅਤੇ ਰਾਜਿੰਦਰ ਬਿੱਟੂ ਨੇ ਨਾਮਧਾਰੀ ਸੰਗਤ ਨਾਲ਼ ਮਿਲ ਕੇ ਸਾਰਾ ਹਾਲ ਸ਼ਹੀਦਾਂ ਦੀਆਂ ਤਸਵੀਰਾਂ ਨਾਲ਼ ਪ੍ਰੇਰਨਾਦਾਇਕ ਬਣਾਇਆ।

ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਮਨਮੋਹਨ ਪੂਨੀ (ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ), ਸਵਰਨ ਸਿੰਘ ਸਲੈਚ (ਪ੍ਰਧਾਨ ਨਾਮਧਾਰੀ ਸਿੱਖ ਸੰਗਤ ਨਿਊਯਾਰਕ), ਜਗਤਾਰ ਸਿੰਘ ਕਾਰੀ (ਪ੍ਰਧਾਨ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ), ਰਘਬੀਰ ਸਿੰਘ ਸਭਾਨਪੁਰ, ਕੁਲਵੰਤ ਸਿੰਘ ਦਿਓਲ, ਬਾਈ ਸ਼ਮਸ਼ੇਰ ਸਿੰਘ (ਪ੍ਰਧਾਨ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ), ਦਰਸ਼ਨ ਸਿੰਘ ਪ੍ਰੀਤ, ਸੰਤੋਖ ਸਿੰਘ ਚੇਅਰਮੈਨ, ਰਮੇਸ਼ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ।

ਇਸ ਮੌਕੇ ਬਲਦੇਵ ਸਿੰਘ ਗਰੇਵਾਲ (ਗਲਪ-ਲਿਖਾਰੀ), ਤਰਲੋਕਬੀਰ (ਕਵੀ), ਡਾ. ਸੰਦੀਪ (ਆਲੋਚਕ), ਜਸਵੀਰ ਉੱਭੀ (ਲੇਖਕ) ਬਲਬੀਰ ਡੁਮੇਲੀ (ਕਵੀ), ਜਸਵੀਰ ਡੁਮੇਲੀ (ਕਵੀ), ਰੀਟਾ ਕੋਹਲੀ (ਸੰਗੀਤਕਾਰ) ਆਦਿ ਤੋਂ ਇਲਾਵਾ ਹਰਪ੍ਰੀਤ ਸਿੰਘ ਤੂਰ, ਇਕਬਾਲ ਸਿੰਘ ਜੱਬੋਵਾਲ, ਬਲਵਿੰਦਰ ਸਿੰਘ ਜੰਡਿਆਲਾ, ਨਿਰਮਲ ਸਿੰਘ (ਸਾਬਕਾ ਪ੍ਰਧਾਨ ਰਵਿਦਾਸ ਗੁਰੂਘਰ), ਮੈਡਮ ਪਰਮਜੀਤ ਕੌਰ, ਮਲਕੀਤ ਮਾਣਾ, ਦਵਿੰਦਰ ਸਿੰਘ ਬੋਪਰਾਇ (ਪ੍ਰਧਾਨ ਸਿੱਖ ਕਲਚਰਲ ਸੁਸਾਇਟੀ) ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸੁਰਿੰਦਰ ਸੋਹਲ ਨੇ ਨਿਭਾਈ।

# ਪਾਰਮਾ (ਪਿਚੈਂਸਾ) ਵਿਖੇ ਮਨਾਇਆ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦਾ ਪ੍ਰੀ ਨਿਰਮਾਣ ਦਿਵਸ

**ਰੋਮ (ਇਟਲੀ) ਟੇਕ ਚੰਦ ਜਗਤਪੁਰ–** ਬਹੁਜਨ ਸਮਾਜ ਪਾਰਟੀ ਇਟਲੀ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ ਨਿਰਮਾਣ ਦਿਵਸ ਕੌਰਤੇਮਜ਼ੂਰੇ (ਪਾਰਮਾ) ਵਿਖੇ ਮਨਾਇਆ ਗਿਆ। ਇਸ ਸਮਾਗਮ ਵਿੱਚ ਇਟਲੀ ਦੇ ਬਸਪਾ ਵਰਕਰਾਂ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਸ਼੍ਰੀ ਭੁੱਟੋ ਕੁਮਾਰ ਰੱਲ ਦੀ ਅਗਵਾਈ ਵਿੱਚ ਬਾਬਾ ਸਾਹਿਬ ਜੀ ਦੀ ਤਸਵੀਰ ਤੇ ਫੁਲ ਅਰਪਿਤ ਕਰਕੇ ਉਹਨਾਂ ਨੂੰ ਪ੍ਰਣਾਮ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਭਾਰਤ ਦੇ ਵਿੱਚ ਦਲਿਤ ਸਮਾਜ ਦੇ ਲੋਕਾਂ ਨੂੰ ਬਰਾਬਰਤਾ ਦਾ ਹੱਕ ਦਵਾਇਆ। ਉਹਨਾਂ ਅੱਗੇ ਕਿਹਾ ਕਿ ਭਾਰਤੀ ਸੰਵਿਧਾਨ ਨਾਲ ਛੇੜਛਾੜ ਬਰਦਾਸ਼ਤ ਨਹੀਂ



ਕੀਤੀ ਜਾਵੇਗੀ । ਉਹਨਾਂ ਅੱਗੇ ਕਿਹਾ ਕਿ ਸਮੁੱਚੇ ਦੇਸ਼ ਵਿੱਚ ਦਲਿਤ ਸਮਾਜ ਨੂੰ ਇੱਕ ਮੁੱਠ ਹੋ ਕੇ ਏਕਤਾ ਦਾ ਸਬੂਤ ਦਿੰਦੇ ਹੋਏ ਵਿਰੋਧੀਆਂ ਨੂੰ ਨੱਥ ਪਾਉਣਾ ਹੀ ਡਾ ਅੰਬੇਡਕਰ ਸਾਹਿਬ ਨੂੰ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਤੇ ਸੰਦੀਪ ਲੋਈ, ਨਰਿੰਦਰ ਸਿੰਘ, ਕੁਲਦੀਪ ਸਿੰਘ , ਗੁਰਦੇਵ ਸਿੰਘ ਪਰਮਜੀਤ ਕਲੇਰ, ਸੁਰਜੀਤ ਲਾਲ, ਇੰਦਰਜੀਤ, ਬਲਵਿੰਦਰ, ਜਸਵਿੰਦਰ, ਜਸਵੀਰ ਸਿੰਘ ਜਗਿੰਦਰ ਸਿੰਘ, ਬਲਵਿੰਦਰ ਸਿੰਘ ਬਲਵੀਰ ਸਿੰਘ, ਰਜਿੰਦਰ, ਰਾਜਾ ਦੀਪਕ, ਕੁਲਵਿੰਦਰ ਲੋਈ, ਕਮਲ, ਪਰਮਿੰਦਰ ਰਾਜੂ , ਬੱਬੀ, ਰਵੀ, ਪੰਮਾ, ਹੈਪੀ, ਜੱਸੀ, ਰਿੰਕੂ, ਹਰਵਿੰਦਰ ਲੱਕੀ ਲਾਡੀ, ਜਸ਼ਨ, ਅਰਮਾਨ ਰਲ, ਆਦਿ ਹਾਜ਼ਰ ਸਨ ।

### 10 ਦਸੰਬਰ ਮਨੁੱਖੀ ਅਧਿਕਾਰ ਦਿਵਸ ’ਤੇ ਵਿਸ਼ੇਸ਼

# ਮਨੁੱਖ ਨੂੰ ਯੁੱਧ ਨਹੀ, ਅਧਿਕਾਰ ਚਾਹੀਦੇ



ਐਸ ਐਲ ਵਿਰਦੀ, ਐਡਵੋਕੇਟ
91-98145-17499

ਪਹਿਲਾ ਸੰਸਾਰ ਮਹਾਂਯੁੱਧ 28 ਜੁਲਾਈ 1914 ਤੋਂ ਸ਼ੁਰੂ ਹੋ ਕੇ 11 ਨਵੰਬਰ 1918 ਤਕ ਚਲਿਆ। ਇਸ ਮਹਾਂਯੁੱਧ ਵਿਚ ਕਰੋੜਾਂ ਲੋਕ ਮਾਰੇ ਗਏ। ਲੜਾਈਆਂ ਨੂੰ ਰੋਕਣ ਲਈ ਯੂ ਐਨ ਓ ਦੀ ਸਥਾਪਨਾ ਹੋਈ। ਵਰਸੇਯ ਦੀ ਸੰਧੀ ਰਾਹੀਂ ਜਰਮਨੀ ਨਾਲ ਅਪਮਾਨਜਨਕ ਵਰਤਾਵ ਕੀਤਾ ਗਿਆ। ਰਾਜ ਸੱਤਾ ਪ੍ਰਾਪਤ ਕਰਦੇ ਸਾਰ ਹੀ ਹਿਟਲਰ ਨੇ ਇਸ ਸੰਧੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਯੂਰਪ ਦੋ ਵਿਰੋਧੀ ਗੁੱਟਾਂ 'ਐਕਸਿਸ ਪਾਵਰ’ ਤੇ 'ਅਲਾਈਡ ਪਾਵਰ’ ਵਿੱਚ ਵੰਡਿਆ ਗਿਆ। ਐਕਸਿਸ ਪਾਵਰ ਨੂੰ ਜਰਮਨੀ ਤੇ ਜਪਾਨ ਅਤੇ ਅਲਾਈਡ ਪਾਵਰ ਨੂੰ ਅਮਰੀਕਾ ਤੇ ਇੰਗਲੈਂਡ ਲੀਡ ਕਰ ਰਿਹਾ ਸੀ। ਇਕ-ਦੂਜੇ ਤੋਂ ਸ਼ਕਤੀਸ਼ਾਲੀ ਹੋਣ ਦੀ ਮਨੂੰਵਾਦੀ ਸੋਚ ਕਾਰਨ ਦੋਹਾਂ ਗੁੱਟਾਂ ਵਿੱਚਕਾਰ ਸੀਤ ਯੁੱਧ ਸ਼ੁਰੂ ਹੋ ਗਿਆ।

ਦੂਸਰੇ ਸੰਸਾਰ ਮਹਾਂਯੁੱਧ ਦਾ ਤਤਕਾਲੀ ਕਾਰਨ ਜਰਮਨੀ ਦੁਆਰਾ ਪੋਲੈਂਡ ’ਤੇ ਹਮਲਾ ਕਰਨਾ ਬਣਿਆ। ਵਰਸੇਯ ਦੀ ਸੰਧੀ ਪੱਤਰ ਵਿੱਚ ਪੋਲੈਂਡ ਨੂੰ ਸਮੁੰਦਰ ਤੱਕ ਰਸਤਾ ਦੇਣ ਲਈ ਜਰਮਨੀ ਦੇ ਦੋ ਟੁਕੜੇ ਕਰਕੇ ਵਿਚਕਾਰਲਾ ਡੇਨਜ਼ਿੰਗ ਦਾ ਭਾਗ ਪੋਲੈਂਡ ਦੇ ਹਵਾਲੇ ਕਰ ਦਿੱਤਾ।

ਜਰਮਨੀ ਨੇ ਪੋਲੈਂਡ ਤੋਂ ਡੇਨਜ਼ਿੰਗ ਦਾ ਭਾਗ ਮੰਗਿਆ ਪਰ ਉਤਰ ਦੀ ਉਡੀਕ ਕੀਤੇ ਬਿਨਾਂ ਹੀ 1 ਸਤੰਬਰ 1939 ਨੂੰ ਹਿਟਲਰ ਨੇ ਪੋਲੈਂਡ ਉਤੇ ਹਮਲਾ ਕਰ ਦਿੱਤਾ। ਇੰਗਲੈਂਡ ਨੇ ਜਰਮਨੀ ਨੂੰ ਪੋਲੈਂਡ ਖ਼ਾਲੀ ਕਰਨ ਨੂੰ ਕਿਹਾ ਤਾਂ ਜਰਮਨੀ ਨੇ ਇਨਕਾਰ ਕਰ ਦਿੱਤਾ ਤਾਂ 3 ਸਤੰਬਰ 1939 ਨੂੰ ਇੰਗਲੈਂਡ ਨੇ ਜਰਮਨੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ ਤਾਂ ਦੂਜਾ ਸੰਸਾਰ ਮਹਾਂਯੁੱਧ ਸ਼ੁਰੂ ਹੋ ਗਿਆ।

ਫ਼ਾਸ਼ਿਸਟ ਹਿਟਲਰ ਦੀ 30 ਅਪ੍ਰੈਲ 1945 ਨੂੰ ਮੌਤ ਹੋ ਗਈ ਤਾਂ ਨਾਜ਼ੀ ਸੈਨਾ ਦੇ ਕਮਜ਼ੋਰ ਹੋਣ ਕਾਰਨ ਬਿਖਰ ਗਈ। ਅਲਾਈਡ ਪਾਵਰ ਅੱਗੇ ਐਕਸਿਸ ਪਾਵਰ ਦੇ ਕਮਜ਼ੋਰ ਪੈਣ ਕਾਰਨ 7 ਮਈ ਨੂੰ ਜਰਮਨੀ ਨੇ ਸਰੰਡਰ ਕਰ ਦਿੱਤਾ। ਪਰ ਜਪਾਨ ਦੇ ਰਾਜਾ ਹੀਰੋਹਿੱਤੋ, ਯੁੱਧ ਲਈ ਬਜ਼ਿੱਦ ਸੀ ਅਤੇ ਉਹ ਅਲਾਈਡ ਪਾਵਰ ਨੂੰ ਹਰਾਉਣ ਲਈ ਅਮਰੀਕਾ ਉਤੇ ਪ੍ਰਮਾਣੂ ਬੰਬ ਸੁੱਟਣ ਲਈ ਤਿਆਰੀ ਕਰਨ ਲੱਗ ਪਿਆ ਤੇ ” ਸਰੰਡਰ ਕਰਨ ਲਈ ਤਿਆਰ ਨਾ ਹੋਇਆ।

ਸਿੱਟੇ ਵੱਜੋਂ ਅਮਰੀਕਾ ਨੇ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ 6 ਅਗਸਤ 1945 ਨੂੰ 'ਲਿਟਲ ਬੁਆਏ’ ਨਾਮ ਦਾ ਪ੍ਰਮਾਣੂ ਬੰਬ ਸੁੱਟ ਦਿੱਤਾ, ਜਿਸ ਵਿੱਚ 80 ਹਜ਼ਾਰ ਲੋਕ ਮਾਰੇ ਗਏ। ਜਪਾਨ ਅਜੇ ਸੰਭਲ ਹੀ ਰਿਹਾ ਸੀ ਕਿ ਅਮਰੀਕਾ ਨੇ 9 ਅਗਸਤ ਨੂੰ ਨਾਗਾਸਾਕੀ ਉਤੇ 'ਫੈਟਮੈਨ’ ਨਾਮ ਦਾ ਪ੍ਰਮਾਣੂ ਬੰਬ ਸੁੱਟ ਦਿੱਤਾ, ਜਿਸ ਨਾਲ 40 ਹਜ਼ਾਰ ਲੋਕ ਮਾਰੇ ਗਏ। ਦੋਹਾਂ ਪ੍ਰਮਾਣੂ ਹਮਲਿਆਂ ਵਿੱਚ ਇੱਕ ਲੱਖ 29 ਹਜ਼ਾਰ ਲੋਕ ਮਾਰੇ ਗਏ। 19 ਅਗਸਤ ਨੂੰ ਅਮਰੀਕਾ ਇੱਕ ਹੋਰ ਪ੍ਰਮਾਣੂ ਬੰਬ ਸੁੱਟਣ ਹੀ ਵਾਲਾ ਸੀ ਤਾਂ ਪਹਿਲੀ ਤਬਾਹੀ ਤੋਂ ਤਰਾਹ-ਤਰਾਹ ਕੰਬਦੇ, ਜਪਾਨ ਨੇ ਉਸ ਤੋਂ ਪਹਿਲਾਂ ਹੀ 14 ਅਗਸਤ ਨੂੰ ਸਰੰਡਰ ਕਰ ਦਿੱਤਾ, ਤਾਂ 6 ਸਾਲਾਂ ਤੋਂ ਚਲਿਆ ਆ ਰਿਹਾ ਦੂਜਾ ਮਹਾਂਯੁੱਧ ਕੁਝ ਹੀ ਦਿਨਾਂ ਵਿੱਚ ਹੀ ਖਤਮ ਹੋ ਗਿਆ।

ਦੂਜਾ ਸੰਸਾਰ ਮਹਾਂਯੁੱਧ, ਪਹਿਲੇ ਨਾਲੋਂ ਅਧਿਕ ਵਿਨਾਸ਼ਕਾਰੀ ਸਿੱਧ ਹੋਇਆ। ਲੱਖਾਂ ਲੋਕ ਮਾਰੇ ਗਏ। ਸੰਸਾਰ ਦਾ ਪਰਿਵਾਰਕ ਜੀਵਨ ਖੇਰੂੰ-ਖੇਰੂੰ ਹੋ ਗਿਆ, ਹਜ਼ਾਰਾਂ ਨਗਰ ਸ਼ਹਿਰ ਉਜੜ ਗਏ। ਸੰਸਾਰ ਵਿੱਚ ਚਾਰੇ ਪਾਸੇ ਹਾਹਾਕਾਰ ਮਚ ਗਈ ਤਾਂ ਸਾਰੇ ਦੇਸ਼ਾਂ ਨੇ ਸ਼ਾਂਤੀ ਦੀ ਦੁਹਾਈ ਪਾਈ। ਇਸ ਸ਼ਾਂਤੀ ਸਥਾਪਨਾ ਲਈ 1945 ਈ. ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਫਿਰ ਹੋਈ। ਸੰਸਾਰ ਦੇ ਸਾਰੇ ਲੋਕ ਮਹਿਸੂਸ ਕਰਨ ਲੱਗੇ ਕਿ ਜੇਕਰ ਭਵਿੱਖ ਵਿੱਚ ਕੋਈ ਹੋਰ ਸੰਸਾਰ ਯੁੱਧ ਛਿੜ ਪਿਆ ਤਾਂ ਮਨੁੱਖੀ ਸੱਭਿਅਤਾ ਦਾ ਨਾਂ ਲੈਣ ਵਾਲਾ ਕੋਈ ਨਹੀਂ ਰਹੇਗਾ।

ਯੁੱਧ ਨਾਲ ਹੋਈ ਜਾਨ ਮਾਲ ਦੀ ਤਬਾਹੀ ’ਤੇ ਗਰਾਂਟ ਤੇ ਟੈਮਪਰਲੇ ਨੇ ਕਿੰਤੂ ਕਰਦਿਆਂ ਕਿਹਾ ਸੀ ਕਿ ਪਹਿਲੇ ਸੰਸਾਰ ਮਹਾਂਯੁੱਧ ਦੇ ਭਿਆਨਕ ਸਿੱਟਿਆਂ ਨੂੰ ਦੇਖ ਕੇ ਇੰਜ ਲੱਗਦਾ ਹੈ ਕਿ ਇਸ ਤਰ੍ਹਾਂ ਦੀ ਵਿਨਾਸ਼ਕਾਰੀ ਲੜਾਈ ਮੁੜ ਕਦੇ ਨਹੀਂ ਹੋ ਸਕਦੀ, ਜੇ ਹੋਈ ਤਾਂ ਮਨੁੱਖੀ ਸੱਭਿਅਤਾ ਦਾ ਅੰਤ ਹੋ ਜਾਵੇਗਾ। ਦੂਜੀ ਸੰਸਾਰ ਜੰਗ ਵਿੱਚ ਜਾਨ ਤੇ ਮਾਲ ਦੀ ਹੋਈ ਭਿਆਨਕ ਤਬਾਹੀ ਨੂੰ ਦੇਖਦੇ ਹੋਏ, ਐਲਬਰਟ ਆਈਨਸਟਾਈਨ ਨੇ ਕਿਹਾ, "ਤੀਜੀ ਸੰਸਾਰ ਜੰਗ ਦਾ ਤਾਂ ਮੈਨੂੰ ਪਤਾ ਨਹੀਂ, ਕਿੱਦਾਂ ਲੜੀ ਜਾਵੇਗੀ, ਪਰ ਜੇ ਚੌਥੀ ਸੰਸਾਰ ਜੰਗ ਹੋਈ ਤਾਂ ਉਹ ਪੱਥਰਾਂ ਤੇ ਡੰਡਿਆਂ ਨਾਲ ਲੜੀ ਜਾਵੇਗੀ।”

ਦੂਜਾ ਸੰਸਾਰ ਯੁੱਧ ਤਾਨਾਸ਼ਾਹੀ ਅਤੇ ਲੋਕਤੰਤਰ ਵਿਚਕਾਰ ਸੀ। ਦੂਜੇ ਵਿਸ਼ਵ ਯੁੱਧ ਵਿੱਚ ਫ਼ਾਸ਼ੀਵਾਦੀ ਤਾਨਾਸ਼ਾਹ 'ਹਿਟਲਰ, ਮਸੋਲੀਨੀ’ ਦਾ ਲੋਕਤੰਤਰਕ ਤਾਕਤਾਂ ਨੇ ਡੱਟਕੇ ਵਿਰੋਧ ਕੀਤਾ ਸੀ। ਕਿਉਂਕਿ ਹਿਟਲਰਵਾਦੀ ਤਾਨਾਸ਼ਾਹੀ ਮਨੁੱਖਤਾ ਵਿਰੋਧੀ ਹੈ ਅਤੇ ਲੋਕਤੰਤਰ ਮਨੁੱਖਤਾ ਦੇ ਹੱਕ ਵਿਚ ਹੈ। ਇਸ ਕਰਕੇ ਹੀ ਭਾਰਤੀਆਂ ਦੂਜੇ ਮਹਾਂਯੁੱਧ ਵਿੱਚ ਲੋਕਤੰਤਰਕ ਬ੍ਰਿਟਿਸ਼ਾਂ ਦਾ ਸਾਥ ਦਿੱਤਾ ਸੀ।

**ਯੂ. ਐਨ. ਓ. ਵਲੋਂ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ**

ਦੂਜੇ ਸੰਸਾਰ ਯੁੱਧ ਤੋਂ ਬਾਅਦ ਸੰਯੁਕਤ ਰਾਸ਼ਟਰ ਦੀ ਮਹਾਂ-ਸਭਾ ਨੇ 10 ਦਸੰਬਰ, 1948 ਨੂੰ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪੀ ਘੋਸ਼ਣਾ ਕੀਤੀ-

1. ਸਾਰੇ ਵਿਅਕਤੀ ਸੁਤੰਤਰ ਹੀ ਪੈਦਾ ਹੋਏ ਹਨ। ਗੌਰਵ ਤੇ ਅਧਿਕਾਰਾਂ ਸਬੰਧੀ ਸਾਰੇ ਬਰਾਬਰ ਹੁੰਦੇ ਹਨ।
2. ਇਹਨਾਂ ਅਧਿਕਾਰਾਂ ਸਬੰਧੀ ਕਿਸੇ ਨਾਲ ਵੀ ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਰਾਜਨੀਤਿਕ ਜਾਂ ਕੋਈ ਹੋਰ ਵਿਚਾਰ, ਰਾਸ਼ਟਰੀ ਜਾਂ ਸਮਾਜਿਕ ਸੰਬੰਧ, ਸੰਪਤੀ, ਜਨਮ ਜਾਂ ਕਿਸੇ ਹੋਰ ਰੁਤਬੇ ਦੇ ਅਧਾਰ ’ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।
3. ਕਿਸੇ ਵਿਅਕਤੀ ਨੂੰ ਤਸੀਹੇ ਜਾਂ ਅਣਨੁੱਖੀ, ਅਪਮਾਨਜਨਕ ਵਿਹਾਰ ਨਹੀਂ ਕੀਤਾ ਜਾਵੇਗਾ।
4. ਕਾਨੂੰਨ ਦੇ ਸਾਹਮਣੇ ਸਭ ਸਮਾਨ ਹਨ ਤੇ ਬਿਨਾਂ ਕਿਸੇ ਵਿਤਕਰੇ ਦੇ ਸਾਰਿਆਂ ਨੂੰ ਕਾਨੂੰਨ ਅਧਿਕਾਰ ਪ੍ਰਾਪਤ ਹਨ।
5. ਵਿਅਕਤੀਆਂ ਨੂੰ ਆਪਣੇ ਦੇਸ਼ ਦੇ ਸੰਵਿਧਾਨ ਦੁਆਰਾ ਜੋ ਮੌਲਿਕ ਅਧਿਕਾਰ ਮਿਲੇ ਹਨ ਉਹ ਉਹਨਾਂ ਦੇ ਹੱਕਦਾਰ ਹਨ।
6. ਕਿਸੇ ਵਿਅਕਤੀ ਨੂੰ ਮਨਮਰਜ਼ੀ ਨਾਲ ਗ੍ਰਿਫ਼ਤਾਰ ਜਾਂ ਨਜ਼ਰਬੰਦ, ਜਾਂ ਦੇਸ਼ ਨਿਕਾਲਾ ਨਹੀ ਦਿੱਤਾ ਜਾਵੇਗਾ।
7. ਸਾਰੇ ਵਿਅਕਤੀਆਂ ਨੂੰ ਸਮਾਨ ਰੂਪ ’ਚ ਨਿਆਂਪ੍ਰਪਤ ਕਰਨ ਦਾ ਅਧਿਕਾਰ ਹੋਵੇਗਾ।
8. ਕਿਸੇ ਵਿਅਕਤੀ ਦੇ ਵਿਅਕਤੀਗਤ, ਪਰਿਵਾਰ, ਘਰ ਵਿੱਚ ਗ਼ੈਰ-ਕਾਨੂੰਨੀ ਦਖ਼ਲ-ਅੰਦਾਜ਼ੀ ਨਹੀਂ ਕੀਤੀ ਜਾਵੇਗੀ
9. ਹਰੇਕ ਵਿਅਕਤੀ ਨੂੰ ਆਪਣੇ ਰਾਜ ਦੀਆਂ ਸੀਮਾਵਾਂ ਅੰਦਰ ਫਿਰਨ ਤੁਰਨ ਅਤੇ ਰਹਿਣ ਦਾ ਅਧਿਕਾਰ ਹੋਵੇਗਾ।
10. ਹਰ ਇਕ ਪੁਰਖ ਤੇ ਇਸਤਰੀਆਂ ਨੂੰ ਨਸਲ, ਜਾਂ ਧਰਮ ਤੋਂ ਸੁਤੰਤਰ ਵਿਆਹ ਕਰਨ ਦਾ ਅਧਿਕਾਰ ਪ੍ਰਾਪਤ ਹੋਵੇਗਾ।
11. ਹਰੇਕ ਵਿਅਕਤੀ ਨੂੰ ਵਿਚਾਰ, ਜ਼ਮੀਰ ਅਤੇ ਧਰਮ ਦੀ ਸੁਤੰਤਰਤਾ ਦਾ ਅਧਿਕਾਰ ਪ੍ਰਾਪਤ ਹੋਵੇਗਾ।
12. ਹਰੇਕ ਵਿਅਕਤੀ ਨੂੰ ਸ਼ਾਂਤਮਈ ਢੰਗ ਨਾਲ ਸਭਾ ਕਰਨ ਅਤੇ ਸਮੁਦਾਇ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ।
13. ਹਰੇਕ ਵਿਅਕਤੀ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਸਮਾਨ ਅਧਿਕਾਰ ਹੋਵੇਗਾ।
14. ਹਰੇਕ ਵਿਅਕਤੀ ਨੂੰ ਸਮਾਜ ਦੀਆਂ ਕਲਾਤਮਕ ਤੇ ਵਿ-ਗਆਨਕ ਪ੍ਰਾਪਤੀਆਂ ਤੋਂ ਲਾਭ ਪ੍ਰਾਪਤ ਕਰਨ ਦਾ ਹੱਕ ਹੈ।
15. ਹਰੇਕ ਵਿਅਕਤੀ ਨੂੰ ਕੰਮ ਕਰਨ ਦਾ ਅਧਿਕਾਰ ਤੇ ਉਚਿਤ ਵੇਤਨ ਲੈਣ ਦਾ ਅਧਿਕਾਰ ਪ੍ਰਾਪਤ ਹੈ।
16. ਮਾਤਾਵਾਂ ਅਤੇ ਬੱਚੇ ਵਿਸ਼ੇਸ਼ ਦੇਖ-ਭਾਲ ਅਤੇ ਸਹਾਇਤਾ ਦੇ ਹੱਕਦਾਰ ਹਨ। ਨਜਾਇਜ਼ ਬੱਚਿਆਂ ਸਮੇਤ ਸਾਰੇ ਬੱਚਿਆਂ ਨੂੰ ਸਮਾਨ ਸੁਰੱਖਿਆ ਪ੍ਰਾਪਤ ਹੋਣੀ ਚਾਹੀਦੀ ਹੈ।
17. ਸਰਕਾਰ ਦੀ ਸੱਤਾ ਦਾ ਅਧਾਰ ਲੋਕਾਂ ਦੀ ਇੱਛਾ ਹੋਵੇਗੀ। ਇਸ ਇੱਛਾ ਦਾ ਪ੍ਰਗਟਾਵਾ ਨਿਯਤਕਾਲੀ ਚੋਣਾਂ ਦੁਆਰਾ ਕੀਤਾ ਜਾਵੇਗਾ। ਕਿਸੇ ਵਿਅਕਤੀ ਨੂੰ ਕਿਸੇ ਵੀ ਅਧਾਰ ’ਤੇ ਮੱਤ ਦਾਨ ਦੇ ਅਧਿਕਾਰ ਤੋਂ ਵੰਚਿਤ ਰੱਖਿਆ ਜਾਵੇਗਾ।

ਇਸ ਤਰਾਂ ਦੇ ਚਾਰਟਰ ਵਿਚ 13 ਤਰਾਂ ਦੇ ਹੋਰ ਵੀ ਅਧਿਕਾਰ ਹਨ।

**ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਦਸ਼ਾ?**

ਭਾਰਤੀ ਸੰਵਿਧਾਨ ਵਿੱਚ ਵੀ ਯੂ. ਐਨ. ਓ.ਦੀ ਰੋਸ਼ਨੀ ਵਿਚ ਹੇਠ ਲਿਖੇ ਮਨੁੱਖੀ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਹੈ। ਜਿਵੇ ਕਿ-ਅਨੁਛੇਦ 14 ਰਾਂਹੀ ਕਨੂੰਨ ਸਾਹਮਣੇ ਸਭ ਨੂੰ ਬਰਾਬਰ ਅਧਿਕਾਰ, ਅਨੁਛੇਦ 15 ਰਾਹੀਂ ਬਰਾਬਰ ਮੌਕੇ, ਅਨੁਛੇਦ 17 ਰਾਹੀਂ ਛੂਤ ਛਾਤ ਨੂੰ ਖਤਮ ਕੀਤਾ ਗਿਆ ਹੈ। ਅਨੁਛੇਦ 19 ਰਾਹੀਂ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ, 23 (1) ਰਾਹੀਂ ਵਗਾਰ ਪ੍ਰਥਾ ਖ਼ਤਮ ਕੀਤੀ ਗਈ ਹੈ, ਅਨੁਛੇਦ 29 ਰਾਹੀਂ ਧਾਰਮਿਕ ਘੱਟ ਗਿਣਤੀਆਂ ਦੀ ਰੱਖਿਆ, ਅਨੁਛੇਦ 30 ਰਾਹੀਂ ਧਾਰਮਿਕ ਘੱਟ ਗਿਣਤੀਆਂ ਨੂੰ ਆਪਣੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਿੱਦਿਅਕ ਅਦਾਰੇ ਖੋਲਣ ਦਾ ਅਧਿਕਾਰ ਦਿੱਤਾ ਗਿਆ।

ਦੇਸ਼ ਅੱਜ ਆਪਾ-ਧਾਪੀ, ਹਫੜਾ-ਦਫੜੀ ਜਿਹੇ ਹਾਲਾਤਾਂ ’ਚੋਂ ਗੁਜ਼ਰ ਰਿਹਾ ਹੈ। ਪਿਛਲੇ ਦਿਨੀ ਕਾਵੜ ਯਾਤਰਾਂ ਮੌਕੇ ਉਤਰ-ਪ੍ਰਦੇਸ਼ ਅਤੇ ਉਤਰਾ-ਖੰਡ ਦੀਆਂ ਭਾਜਪਾ ਸਰਕਾਰਾਂ ਨੇ ਇੱਕ ਫ਼ਿਰਕੂ ਹੁਕਮ ਪਾਸ ਕੀਤਾ, ਜਿਸ ਤਹਿਤ ਕਾਂਵੜ ਯਾਤਰਾ ਦੇ ਰਾਹ ਵਿੱਚ ਪੈਣ ਵਾਲੇ ਸਾਰੇ ਸ਼ਹਿਰਾਂ ਦੇ ਦੁਕਾਨਦਾਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੀਆਂ ਦੁਕਾਨਾਂ ’ਤੇ ਵੱਡੇ-ਵੱਡੇ ਬੋਰਡ ਲਗਾ ਕੇ ਦੁਕਾਨ-ਮਾਲਕਾਂ ਦੇ ਨਾਮ ਲਿਖਣ ਤਾਂ ਜੋ ਸਮਾਨ ਖਰੀਦਣ ਵਾਲੇ ਨੂੰ ਇਹ ਸਾਫ਼ ਪਤਾ ਲੱਗ ਜਾਵੇ ਕਿ ਦੁਕਾਨਦਾਰ ਕੌਣ ਹੈ, ਹਿੰਦੂ ਹੈ ਜਾਂ ਮੁਸਲਮਾਨ ਜਾਂ ਦਲਿਤ। ਇਸ ਦਾ ਸਿੱਟਾ ਦਲਿਤਾਂ ਤੇ ਮੁਸਲਮਾਨਾਂ ਦੇ ਕਾਰੋਬਾਰ ਬੰਦ ਕਰਵਾਉਣ ਵਿੱਚ ਨਿਕਲੇਗਾ।

ਦੇਸ਼ ਵਿੱਚ ਜਗ੍ਹਾ-ਜਗ੍ਹਾ ਲਿੰਚਿੰਗ ਦੀਆਂ ਘਟਨਾਵਾਂ ਹੋ ਰਹੀਆਂ ਹਨ। ਮਨੀਪੁਰ ’ਚ ਔਰਤਾਂ ਦੀ ਨਗਨ ਪ੍ਰੇਡ ਕਰਵਾਈ ਗਈ। ਭਾਰਤੀ ਸੰਵਿਧਾਨ ਵਿੱਚ ਮਨ-ਚਾਹਿਆ ਕੰਮ ਤੇ ਵਪਾਰ ਕਰਨ ਦੇ ਬੁਨਿਆਦੀ ਅਧਿਕਾਰ ਦੇ ਵੀ ਵਿਰੁੱਧ ਹੈ। ਪਿੱਛਲੇ ਦਿਨੀ ਮਾਨਯੋਗ ਸੁਪਰੀਮਕੋਰਟ ਨੇ ਯੂ ਪੀ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਸੰਵਿਧਾਨਕ ਅਧਿਕਾਰਾਂ ਤੇ ਕਨੂੰਨੀ ਪ੍ਰਕਿਰਿਆਂ ਨੂੰ ਲਾਂਭੇ ਰੱਖਕੇ ਚਲਾਏ ਜਾ ਰਹੇ ਵਲਡੋਜ਼ਰ ’ਤੇ ਸਖ਼ਤ ਚਿੰਤਾ ਜਤਾਈ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦੇਸ਼ ਲਈ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ।

ਕਿਉਕਿ ਭਾਰਤ 28 ਰਾਜਾਂ, 7 ਕੇਂਦਰ ਸ਼ਾਸ਼ਤ ਪ੍ਰਦੇਸ਼ਾਂ, 22 ਰਾਸ਼ਟਰੀ ਮਾਨਤਾ ਪ੍ਰਾਪਤ ਤੇ ਹੋਰ 187 ਭਾਸ਼ਾਵਾਂ ਬੋਲੀਆਂ, 6 ਲੱਖ ਪਿੰਡਾਂ, ਚਾਰ ਹਜ਼ਾਰ ਤੋਂ ਵੱਧ ਸ਼ਹਿਰਾਂ ਤੇ ਕਸਬਿਆਂ ਵਿੱਚ ਫੈਲਿਆ 125 ਕਰੋੜ ਜਨਸੰਖਿਆ, ਜਿਸ ਵਿਚ ਮੁਸਲਿਮ, ਸਿੱਖ, ਬੋਧੀ, ਜੈਨੀ, ਇਸਾਈ, ਪਾਰਸੀ ਮਤਾਂ ਤੋਂ ਇਲਾਵਾ, 3747 ਪੱਛੜੀਆਂ, 1031 ਅਨੁਸੂਚਿਤ ਜਾਤੀਆਂ, 400 ਕਬੀਲਿਆ ਦਾ ਦੇਸ਼ ਹੈ।

ਧਰਮ ਪੱਖੋਂ ਹਿਮਾਲਿਆ ਖੇਤਰਾਂ ਵਿਚ ਬੋਧੀ, ਗੁਜਰਾਤ ’ਚ ਜੈਨੀ, ਪੰਜਾਬ ’ਚ ਸਿੱਖ, ਅਸਾਮ ’ਚ ਇਸਾਈ, ਕਸ਼ਮੀਰ ਤੇ ਤਿਲਗਾਨਾ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਲੋਕ ਰਹਿੰਦੇ ਹਨ, ਜੋ ਹਿੰਦੂ ਧਰਮ ’ਚ ਆਸਥਾ ਨਹੀਂ ਰੱਖਦੇ। ਇਹ ਸਭ ਲੋਕ ਅੱਜ ਭੈਅ ਭੀਤ ਹਨ। ਇਹਨਾਂ ਹਾਲਾਤਾਂ ਨੂੰ ਕੰਟਰੋਲ ਕਰਨ ਲਈ ਕਾਨੂੰਨੀ ਯਤਨ ਜਰੂਰੀ ਹਨ।

ਪਿੱਛਲੇ ਸਮੇਂ ਤੋਂ ਲਗਾਤਾਰ ਰੂਸ ਤੇ ਯੂਕਰੀਨ, ਇਸਰਾਈਲ ਤੇ ਫ਼ਲਸਤੀਨ ਵਿਚਕਾਰ ਚਲ ਰਹੀ ਲਗਾਤਾਰ ਜੰਗ ਦਰਮਿਆਨ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ, ਕਿੱਧਰੇ ਤੀਸਰੇ ਸੰਸਾਰ ਯੁੱਧ ਵਿਚ ਨਾ ਬਦਲ ਜਾਵੇ, ਇਸ ਲਈ ਸ਼ਾਂਤੀ ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ।


********

# ਨਿਆਗਰਾਫਾਲ: ਆਤਿਸ਼ਬਾਜ਼ੀ ਅਤੇ ਲਾਈਟਸ ਫੈਸਟਿਵਲ ਦਾ ਵਿਸ਼ਵ-ਪੱਧਰੀ ਕਲਾ ਵਿੱਚ ਕੋਈ ਜਵਾਬ ਨਹੀਂ

ਦੁਨੀਆ ਦੇ ਹਰ ਕੋਨੇ ਵਿੱਚ ਆਤਿਸ਼ਬਾਜ਼ੀ ਆਪਣੇ ਆਪ ਵਿੱਚ ਇੱਕ ਰੁਹਾਨੀ ਅਹਿਸਾਸ ਪੈਦਾ ਕਰਦੀ ਹੈ। ਇਹ ਸਿਰਫ਼ ਖੁਸ਼ੀਆਂ ਦਾ ਪ੍ਰਗਟਾਵਾ ਨਹੀਂ, ਸਗੋਂ ਮਨੁੱਖੀ ਸਿਰਜਣਾਤਮਕਤਾ ਅਤੇ ਜਸ਼ਨ ਦੇ ਰੰਗਾਂ ਦੀ ਇਕ ਜਿਊਂਦੀ ਮਿਸਾਲ ਵੀ ਹੈ। ਤਿਉਹਾਰਾਂ ਤੋਂ ਲੈ ਕੇ ਵਿਆਹ-ਸ਼ਾਦੀਆਂ ਅਤੇ ਰਾਜਸੀ ਪ੍ਰੋਗਰਾਮਾਂ ਤੋਂ ਧਾਰਮਿਕ ਸਮਾਗਮਾਂ ਤੱਕ, ਰੰਗ-ਬਿਰੰਗੀ ਆਤਿਸ਼ਬਾਜ਼ੀ ਦੇ ਨਜ਼ਾਰੇ ਹਰ ਮਨੁੱਖ ਦੇ ਦਿਲ ਨੂੰ ਖਿੱਚਦੇ ਹਨ।

ਜਦ ਗੱਲ ਕੈਨੇਡਾ ਦੇ ਓਨਟਾਰੀਓ ਸਟੇਟ ਵਿੱਚ ਪੈਂਦੇ ਮਸ਼ਹੂਰ ਸ਼ਹਿਰ ਨਿਆਗਰਾਫਾਲ ਦੀ ਆਤਿਸ਼ਬਾਜ਼ੀ ਤੇ "ਵਿੰਟਰ ਫੈਸਟਿਵਲ ਆਫ਼ ਲਾਈਟਸ" ਦੀ ਹੁੰਦੀ ਹੈ, ਤਾਂ ਇਹ ਨਜ਼ਾਰਾ ਸਿਰਫ਼ ਦਿਲਚਸਪ ਹੀ ਨਹੀਂ "ਬਲਕਿ ਇਸਦਾ ਵਿਸ਼ਵ-ਪੱਧਰੀ ਕਲਾ ਵਿੱਚ ਕੋਈ ਜਵਾਬ ਨਹੀਂ ਹੈ"। ਹਰ ਸਾਲ 31 ਦਸੰਬਰ ਦੀ ਰਾਤ, ਜਦ ਘੜੀ 12 ਵਜੇ ਦਾ ਸੰਕੇਤ ਦਿੰਦੀ ਹੈ, ਨਵੀਂ ਉਮੀਦਾਂ ਅਤੇ ਖੁਸ਼ੀਆਂ ਦੇ ਸਨਮਾਨ ਵਿੱਚ ਇਸ ਸਥਾਨ ਦੀ ਆਤਿਸ਼ਬਾਜ਼ੀ ਇੱਕ ਨਵਾਂ ਅਧਿਆਇ ਰਚਦੀ ਹੈ। ਰਾਤ ਦੇ ਅੰਧਕਾਰ ਵਿੱਚ ਨਿਆਗਰਾਫਾਲ ਦੇ ਪਾਣੀਆਂ ਉੱਤੇ ਪੈਂਦੀ ਚਮਕਦਾਰ ਰੌਸ਼ਨੀ ਅਤੇ ਆਤਿਸ਼ਬਾਜੀ ਦੇ ਰੰਗ-ਬਿਰੰਗੇ ਸ਼ੂਟਰਾਂ ਦੀ ਕਲਾ, ਜੋ ਅਸਮਾਨ ਵਿੱਚ ਚਮਕਦੇ ਫੁਲਾਂ ਵਾਂਗ ਖਿੜਦੀ ਹੈ ਤਾਂ ਇੱਕ ਅਦਭੁਤ ਦ੍ਰਿਸ਼ ਪੇਸ਼ ਹੁੰਦਾ ਹੈ। ਇਸ ਅਨਮੋਲ ਪਲ ਦੌਰਾਨ, ਨਿਆਗਰਾਫਾਲ ਸਿਰਫ ਇੱਕ ਸਥਾਨ ਨਹੀਂ ਰਹਿੰਦਾ, ਸਗੋਂ ਇਹ ਰੌਸ਼ਨੀ ਅਤੇ ਆਵਾਜ਼ ਦੀ ਸਮਰਪਿਤ ਮਹਫ਼ਿਲ ਬਣ ਜਾਂਦਾ ਹੈ। ਜਦੋਂ ਪਾਣੀਆਂ ਦੇ ਝਰਨਿਆ 'ਤੇ ਚਮਕਦੀਆਂ ਚੰਗਾਰੀਆਂ ਸੋਨੇ ਦੇ ਰੰਗ ਵਰਗੀਆਂ ਲੱਗਦੀਆਂ ਹਨ, ਤਾਂ ਇਹ ਦ੍ਰਿਸ਼ ਇੱਕ ਆਤਮਿਕ ਅਹਿਸਾਸ ਪੈਦਾ ਕਰਦਾ ਹੈ। ਇਸ ਤਜਰਬੇ ਨੂੰ ਵਿਸ਼ਵ ਦੇ ਹਰ ਕੋਨੇ ਤੋਂ ਆਏ ਸੈਲਾਨੀ ਆਪਣੀਆ ਯਾਦਾਂ ਵਿੱਚ ਸੰਜੋ ਕੇ ਲੈ ਜਾਂਦੇ ਹਨ। ਇਹ ਆਤਿਸ਼ਬਾਜ਼ੀ ਸਿਰਫ ਇੱਕ ਤਮਾਸ਼ਾ ਨਹੀਂ, ਬਲਕਿ ਖੁਸ਼ੀ ਦਾ ਇੱਕ ਇਲਾਹੀ ਪ੍ਰਗਟਾਵਾ ਹੈ।

ਇਸ ਸਮੇਂ ਕੁਝ ਮਿੰਟਾ ਦੀ ਆਤਿਸ਼ਬਾਜੀ ਦਾ ਕੌਤਕ ਦ੍ਰਿਸ਼ ਦੇਖਣ ਲਈ ਸੈਲਾਨੀ ਘੰਟਿਆਂ ਪਹਿਲਾਂ ਹੀ ਆਪਣੀਆਂ ਜਗ੍ਹਾਂ ਸੰਭਾਲ ਲੈਂਦੇ ਹਨ। ਕੁਝ ਲੋਕ ਫਾਲਜ਼ ਦੇ ਨਜ਼ਦੀਕ ਕਿਸ਼ਤੀ ਵਿਚ ਬੈਠ ਕੇ ਇਹ ਨਜ਼ਾਰਾ ਵੇਖਦੇ ਹਨ, ਜਦ ਕਿ ਹੋਰ ਲੋਕ ਫਾਲਜ਼ ਦੇ ਕੋਲ-ਕੋਲ ਬਣੇ ਖਾਸ ਪਲੇਟਫਾਰਮਾਂ ਤੋਂ ਇਸ ਦਾ ਆਨੰਦ ਮਾਣਦੇ ਹਨ। ਚਾਹੇ ਰਾਤ ਦੀ ਠੰਡੀ ਹਵਾ ਹੋਵੇ ਜਾਂ ਕਦਮਾਂ ਹੇਠ ਬਰਫ ਦੀ ਚਮਕ, ਆਤਿਸ਼ਬਾਜ਼ੀ ਦਾ ਇਹ ਜਸ਼ਨ ਹਰੇਕ ਨੂੰ ਨਜ਼ਾਰੇ ਮਹਿਸੂਸ ਕਰਵਾਉਂਦਾ ਹੈ।





ਇਹ ਆਤਿਸ਼ਬਾਜੀ ਨਵੰਬਰ ਮਹੀਨੇ ਦੀ 16, 22-23, 29-30 ਅਤੇ ਦਸੰਬਰ 6-7, 13-14, 20-21, 27-31 ਦੀ ਰਾਤ 8:00 ਵਜੇ ਤੱਕ ਕੀਤੀ ਜਾਦੀ ਹੈ। ਇਸ ਤੋਂ ਇਲਾਵਾ 31ਦਸੰਬਰ ਨੂੰ ਨਵੇ ਸਾਲ ਦੀ ਰਾਤ 12:00 ਵਜੇ, ਜਨਵਰੀ 1-5 ਰਾਤ 8:00 ਵਜੇ ਤੱਕ ਹੁੰਦੀ ਹੈ। ਇਹ ਆਤਿਸ਼ਬਾਜੀ ਦੇ ਸ਼ੋਅ ਕੇਵਲ ਤੇ ਕੇਵਲ ਯਾਤਰੀਆ ਲਈ ਸ਼੍ਰੋਮਣੀ ਮੌਕੇ ਹੁੰਦੇ ਹਨ।

ਪਿਛਲੇ ਮਹੀਨੇ 23 ਨਵੰਬਰ 2024 ਨੂੰ ਰਾਤ 8 ਵੱਜੇ ਕਰੀਬ 5 ਮਿੰਟ ਕੀਤੀ ਗਈ ਬ-ਕਮਾਲ ਆਤਿਸ਼ਬਾਜੀ ਦੇਖਣ ਦਾ ਮੈਨੂੰ ਮੌਕਾ ਮਿਲਿਆ। ਇਸ ਸਮੇ ਕੀਤੀ ਗਈ ਆਤਿਸ਼ਬਾਜੀ ਨੇ ਜਦੋਂ ਵੱਖੋ-ਵੱਖ ਰੰਗਾਂ ਅਤੇ ਧਮਾਕਿਆਂ ਦੇ ਮਿਸ਼ਰਣ ਨੂੰ ਇਕੱਠਿਆ ਕਰਕੇ ਅਸਮਾਨ ਨੂੰ ਸਜਾਇਆ ਤਦ ਸੈਲਾਨੀਆ ਲਈ, ਬੱਚਿਆਂ ਅਤੇ ਬਜ਼ੁਰਗਾਂ ਲਈ, ਮਨ ਨੂੰ ਮੋਹਣ ਵਾਲਾ ਅਤੇ ਸਦਾ ਲਈ ਯਾਦਗਾਰ ਦ੍ਰਿਸ਼ ਬਣ ਗਿਆ। ਕਈ ਵਾਰ ਪਟਾਕੇ ਛੋਟੇ-ਛੋਟੇ ਸਿਤਾਰਿਆਂ ਜਿਹੇ ਧਮਾਕਿਆਂ ਵਿੱਚ ਫੱਟੇ, ਜਿਹਨਾਂ ਨੇ ਅਸਮਾਨ ਨੂੰ ਇੱਕ ਰੰਗੀਨ ਖੂਬਸੂਰਤੀ ਨਾਲ ਭਰ ਦਿੱਤਾ। ਆਤਿਸ਼ਬਾਜੀਆ ਵਿੱਚੋ ਨਿਕਲਦੇ ਲਾਲ, ਹਰੇ, ਨੀਲੇ, ਪੀਲੇ ਅਤੇ ਜਾਮਨੀ ਰੰਗ ਦੇ ਇਹ ਪਟਾਕੇ ਜਦੋਂ ਅਸਮਾਨ ਵਿੱਚ ਫੱਟਦੇ ਤਾਂ ਰੌਸ਼ਨੀ ਦੇ ਸਿਤਾਰੇ ਹੌਲੀ-ਹੌਲੀ ਧਰਤੀ ਵੱਲ ਡਿੱਗਦੇ ਮਹਿਸੂਸ ਹੁੰਦੇ। ਇਥੋ ਹੀ ਬਸ ਨਹੀ ਨਿਆਗਰਾ ਸਕਾਈਵੀਲ, ਸਕਾਇਲਾਨ ਟਾਵਰ, ਹੋਟਲਾਂ ਅਤੇ ਰੈਸਟੋਰੈਂਟਾਂ ਦੀਆਂ ਖਿੜਕੀਆਂ ਦੇ ਅੰਦਰੋਂ, ਇਹ ਨਜ਼ਾਰੇ ਰੋਮਾਂਸ ਅਤੇ ਦਿਲਚਸਪੀ ਨਾਲ ਭਰ ਪੈਂਦੇ ਹਨ, ਜਿੱਥੇ ਹਰ ਚਮਕਦਾ ਰੰਗ ਨਵੀਂ ਕਹਾਣੀ ਸੁਣਾਉਂਦਾ ਹੈ।

ਗੱਲ ਆਤਿਸ਼ਬਾਜੀ ਤੇ ਹੀ ਬਸ ਨਹੀ ਨਵਾਂ ਸਾਲ 2025 ਦੀ ਆਮਦ ਨੂੰ ਮੁੱਖ ਰੱਖਦਿਆ ਨਿਆਗਰਾਫਾਲ ਵਿੱਚ "ਵਿੰਟਰ ਫੈਸਟਿਵਲ ਆਫ਼ ਲਾਈਟਸ" ਦਾ ਦਿਹਾੜਾ ਵੀ ਨਵੇਂ ਉਤਸਾਹ ਅਤੇ ਅਰਮਾਨਾਂ ਦੀ ਗੂੰਜ ਨਾਲ ਮਨਾਇਆ ਜਾਂਦਾ ਹੈ। ਮਹੀਨਾ ਨਵੰਬਰ 2024 ਨੂੰ ਨਿਆਗਰਾ ਫਾਲਜ਼ ਅਲੱਗ ਅਲੱਗ ਚਮਕਦਾਰ ਲਾਈਟਸ ਦੇ ਰੰਗਾਂ ਵਿੱਚ ਰੰਗਿਆ "ਵਿੰਟਰ ਫੈਸਟਿਵਲ ਆਫ਼ ਲਾਈਟਸ" 16 ਨਵੰਬਰ 2024 ਤੋਂ 5 ਜਨਵਰੀ 2025 ਤੱਕ ਨਿਰੰਤਰ ਚੱਲਦਾ ਹੈ। ਇਸ ਸਮਾਰੋਹ ਵਿੱਚ 3 ਮਿਲੀਅਨ ਤੋਂ ਵੱਧ ਲਾਈਟਸ ਤੇ 75 ਤੋਂ ਵੱਧ ਵਿਸ਼ਾਲ ਡਿਸਪਲੇਅ ਸ਼ਾਮਲ ਹਨ। ਇਹ ਇਲੂਮਿਨੇਸ਼ਨ ਨਾਇਅਗਰਾ ਪਾਰਕਵੇ, ਡਫਰਿਨ ਆਈਲੈਂਡਸ, ਅਤੇ ਟੂਰਿਸਟ ਜ਼ਿਲ੍ਹਿਆਂ ਦੀ ਵਿਲੱਖਣ ਪਛਾਣ ਬਣਦਾ ਹੈ ਜਿਸ ਨੂੰ ਦੇਸ਼ ਪ੍ਰਦੇਸ਼ ਦੇ ਸੈਲਾਨੀ ਤੇ ਕੈਨੇਡੀਅਨ ਲੋਕ 8 ਕਿ.ਮੀ. ਲੰਬੇ ਰੂਟ ਦੇ ਦ੍ਰਿਸ਼ ਪੈਦਲ ਜਾਂ ਕਾਰ ਰਾਹੀਂ ਸ਼ੌਂਕ ਨਾਲ ਦੇਖਦੇ ਹਨ।

ਵਿੰਟਰ ਫੈਸਟਿਵਲ ਆਫ਼ ਲਾਈਟਸ ਵਿੱਚ ਵੇਖਣ ਵਾਲੀਆਂ ਤਸੀਵਰਾਂ ਬੇਹਦ ਰੰਗ-ਬਿਰੰਗੀਆਂ ਅਤੇ ਮਨਮੋਹਕ ਦ੍ਰਿਸ਼ ਬਣਾਉਂਦੀਆਂ ਹਨ। ਇਸ ਤਿਉਹਾਰ ਦੀ ਖਾਸ ਸ਼ਾਨ ਇਹ ਹੈ ਕਿ ਹਰ ਜਗ੍ਹਾ ਰੋਸ਼ਨੀਆਂ ਦੀ ਖਿਡਾਰ ਨਜ਼ਰ ਆਉਂਦੀ ਹੈ। ਰੋਸ਼ਨੀਆਂ ਦੇ ਜ਼ਰੀਏ ਤਿਆਰ ਕੀਤੇ ਵਿਸ਼ਾਲ ਢਾਂਚੇ,ਚਮਕਦਾਰ ਰਿੰਗ, ਰੀਛ, ਪੰਛੀ, ਅਤੇ ਤਾਰਿਆਂ ਨਾਲ ਸਜੇ, ਜਗਮਗਾਉਂਦੇ ਰੁੱਖਾਂ ਦੀ ਸ਼ਾਨ ਅਨੋਖੀ ਹੁੰਦੀ ਹੈ।

ਦੁਨੀਆ ਭਰ ਦੇ ਸੈਲਾਨੀ ਇਸ ਤਿਉਹਾਰ ਨੂੰ ਦੇਖਣ ਲਈ ਇਥੇ ਉਮੜ ਪੈਂਦੇ ਹਨ। ਹਰ ਪਾਸੇ ਖੁਸ਼ੀ ਤੇ ਹਾਸੇ ਦੀ ਗੂੰਜ ਅਤੇ ਕੈਮਰੇ ਵਿੱਚ ਕੈਦ ਕੀਤੀਆਂ ਯਾਦਾਂ ਦਰਸ਼ਕਾਂ ਲਈ ਇਹ ਪਲ ਯਾਦਗਾਰ ਬਣਾਉਂਦੇ ਹਨ। ਨਿਆਗਰਾ ਫਾਲਜ਼ ਸਿਰਫ਼ ਇੱਕ ਸਥਾਨ ਨਹੀਂ, ਸਗੋਂ ਮਨੁੱਖੀ ਕਲਪਨਸ਼ੀਲਤਾ, ਕੁਦਰਤੀ ਖੂਬਸੂਰਤੀ ਅਤੇ ਪ੍ਰੋਜੈਕਸ਼ਨ ਕਲਾ ਦਾ ਸ਼ਾਨਦਾਰ ਮਿਲਾਪ ਹੈ। ਇਸ ਤੋਂ ਇਲਾਵਾ, ਸੰਗੀਤ, ਖਾਣ-ਪੀਣ ਦੇ ਸਟਾਲ, ਅਤੇ ਪਰਿਵਾਰਕ ਮਨੋਰੰਜਨ ਇਸ ਸਮਾਗਮ ਦੀ ਖੂਬਸੂਰਤੀ ਨੂੰ ਵਧਾਉਂਦੇ ਹਨ। ਸੈਲਾਨੀ ਆਪਣੇ ਪ੍ਰਿਆਜਨਾਂ ਨਾਲ ਇਨ੍ਹਾਂ ਗਤੀਵਿਧੀਆਂ ਦਾ ਆਨੰਦ ਮਾਣਦੇ ਹਨ, ਜੋ ਇਸ ਤਿਉਹਾਰ ਨੂੰ ਸਿਰਫ ਇਕ ਦ੍ਰਿਸ਼ੀਅ ਅਨੁਭਵ ਨਹੀਂ ਬਲਕਿ ਇੱਕ ਸੰਵੇਦਨਾਤਮਕ ਯਾਦ ਵੀ ਬਣਾਉਂਦੇ ਹਨ ।

**– ਰਾਜਿੰਦਰ ਸਿੰਘ ਰਾਜਨ ਪਠਾਨਕੋਟ**

### ਜੱਸੋਵਾਲ ਦੀਆਂ ਯਾਦਾਂ

# ਬਾਪੂ ਜੱਸੋਵਾਲ ਦੀਆਂ ਨਿਆਰੀਆਂ ਤੇ ਪਿਆਰੀਆਂ ਗੱਲਾਂ



ਬਲਜਿੰਦਰ ਮਾਨ
98150-18947

ਨੈੱਟ ਦੀ ਦੀਵਾਨੀ ਨਵੀਂ ਪਨੀਰੀ ਨੂੰ ਸ਼ਾਇਦ ਪ੍ਰੋ. ਮੋਹਨ ਸਿੰਘ ਵਰਗੇ ਮੇਲਿਆਂ ਦੀ ਮਹਾਨਤਾ ਦਾ ਨਾ ਪਤਾ ਹੋਵੇ। ਇਕ ਯੁੱਗ ਸੀ ਜਦੋਂ ਪੂਰੇ ਪੰਜਾਬ ਵਿਚ ਸੱਭਿਆਚਾਰਕ ਮੇਲਿਆਂ ਦੀ ਲਹਿਰ ਸ.ਜਗਦੇਵ ਸਿੰਘ ਜੱਸੋਵਾਲ ਵਲੋਂ ਪੈਦਾ ਕੀਤੀ ਗਈ ।1984 ਦੇ ਮਾੜੇ ਦੌਰ ਵਿਚ ਵੀ ਉਹ ਜਾਨ ਤਲੀ ਤੇ ਰੱਖ ਕੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਣ ਵਿਚ ਜੁਟਿਆ ਰਿਹਾ। ਮੇਲਿਆਂ ਦੇ ਆਯੋਜਨਾਂ ਵਿਚ ਕਈ ਵਾਰੀ ਖੱਟੀਆਂ ਮਿੱਠੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ। ਜੋ ਮਨੁੱਖ ਦੀਆਂ ਸਿਮਰਤੀਆਂ ਵਿਚ ਸਾਂਭੀਆਂ ਰਹਿੰਦੀਆਂ ਹਨ। ਬਾਪੂ ਜੱਸੋਵਾਲ ਨਾਲ ਮੇਰਾ ਸਬੰਧ ਮੇਰੇ ਰਹਿਬਰ ਸ਼੍ਰੀ ਐਸ.ਅਸ਼ੋਕ ਭੌਰਾ ਰਾਹੀਂ ਜੁੜਿਆ। 1988-89 ਵਿਚ ਮਾਹਿਲਪੁਰ ਵਿਖੇ ਢਾਡੀ ਅਮਰ ਸਿੰਘ ਸ਼ੌਂਕੀ ਟਰੱਸਟ ਦੀ ਸਥਾਪਨਾ ਉਹਨਾਂ ਦੀ ਪ੍ਰੇਰਨਾ ਤੋਂ ਬਾਅਦ ਕੀਤੀ ਗਈ ਸੀ। ਜਿਸ ਵਲੋਂ ਪਲੇਠੇ ਸ਼ੌਂਕੀ ਮੇਲੇ ਦਾ ਆਰੰਭ 29 ਜਨਵਰੀ, 1989 ਵਿਚ ਕੀਤਾ ਗਿਆ। ਇਸ ਮੇਲੇ ਨੇ ਦੋਆਬੇ ਵਿਚ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਵਿਚ ਚੰਗੀ ਭੱਲ ਬਣਾਈ। ਐਸ ਅਸ਼ੋਕ ਭੌਰਾ ਪ੍ਰਧਾਨ,ਐਸ ਡੀ ਕ੍ਰਿਸ਼ਨਾ ਰਾਓ ਕੈਸ਼ੀਅਰ ਤੇ ਮੈਨੂੰ ਜਨਰਨ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਸਾਡੇ ਵਲੋਂ ਦਸ ਸਾਲ ਦੇ ਕਰੀਬ ਇਸ ਮੇਲੇ ਦਾ ਪ੍ਰਬੰਧ ਸਿਰ ਧੜ ਦੀ ਬਾਜੀ ਨਾਲ ਕੀਤਾ ਜਾਂਦਾ ਰਿਹਾ।



ਇਸਦੀ ਸਫ਼ਲਤਾ ਤੋਂ ਬਾਅਦ ਬਾਪੂ ਜੀ ਨੂੰ ਮੇਰੀ ਕਾਰਜ ਸ਼ੈਲੀ ਪਸੰਦ ਆ ਗਈ।ਉਹ 1991 ਵਿਚ ਸਤੰਬਰ ਮਹੀਨੇ ਪ੍ਰੋ. ਮੋਹਨ ਸਿੰਘ ਮੇਲੇ ਦੇ ਪ੍ਰਬੰਧਾਂ ਵਾਸਤੇ ਮੈਨੂੰ ਘਰੋਂ ਲੈਣ ਵਾਸਤੇ ਪਿੰਡ ਮਹਿਮਦਵਾਲ ਆ ਪਹੁੰਚੇ। ਪ੍ਰੋ.ਗੁਰਭਜਨ ਗਿੱਲ, ਪਰਗਟ ਸਿੰਘ ਗਰੇਵਾਲ ਅਤੇ ਗੁਰਮੀਤ ਖਾਨਪੁਰੀ ਨਾਲ ਜਦੋਂ ਉਹ ਘਰ ਪੁੱਜੇ ਤਾਂ ਆਉਂਦੇ ਹੀ ਸਿਰ ਤੋਂ ਪੱਗ ਲਾਹ ਮੇਜ਼ ਤੇ ਰੱਖ ਅਰਾਮ ਕਰਨ ਲਈ ਲੰਮੇ ਪੈ ਗਏ। ਕੁਝ ਸਮੇਂ ਬਾਅਦ ਮੇਰੀ ਮਾਤਾ ਭਜਨ ਕੌਰ ਉਹਨਾਂ ਨੂੰ ਮਿਲਣ ਆਈ ਤਾਂ ਉਹਨਾਂ ਖੜੇ ਹੋ ਕੇ ਫਤਿਹ ਬੁਲਾਈ ਤੇ ਕਿਹਾ, "ਤੁਸੀਂ ਭਾਗਾਂ ਵਾਲੇ ਹੋ। ਅਜਿਹਾ ਲਾਲ ਹਰ ਕਿਸੇ ਦੇ ਨਸੀਬਾਂ 'ਚ ਨੀ ਹੁੰਦਾ। ਇਹ ਹੁਣ ਮੇਰੇ ਨਾਲ ਰਹੇਗਾ ਤੇ ਹੋਰ ਉੱਚੀਆਂ ਉਡਾਰੀਆਂ ਮਾਰੇਗਾ"।

ਉਸ ਸਾਲ ਮੇਲੇ ਦੇ ਪ੍ਰਬੰਧਾਂ ਵਿਚ ਦਿਨ ਰਾਤ ਜੁਟ ਕੇ ਕੰਮ ਕੀਤਾ ਤਾਂ ਅਕਲਾਂ ਦਾ ਖਾਲੀ ਖੂਹ ਭਰਨ ਲੱਗ ਪਿਆ। ਬਾਪੂ ਦੇ ਘਰ ਵਿਚ ਕਦੀ ਐਮ .ਐਲ. ਏ., ਕਦੀ ਚੇਅਰਮੈਨ, ਕਦੀ ਡੀ.ਸੀ, ਕਦੇ ਐਸ ਪੀ ਤੇ ਕਦੀ ਕੋਈ ਸੰਤ ਮਹਾਤਮਾ ਆਉਂਦਾ ਜਾਂਦਾ ਰਹਿੰਦਾ ਹੈ। ਉਹ ਉਹਨਾਂ ਸਭ ਨਾਲ ਮੇਰੀ ਮੁਲਾਕਾਤ ਬੜੀ ਧੜੱਲੇ ਨਾਲ ਕਰਵਾਉਂਦੇ ਹੋਏ ਆਖਦੇ, 'ਇਹ ਦੁਆਬੇ ਦਾ ਬੜਾ ਵੱਡਾ ਪੱਤਰਕਾਰ ਤੇ ਲੇਖਕ ਐ, ਕੋਈ ਵੀ ਅਖ਼ਬਾਰ ਇਹਦੇ ਆਰਟੀਕਲ ਬਿਨਾਂ ਨਹੀਂ ਛਪਦੀ'। ਨਵੇਂ ਕਲਾਕਾਰਾਂ ਨੂੰ ਇੰਜ ਆਖਦੇ, 'ਓਹ ਬਹਿਜਾ ਇਹਦੇ ਕੋਲ। ਦੱਸ ਆਪਣੇ ਗੀਤਾਂ ਬਾਰੇ। ਤੇਰੇ ਬਾਰੇ ਲੇਖ ਲਿਖਦੂੰ ਅਖ਼ਬਾਰ 'ਚ। ਤੇਰੀ ਹੋ ਜਾਓ ਚੜ੍ਹਾਈ। ਉਹ ਲਾ ਦੇ ਪੈਂਰੀ ਹੱਥ। ਦੇਦੇ ਆਪਣੀ ਫੋਟੋ। ਦੱਸ ਕੀ ਕੁਝ ਕੀਤੈ'। ਉਸ ਵੇਲੇ ਮੇਰੀ ਉਮਰ ਮਸਾਂ ਚੋਵੀ ਕੁ ਸਾਲ ਦੀ ਸੀ। ਮਿਲਣ ਵਾਲਾ ਪਹਿਲੀ ਨਜ਼ਰੇ ਤਾਂ ਹੈਰਾਨ ਹੀ ਹੋ ਜਾਂਦਾ। ਪਰ ਬਾਪੂ ਦੇ ਕਹੇ ਨੂੰ ਕੌਣ ਟਾ.ਲ ਸਕਦਾ। ਉਹਨਾਂ ਦੇ ਬੋਲ ਸੱਚੇ ਹੁੰਦੇ। ਉਸ ਵੇਲੇ ਅਜੀਤ, ਜਗ ਬਾਣੀ ਅਤੇ ਪੰਜਾਬੀ ਟ੍ਰਿਬਿਊਨ ਅਖਬਾਰਾਂ ਵਿਚ ਮੈਂ ਰਿਪੋਰਟਿੰਗ ਤੋਂ ਇਲਾਵਾ ਲੜੀਵਾਰ ਕਾਲਮ ਲਿਖ ਰਿਹਾ ਸੀ। ਪੂਰੇ ਪੰਜਾਬ ਵਿਚ ਇਹਨਾਂ ਦਾ ਇੱਕੋ ਐਡੀਸ਼ਨ ਹੁੰਦਾ ਸੀ ਜਿਸ ਨਾਲ ਸਾਰੇ ਦੇਸ਼ ਵਿਦੇਸ਼ ਵਿਚ ਕੀਤੀ ਗੱਲ ਦੀ ਚਰਚਾ ਹੁੰਦੀ।

ਜਦੋਂ ਕੋਈ ਪਿੰਡੋਂ ਜਾਂ ਜਾਣੂ ਥਾਣੇ ਜਾਂ ਕਚਹਿਰੀ ਦੇ ਕੰਮ ਵਾਸਤੇ ਉਹਨਾਂ ਕੋਲ ਆਉਂਦਾ ਤਾਂ ਉਹ ਆਪਣਾ ਵਿਜ਼ਟਿੰਗ ਕਾਰਡ ਫੜਾਉਂਦੇ ਆਖਦੇ,'ਜਾਹ ਜਾ ਕੇ ਕਾਰਡ ਦੇ ਕੇ ਕੰਮ ਕਰਵਾਉ ਜੋ ਮੇਰੇ ਵਲੋਂ ਕਹਿਣਾ ਹੋਇਆ ਕਹਿ ਦੇਵੀਂ ।ਤੇਰਾ ਕੰਮ ਹੋਣਾ ਚਾਹੀਦੈ'। ਇਸ ਤਰਾਂ ਸਵੇਰ ਤੋਂ ਸ਼ਾਮ ਤਕ ਚੱਲ ਸੋ ਚੱਲ। ਪ੍ਰਬੰਧਾਂ ਵਾਸਤੇ ਅਸੀਂ ਚੰਡੀਗੜ ਅਕਸਰ ਜਾਂਦੇ ਆਉਂਦੇ ਰਹਿੰਦੇ। ਉਹ ਪੌੜ੍ਹੀਆਂ ਚੜ੍ਹਦੇ ਕਦੀ ਨਾ ਥੱਕਦੇ। ਹਰ ਵਾਰ ਤੇਜ਼ ਪੌੜੀਆਂ ਚੜ੍ਹਦੇ ਜਾਂਦੇ ਸਨ। ਇਕ ਦਿਨ ਡਰਾਈਵਰ ਦੀ ਤੇਜ਼ੀ ਦੇਖ ਕੇ ਉਸ ਨੂੰ ਕਹਿੰਦੇ, ਯਾਦ ਰੱਖ,ਗੱਡੀ ਹੌਲੀ ਚਲਾਓ ਤੇ ਤੁਰੋ ਤੇਜ਼। ਤੇ ਤੁਸੀਂ ਸਾਰਾ ਕੁਝ ਇਸਦੇ ਉਲਟ ਕਰਦੇ ਹੋ। ਉਸ ਵੇਲੇ ਦੀ ਲੜ ਬੰਨੀ ਗੱਲ ਮੈਂ ਅਜ ਵੀ ਵਰਤ ਰਿਹਾ ਹਾਂ। ਮੇਰੀ ਪਤਨੀ ਅਕਸਰ ਸੈਰ ਕਰਦੀ ਆਖਦੀ ਤੁਸੀਂ ਤੇਜ਼ ਤੁਰਦੇ ਹੋ। ਮੈਂ ਉਸਨੂੰ ਇਹ ਕਥਾ ਸੁਣਾ ਦਿੰਦਾ ਹਾਂ।

ਉਹ ਸ਼ਰਾਬ ਪੀਣ ਵਾਲਿਆਂ ਨੂੰ ਇਹ ਗੱਲ ਆਖਦੇ ਸੁਚੇਤ ਕਰਦੇ, ਜੇ ਪੀਣੀ ਹੈ ਜੰਮ ਜੰਮ ਪੀਓ ਪਰ ਇਸ ਨੂੰ ਆਪਣੇ ਤੇ ਸੁਆਰ ਨਾ ਹੋਣ ਦਿਓ। ਜੇ ਘਰ ਵਿਚ ਸੌਖੇ ਰਹਿਣਾ ਤਾਂ ਘਰ ਵਾਲੀ ਨੂੰ ਵੀ ਸਿਰੇ ਨਾ ਚੜ੍ਹਾਓ। ਬਾਪੂ ਦੇ ਘਰ ਪਹਿਲੀ ਸ਼ਾਮ ਨੂੰ ਜਦੋਂ ਦਾਰੂ ਦਾ ਦੌਰ ਚੱਲਿਆ ਤਾਂ ਉਹਨਾਂ ਮੈਨੂੰ ਵੀ ਗਿਲਾਸ ਭਰ ਦਿੱਤਾ। ਜਦੋਂ ਮੈਂ ਉਹਨਾਂ ਨੂੰ ਵੈਸ਼ਨੂ ਹੋਣ ਬਾਰੇ ਦੱਸਿਆ ਤਾਂ ਉਹ ਬੜੇ ਪ੍ਰਸੰਨ ਹੋਏ ਤੇ ਕਹਿੰਦੇ, 'ਤੈਨੂ ਸਾਡੇ ਪੀਣ ਤੇ ਇਤਰਾਜ਼ ਤਾਂ ਨਹੀਂ, ਮੈਂ ਨਾਂਹ ਵਿਚ ਸਿਰ ਹਿਲਾ ਦਿੱਤਾ,ਉਸੇ ਵੇਲੇ ਆਪਣੇ ਨੌਕਰ ਬਲਜੀਤ ਨੂੰ ਅਵਾਜ਼ ਮਾਰਕੇ ਕਿਹਾ, ਮਾਨ ਦਾਰੂ ਨੀ ਪੀਂਦਾ ਇਹਨੂੰ ਸ਼ਾਮ ਨੂੰ ਦੁੱਧ ਦਾ ਗਿਲਾਸ ਦਿਆ ਕਰ। ਮੈਂ ਜਿੰਨਾ ਚਿਰ ਉਥੇ ਰਿਹਾਂ ਬਸ ਇਹੀ ਕਾਰਜ ਚੱਲਦਾ ਰਿਹਾ। ਨਵੰਬਰ 1992 ਵਿਚ ਮੈਂ ਵਿਆਹ ਤੋਂ ਬਾਅਦ ਮਿਲਣ ਗਿਆ ਤਾਂ ਕਾਫੀ ਦੇਰ ਗੱਲਾਂ ਬਾਤਾਂ ਚੱਲਦੀਆਂ ਰਹੀਆਂ। ਜਦੋਂ ਮੈਂ ਜਾਣ ਦੀ ਇਜਾਜਤ ਮੰਗੀ ਤਾਂ ਮੇਰੀ ਬਾਂਹ ਫੜਕੇ ਆਖਣ ਲੱਗੇ, 'ਚੱਲ ਹੁਣ ਵਿਆਹ ਤਾਂ ਕਰਵਾ ਲਿਆ ਪਰ ਨਿਆਣੇ ਨਾ ਕਰੀਂ। ਆਹ ਦੇਖ ਮੇਰਾ ਹਾਲ।ਮੇਰੇ ਦੋ ਪੁੱਤ ਨੇ ਦੋਨਾਂ ਚੋਂ ਇਕ ਵੀ ਕੋਲ ਨੀ। ਬਸ ਮੇਰਾ ਪੁੱਤ ਤਾਂ ਆਹੀ ਹੈ (ਨੌਕਰ ਵੱਲ ਇਸ਼ਾਰਾ ਕਰਕੇ) ਜੋ ਮੇਰੀ ਦਿਨ ਰਾਤ ਸੇਵਾ ਕਰਦੈ'।

ਇਕ ਵਾਰ ਮਾਹਿਲਪੁਰ ਲਾਗਲੇ ਪਿੰਡ ਬਘੌਰਾ ਵਿਚ ਧਾਰਮਿਕ ਸਥਾਨ ਤੇ ਮੇਲਾ ਲਾਇਆ ਗਿਆ ਸੀ। ਜਿਸ ਵਿਚ ਚਮਕ ਚਮਕੀਲਾ ਅਤੇ ਕੁਝ ਹੋਰ ਕਲਾਕਾਰ ਹਾਜ਼ਰ ਹੋਏ ਸਨ। ਚਾਹ ਪੀਂਦਿਆ ਤੇ ਇਕ ਨਵਾਂ ਗੀਤਕਾਰ ਆ ਮਿਲਿਆ ਤੇ ਆਪਣੇ ਗੀਤਾਂ ਬਾਰੇ ਦੱਸਣ ਲੱਗਾ। ਉਹਨਾਂ ਕਿਹਾ ਚੱਲ ਸੁਣਾ, ਜਦੋਂ ਉਸਨੇ ਗੀਤ ਸੁਣਾਇਆ ਤਾਂ ਉਸਦੀ ਕੋਈ ਸੁਰ ਲੈਅ ਨਾ ਮਿਲੇ। ਬਾਪੂ ਜੱਸੋਵਾਲ ਨੇ ਪੰਜ ਮਿੰਟ ਵਿਚ ਸਾਰਾ ਗੀਤ ਹੀ ਸੁਰ ਬੱਧ ਕਰਵਾ ਦਿੱਤਾ।ਤੇ ਉਸਨੂੰ ਮੱਤ ਦਿੱਤੀ, 'ਲ਼ਿਖਣ ਤੋਂ ਪਹਿਲਾਂ ਪੜ੍ਹੋ, ਗਾਉਣ ਤੋਂ ਪਹਿਲਾਂ ਸਿੱਖੋ ਤੇ ਫਿਰ ਸਟੇਜਾਂ ਤੇ ਆਓ। ਇਹ ਕੋਈ ਖਾਲਾ ਜੀ ਦਾ ਵਾੜਾ ਨੀਂ। ਜਿੰਨਾਂ ਤੁਸੀਂ ਸਾਖਾਲਾ ਸਮਝਦੇ ਹੋ।ਇਥੇ ਤਾਂ ਉਮਰਾਂ ਲੱਗ ਜਾਂਦੀਆਂ ਨੇ।

ਉਹਨਾਂ ਦੀ ਜੀਵਨ ਸ਼ੈਲੀ ਇਕ ਫੱਕਰ ਅਤੇ ਗਿਆਨੀ ਰਾਜੇ ਵਰਗੀ ਸੀ। ਹਰ ਕਿਸੇ ਦੇ ਕੰਮ ਸੁਆਰ ਕੇ ਉਹਨਾਂ ਨੂੰ ਅਥਾਹ ਖੁਸ਼ੀ ਮਿਲਦੀ। ਕਲਾ ਦੀ ਪਰਖ ਕਰਨ ਵਿਚ ਤਾਂ ਉਹਨਾਂ ਦਾ ਕੋਈ ਸਾਨੀ ਨਹੀਂ। ਸੱਪਾਂ ਵਾਲੇ, ਬੀਨਾਂ ਵਾਲੇ, ਨਕਲੀਏ, ਨਚਾਰ ਉਹਨਾਂ ਕੋਲ ਅਕਸਰ ਸਹਾਇਤਾ ਵਾਸਤੇ ਆਉਂਦੇ ਰਹਿੰਦੇ। ਉਹਨਾਂ ਕੋਲ ਜੋ ਵੀ ਹੁੰਦਾ ਉਹ ਦੇ ਦਿੰਦੇ ਤਾਂ ਉਹ ਅਸੀਸਾਂ ਦਿੰਦੇ ਚਲੇ ਜਾਂਦੇ। ਇਕ ਦਿਨ ਅਜਿਹਾ ਕੁਝ ਹੀ ਵਾਪਰ ਗਿਆ ਕਿ ਬੀਬੀ ਜੀ ਕੋਈ ਕੋਈ ਚੀਜ਼ ਦੇਣ ਤੋਂ ਮਨ੍ਹਾਂ ਕਰਨ ਲੱਗ ਪਏ ਪਰ ਉਹਨਾਂ ਗੁੱਸੇ ਵਿਚ ਕਿਹਾ, 'ਤੈਨੂੰ ਕੀ ਮੈਂ ਤਾਂ ਆਪਣੇ ਕੱਪੜੇ ਵੀ ਲਾਹ ਕੇ ਦੇ ਦੇਣੇ ਨੇ'।

1994 ਵਿਚ ਸ਼ੌਂਕੀਂ ਮੇਲੇ ਵਾਸਤੇ ਉਹਨਾਂ ਮੁੱਖ ਮੰਤਰੀ ਸ.ਬੇਅੰਤ ਸਿੰਘ ਤੋਂ 29 ਜਨਵਰੀ ਨੂੰ ਮਾਹਿਲਪੁਰ ਮੇਲੇ ਦੇ ਮੁੱਖ ਮਹਿਮਾਨ ਬਣਨ ਦੀ ਹਾਂ ਕਰਵਾ ਲਈ। ਮੇਲੇ ਦੀਆਂ ਉਸੇ ਪੱਧਰ ਦੀਆਂ ਤਿਆਰੀਆਂ ਆਰੰਭ ਹੋ ਗਈਆਂ। ਮੇਲੇ ਦਾ ਸੱਦਾ ਪੱਤਰ/ਕਾਰਡ ਅਸੀਂ ਮਾਹਿਲਪੁਰੋਂ ਹੀ ਲੈਟਰ ਪ੍ਰੈਸ ਤੋਂ ਛਪਵਾਉਂਦੇ ਸਾਂ। ਉਹ ਮੇਲੇ ਦੀ ਤਿਆਰੀਆਂ ਦਾ ਜ਼ਾਇਜ਼ਾ ਲੈਂਦੇ ਹੋਏ ਮੇਰੇ ਨਾਲ ਉਸ ਦੁਕਾਨ ਤੇ ਪੁੱਜ ਗਏ ਜਿੱਥੇ ਮੇਲੇ ਦਾ ਮਾਲਕ ਸਾਨੂੰ ਬਿਠਾ ਕੇ ਆਪ ਕਾਰਡ ਦੇ ਕੰਮ ਵਿਚ ਰੁੱਝ ਗਿਆ। ਇੰਨੇ ਨੂੰ ਬਾਪੂ ਜੀ ਨੇ ਦੇਖਿਆ ਕਿ ਦੁਕਾਨਦਾਰ ਦੀ ਸੀਟ ਪਿੱਛੇ ਅਤੇ ਛੱਤ 'ਤੇ ਜਾਲੇ ਲੱਗੇ ਹੋਏ ਹਨ। ਬਾਪੂ ਜੀ ਨੇ ਮੈਨੂੰ ਕਿਹਾ, 'ਮਾਨ ਝਾੜੂ ਫੜਾ। ਮੈਂ ਹੈਰਾਨੀ ਨਾਲ ਉਹਨਾਂ ਵੱਲ ਵੇਖਿਆ ਤਾਂ ਕਹਿੰਦੇ ਚੁੱਕ ਤਾਂ ਸਹੀਂ। ਮੈਂ ਉਹਨਾਂ ਹੱਥ ਝਾੜੂ ਫੜਾਇਆ ਤਾਂ ਓਹ ਜਾ.ਲੇ ਉਤਾਰਨ ਲੱਗ ਪਏ। ਇੰਨੇ ਨੂੰ ਦੁਕਾਨਦਾਰ ਆ ਕੇ



ਬਾਪੂ ਦੇ ਪੈਰੀਂ ਪੈ ਗਿਆ। ਕਹਿੰਦਾ, ਜਨਾਬ ਪਾਪ ਨਾ ਚੜ੍ਹਾਉ। ਇਹ ਕੀ ਕਰਦੇ ਹੋ। ਅੱਗੋਂ ਬੋਲੇ, 'ਭਾਈ ਇਹ ਤੇਰੀ ਰੋਟੀ ਰੋਜ਼ੀ ਹੈ ਤੇ ਇਥੇ ਦੀ ਸਫਾਈ ਦੀ ਜ਼ਿੰਮੇਵਾਰੀ ਵੀ ਤੇਰੀ ਹੈ। ਆਹ ਦੇਖ ਕੀ ਹੋਇਆ ਪਿਐ। ਉਹ ਬਹੁਤ ਸ਼ਰਮਿੰਦਾ ਹੋਇਆ। ਉਸ ਦਿਨ ਤੋਂ ਬਾਅਦ ਮੈਂ ਉਸ ਦੁਕਾਨ ਦੀ ਸਫ਼ਾਈ ਦੇਖ ਕੇ ਹੈਰਾਨ ਹੋਣ ਲੱਗ ਪਿਆ। ਬਾਅਦ ਵਿਚ ਉਸਦੀ ਤਰੱਕੀ ਵੀ ਹੋਣ ਲੱਗ ਪਈ।

ਬਾਪੂ ਜੱਸੋਵਾਲ ਕਲਾਕਾਰਾਂ ਤੇ ਤਾਂ ਜਾਨ ਵਾਰਦੇ ਹੀ ਸਨ ਸਗੋਂ ਆਮ ਲੋਕਾਂ ਨਾਲ ਵੀ ਬੜੀ ਹਮਦੱਰਦੀ ਰੱਖਦੇ ।ਮੈਂ 1987 ਵਿਚ ਬੀ.ਐਡ ਸਮੇਤ ਹੋਰ ਡਿਗਰੀਆਂ ਕਰ ਗਿਆ ਸੀ ਤੇ ਰੁਜ਼ਗਾਰ ਦੀ ਭਾ.ਲ ਵਿਚ ਸੀ। ਉਹਨਾਂ ਮੇਰੀ ਨੌਕਰੀ ਵਾਸਤੇ ਕਿੱਥੋਂ ਤਕ ਪਹੁੰਚ ਕੀਤੀ ਤੁਸੀਂ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਉਸ ਜ਼ਮਾਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਸੀ ਤੇ 1990-91 ਵਿਚ ਪੰਜਾਬ ਦੇ ਗਵਰਨਰ ਸ੍ਰੀ ਸੁਰਿੰਦਰ ਨਾਥ ਸੀ। 21 ਅਕਤੂਬਰ ਨੂੰ ਉਹ ਪ੍ਰੋ. ਮੋਹਨ ਸਿੰਘ ਮੇਲੇ ਦੇ ਮੁੱਖ ਮਹਿਮਾਨ ਸਨ। ਉਹ ਮੈਨੂੰ ਆਪਣੇ ਨਾ.ਲ ਲੈ ਕੇ 23 ਤਰੀਕ ਨੂੰ ਰਾਜ ਭਵਨ ਚੰਡੀਗੜ੍ਹ ਜਾ ਪੁੱਜੇ। ਚਾਹ ਪਾਣੀ ਤੋਂ ਬਾਅਦ ਰਾਜਪਾਲ ਨੂੰ ਅਰਜ਼ੀ ਦਿੰਦਿਆਂ ਮੇਰੀ ਨੌਕਰੀ ਬਾਰੇ ਕਿਹਾ ਤਾਂ ਉਹਨਾਂ ਕਿਹਾ, 'ਜੱਸੋਵਾਲ ਸਾਬ੍ਹ ਇਹ ਕੰਮ ਹੋ ਗਿਆ ਜੇ ਹੋਰ ਹੈ ਤਾਂ ਦੱਸੋ'। ਤਾਂ ਅਸੀਂ ਧੰਨਵਾਦ ਕਰਕੇ ਬਾਹਰ ਆ ਗਏ।ਜੇਕਰ ਮੈਨੂੰ ਉਸ ਵੇਲੇ ਨੌਕਰੀ ਮਿਲ ਜਾਂਦੀ ਤਾਂ ਮੈਂ ਸਿਰਫ ਮਾਸਟਰ ਹੀ ਬਣਨਾ ਸੀ। ਪਰ ਦਸ ਸਾਲ ਦੀ ਬੇਰੁਜ਼ਗਾਰੀ ਨੇ ਜਿਹੜੇ ਸਬਕ ਸਿਖਾਏ ਉਹ ਕਦੀ ਵੀ ਨਹੀਂ ਸੀ ਸਿੱਖੇ ਜਾਣੇ। ਅਖੀਰ ਬਾਪੂ ਜੀ ਦੀ ਮਿਹਰਬਾਨੀ ਸਦਕਾ ਹੀ 1997 ਵਿਚ ਸਰਕਾਰੀ ਨੌਕਰੀ ਨਸੀਬਾਂ ਵਿਚ ਹੋਈ। ਮੇਰੇ ਵਰਗੇ ਕਿੰਨੇ ਨੇ ਜਿਨ੍ਹਾਂ ਨੂੰ ਲੀਹੇ ਪਾਇਆ।ਇਹ ਤਾਂ ਉਹੀ ਜਾਣਦੇ ਨੇ।

ਮੇਲੇ ਵਾਸਤੇ ਕੁਲੈਕਸ਼ਨ ਕਰਦੇ ਜਦੋਂ ਸ਼ਾਮ ਨੂੰ ਸਾਰਾ ਰਿਕਾਰਡ ਬਣਾ ਵਿਹਲੇ ਹੁੰਦੇ ਤਾਂ ਉਹ ਆਖਦੇ 'ਬਈ ਇਹ ਦੁਕਾਨ ਹੁਣ ਬੰਦ ਕਰ ਦੇਵੋ। ਸਭ ਆਰਾਮ ਕਰੋ। ਬਲਜੀਤ ਨੂੰ ਗੇਟ ਦੀਆਂ ਚਾਬੀਆਂ ਸਿਰ੍ਹਾਣੇ ਰੱਖਣ ਲਈ ਆਖ ਦਿੰਦੇ। ਘਰ ਵਿਚ ਸਵੇਰੇ ਨਹਾਉਣ ਤੋਂ ਬਾਅਦ ਸਭ ਅਖਬਾਰਾਂ ਪੜ੍ਹਨ ਉਪਰੰਤ ਸਟੋਰ ਵਿਚ ਸੰਭਾਲ ਦਿੰਦੇ। ਆਖਦੇ ਕਈ ਲੋਕਾਂ ਨੂੰ ਇਹ ਵੀ ਨੀਂ ਪਤਾ ਕਿ ਉਹ ਗੱਲ ਕਰਨ ਆਏ ਨੇ ਜਾਂ ਅਖ਼ਬਾਰ ਪੜ੍ਹਨ। ਇਸ ਲਈ ਇਹ ਚੈਪਟਰ ਬੰਦ ਰੱਖੋ। ਉਸ ਸਾਲ ਪ੍ਰੋ. ਮੋਹਨ ਸਿੰਘ ਮੇਲੇ ਬਾਰੇ ਅਤੇ ਬਾਪੂ ਬਾਰੇ ਕਈ ਛੋਟੇ ਮੋਟੇ ਲੇਖ ਅਖਬਾਰਾਂ ਵਿਚ ਛਪੇ। ਜਦੋਂ ਮੇਰੇ ਵਲੋਂ ਉਹਨਾਂ ਨਾ.ਲ ਕੀਤੀ ਮੁਲਾਕਾਤ 21 ਅਕਤੂਬਰ ਨੂੰ ਜਗ ਬਾਣੀ ਦੇ ਆਖਰੀ ਅੱਧੇ ਪੰਨੇ ਤੇ ਰੰਗਦਾਰ ਛਪੀ ਤਾਂ ਉਹ ਖੁਸ਼ ਹੋ ਕੇ ਆਖਣ ਲੱਗੇ।' ਆਪਣੇ ਆਪ ਨੂੰ ਬੜੇ ਪੱਤਰਕਾਰ ਕਹਾਉਂਦੇ ਨੇ। ਆਹ ਦੇਖੋ ਇੰਟਰਵਿਊ ਮਾਨ ਨੇ ਤਾਂ ਮੇਲਾ ਈ ਲੁੱਟ ਲਿਆ। ਇਸਨੂੰ ਕਹਿੰਦੇ ਪੱਤਰਕਾਰੀ'। ਮੇਰੇ ਪਾਠਕਾਂ ਨੂੰ ਇਕ ਗੱਲ ਦੀ ਅਕਸਰ ਹੈਰਾਨੀ ਹੁੰਦੀ ਹੈ ਕਿ ਐਨੀਆਂ ਕਿਤਾਬਾਂ ਲਿਖਣ ਵਾਲੇ ਲੇਖਕ ਦੀ ਲਿਖਾਈ ਐਨੀ ਭੈੜੀ ਕਿਉਂ ਹੈ। ਇਸ ਲਿਖਾਈ ਦੇ ਕਾਰਨ ਹੀ ਮੈਂ ਅਜੀਤ ਦੀ ਸਬ ਐਡੀਟਰੀ ਨਹੀਂ ਸੀ ਕਰ ਸਕਿਆ।ਬਾਪੂ ਜੀ ਜਦੋਂ ਮੇਰੀ ਲਿਖਾਈ ਦੀ ਇਹ ਹਾਲਤ ਦੇਖੀ ਤਾਂ ਉਹਨਾਂ ਕਿਹਾ, 'ਯੂ ਆਰ ਹੈਂਡੀਕੈਪਡ।ਹੁਣੇ ਟਾਈਪ ਸਿੱਖ। ਕਿਵੇਂ ਚੱਲੇਗਾ ਤੇਰਾ ਕੰਮ। ਪੱਤਰਕਾਰ ਦੀ ਲਿਖਾਈ ਅਤੇ ਉਸਦੀ ਡਰਾਇਵਰੀ ਇੰਨੀ ਸਾਫ ਹੋਣੀ ਚਾਹੀਦੀ ਹੈ ਕਿ ਹਰ ਕੋਈ ਵਾਹ ਵਾਹ ਕਰ ਉੱਠੇ'।

ਜਦੋਂ ਸ਼ੌਂਕੀ ਮੇਲੇ ਦੇ ਮੁੱਖ ਪ੍ਰਬੰਧਕਾਂ (ਭੌਰਾ, ਮਾਨ, ਰਾਓ) ਵਿਰੁੱਧ ਢਾਡੀ ਅਮਰ ਸਿੰਘ ਸ਼ੌਂਕੀ ਦੇ ਪੁੱਤਰ ਹੀ ਖੜੇ ਹੋ ਗਏ ਤਾਂ ਉਹਨਾਂ ਇਕ ਮੀਟਿੰਗ ਵਿਚ ਕਿਹਾ, 'ਮੁਫਤ ਦੀ ਭੱਲ ਬਹੁਤ ਘੱਟ ਲੋਕਾਂ ਨੂੰ ਪਚਦੀ। ਤੁਹਾਡੀ ਕੁਰਬਾਨੀ ਦਾ ਗਵਾਹ ਇਤਿਹਾਸ ਰਹੇਗਾ। ਕਿਸੇ ਵਿਰੋਧ ਵਿਚ ਪੈਣ ਦੀ ਲੋੜ ਨਹੀਂ। ਪਾਣੀ ਵਾਂਗ ਨਿਮਰ ਹੋ ਕੇ ਵਗਣ ਵਿਚ ਹੀ ਪ੍ਰਾਪਤੀ ਹੈ। ਜੇ ਪਾਣੀ ਨੂੰ ਇਕ ਪਾਸੇ ਨੱਕਾ ਲਾਓ ਤਾਂ ਉਹ ਦੂਜੇ ਪਾਸੇ ਰਾਹ ਬਣਾ ਲੈਂਦਾ ਹੈ"। ਇਹੀ ਜੀਵਨ ਫਲਾਸਫੀ ਹੈ । ਤੁਹਾਡੇ ਵਰਗੇ ਹਿੰਮਤੀ ਤੇ ਸਾਹਿਤਕਾਰਾਂ ਵਾਸਤੇ ਬਹੁਤ ਕੰਮ ਨੇ। ਉਹਨਾਂ ਦੀ ਆਖੀ ਗੱਲ ਸੱਚੀ ਹੋਈ। ਐੱਸ ਅਸ਼ੋਕ ਭੌਰਾ ਅਮਰੀਕਾ ਵਿਚ ਤੇ ਮੈਂ ਪੰਜਾਬ ਵਿਚ ਆਪਣੀ ਮਟਕੀਲੀ ਚਾਲ ਨੂੰ ਨਹੀਂ ਛੱਡਿਆ। ਵਿਰੋਧੀਆਂ ਦਾ ਉਹ ਹਾਲ ਹੋਇਆ ਕਿ ਨਾ ਘਰ ਜੋਗੇ ਰਹੇ ਤੇ ਨਾ ਘਾਟ ਜੋਗੇ। ਇਕ ਹੋਰ ਪਤੇ ਦੀ ਗੱਲ ਉਹਨਾਂ ਮੇਲਾ ਸ਼ੁਰੂ ਕਰਨ ਤੋਂ ਪਹਿਲਾਂ ਆਖੀ ਸੀ, 'ਪਿੰਡ ਵਿਚ ਹਾਥੀ ਆਉਂਦਾ ਤਾਂ ਸਾਰੇ ਪਿੰਡ ਦੇ ਕੁੱਤੇ ਉਸਨੂੰ ਭੌਂਕਦੇ ਹਨ ਪਰ ਉਹ ਉਹਨਾਂ ਦੀ ਪ੍ਰਵਾਹ ਕੀਤੇ ਬਗੈਰ ਅੱਗੇ ਆਪਣੀ ਮੰਜ਼ਿਲ ਵੱਲ ਵਧ ਜਾਂਦਾ ਪਰ ਉਹ ਭੌਂਕਣ ਵਾਲੇ ਉੱਥੇ ਦੇ ਉੱਥੇ ਹੀ ਰਹਿ ਜਾਂਦੇ ਹਨ।

ਬਾਪੂ ਜੀ ਨੂੰ ਪਹਿਲੀ ਵਾਰ ਮਿਲਣ ਵਾਲਾ ਕਦੀ ਇਹ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਹ ਸਾਲਾਂ ਬਾਅਦ ਵੀ ਉਸਨੂੰ ਨਾਮ ਲੈ ਕੇ ਬੁਲਾਓਣਗੇ। ਇਹ ਉਹਨਾਂ ਦੀ ਯਾਦਦਾਸ਼ਤ ਦਾ ਕਮਾਲ ਸੀ। ਪੂਰੀ ਦੁਨੀਆ ਦੇ ਇਤਿਹਾਸ ਮਿਥਹਾਸ ਅਤੇ ਹੋਰ ਪਹਿਲੂਆਂ ਦੀ ਜਾਣਕਾਰੀ ਦੀ ਝੜੀ ਲਾਈ ਰੱਖਦੇ। ਕਈ ਗੁਣੀ ਗਿਆਨੀ ਘਟਨਾ ਦਾ ਸਾਲ ਭੁੱਲ ਜਾਂਦੇ ਪਰ ਉਹ ਝੱਟ ਯਾਦ ਕਰਵਾ ਦਿੰਦੇ ਕੇ ਉਸ ਵੇਲੇ ਮੁੱਖ ਮੰਤਰੀ ਕੌਣ ਸੀ ਤੇ ਕਿਹੋ ਜਿਹੀ ਸਰਕਾਰ ਸੀ। ਉਹ ਖੁਦ ਵੀ ਤਿੰਨ ਮੁੱਖ ਮੰਤਰੀਆਂ ਦੇ ਸਲਾਹਕਾਰ ਰਹੇ। ਪਰ ਸਿਆਸਤ ਰਾਸ ਨਾ ਆਈ ਤਾਂ ਮੇਲਿਆਂ ਦੇ ਗਵਰਨਰ ਬਣਕੇ ਲੋਕ ਮਨਾਂ ਤੇ ਰਾਜ ਕਰਦੇ ਰਹੇ।ਮੇਰੇ ਵਰਗਿਆਂ ਨੂੰ ਰਾਹੇ ਹੀ ਨਹੀਂ ਪਾਇਆ ਸਗੋਂ ਮੰਜ਼ਿਲਾਂ ਤਕ ਵੀ ਪਹੁੰਚਾਇਆ। ਓਹ ਅਕਸਰ ਕਿਹਾ ਕਰਦੇ ਕੇ ਇਸ ਧਰਤੀ ਤੇ ਆਏ ਹੋ ਤਾਂ ਪੈੜ ਪਾ ਕੇ ਜਾਓ । ਲੱਖਾਂ ਜੀਵ ਜੰਮਦੇ ਤੇ ਮਰਦੇ ਨੇ। ਪਰ ਤੁਸੀਂ ਇਨਸਾਨ ਹੋ ਇਸ ਲਈ ਸਮਾਜ ਵਿਚ ਆਪਣੀ ਨਿਸ਼ਾਨੀ ਜ਼ਰੂਰ ਛੱਡੋ।ਇਹ ਪੈੜ ਤੁਹਾਡੇ ਕਰਮਾਂ ਦੀ ਹੀ ਹੁੰਦੀ ਹੈ। ਮੌਤ ਤੋਂ ਨਾ ਡਰੋ ਸਗੋਂ ਮਾੜੇ ਕੰਮਾਂ ਤੋਂ ਡਰੋ, ਮੌਤ ਤਾਂ ਅਟੱਲ ਹੈ।

# ਰਾਜ ਪੱਧਰੀ ਸਾਈਬਰ-ਸਕੁਏਅਰ ਟੈਕ ਫੈਸਟੀਵਲ-2024 ਵਿੱਚ ਛਾਏ ਸੀਬਾ ਸਕੂਲ ਦੇ ਵਿਦਿਆਰਥੀ

**ਲਹਿਰਾਗਾਗਾ, (ਦਲਜੀਤ ਕੌਰ)** ਰਾਜ ਪੱਧਰੀ ਸਾਈਬਰ-ਸਕੁਏਅਰ ਟੈਕ ਫੈਸਟੀਵਲ-2024 ਜਦੋਂ ਕਿ ਜਗਰਾ ਂ ਵਿਖੇ ਹੋਇਆ ਇਸ ਵਿੱਚ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਦੀ ਦਮਨਪ੍ਰੀਤ ਕੌਰ (ਜਵਾਹਰਵਾਲਾ) ਅਤੇ ਆਲੀਆ (ਸੁਨਾਮ) ਦੀ ਟੀਮ ਨੇ ਰੋਬੋਟਿਕਸ ਅਤੇ ਅਰਸ਼ਦੀਪ ਕੌਰ (ਛਾਜਲੀ) ਅਤੇ ਧਨਵੀਰ ਸ਼ਰਮਾ (ਗੋਵਿੰਦਗੜ੍ਹ) ਦੀ ਟੀਮ ਨੇ ਵੈਬ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ 6000 ਰੁਪਏ ਦਾ ਨਕਦ ਇਨਾਮ ਵੀ ਜਿੱਤਿਆ। ਇਹ ਵਿਦਿਆਰਥੀ ਰਾਸ਼ਟਰ ਪੱਧਰੀ ਟੈਕ ਫੈਸਟੀਵਲ ਲਈ ਵੀ ਚੁਣੇ ਗਏ। ਮੈਡਮ ਮਨਜੀਤ ਕੌਰ ਅਤੇ ਯੂਵਾਸ਼ੂ ਗੋਇਲ ਦੀ ਸਿਖਲਾਈ ਹੇਠ ਇਹਨਾਂ ਵਿੱਚੋਂ ਜੈਸਮੀਨ ਕੌਰ (ਡਸਕਾ) ਨੈ ਟੈਕ-ਟਾਕ ਅਤੇ ਗੁਰਹਰਮਨ ਸਿੰਘ (ਗੋਵਿੰਦਗੜ੍ਹ) ਅਤੇ ਤਰਨਵੀਰ ਸਿੰਘ (ਹਰਿਆਊ) ਨੇ ਰੋਬੋਟਿਕਸ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਵਿੱਚ ਪੰਜਾਬ ਭਰ ਦੀਆਂ ਚੁਣੀਆਂ ਹੋਈਆਂ 15 ਸੰਸਥਾਵਾਂ ਦੇ 120 ਵਿਦਿਆਰਥੀਆਂ ਨੇ ਭਾਗ ਲਿਆ।




ਵਿਦਿਆਰਥੀਆਂ ਦੀ ਇਸ ਮਾਣਮੱਤੀ ਪ੍ਰਾਪਤੀ ਉਹਨਾਂ ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਸਮੇਂ ਦਾ ਹਾਣ ਦਾ ਬਣਨ ਲਈ ਨਵੀਂ ਪੀੜੀ ਨੂੰ ਵਿਗਿਆਨਿਕ ਅਤੇ ਟੈਕਨੀਕਲ ਤੌਰ ਤੇ ਉੱਨਤ ਹੋਣਾ ਪਵੇਗਾ। ਉਹਨਾਂ ਕਿਹਾ ਕਿ ਜੇਕਰ ਬੱਚਿਆਂ ਨੂੰ ਕਿਸੇ ਸਿਰਜਨਾਤਮਕ ਕੰਮ ਵਿੱਚ ਲਾਕੇ ਰਖਿਏ ਤਾਂ ਉਹ ਬਹੁਤ ਕੁਝ ਨਵਾਂ ਸਿੱਖਦੇ ਹਨ। ਇਸ ਮੌਕੇ ਮੈਡਮ ਅਮਨ ਢੀਂਡਸਾ, ਪ੍ਰਿੰਸੀਪਲ ਸੁਨੀਤਾ ਨੰਦਾ, ਹਰਵਿੰਦਰ ਸਿੰਘ ਅਤੇ ਕਮਲ ਸਿੱਧੂ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਹਮੇਸ਼ਾਂ ਨਵਾਂ ਕਰਨ ਲਈ ਪ੍ਰੇਰਿਆ।

# ਜਿਥੇ ਬਾਬਾ ਪੈਰੁ ਧਰਿ (ਕਾਵਿ ਸੰਗ੍ਰਹਿ)



ਗੁਰਮੀਤ ਕੱਲਰਮਾਜਰੀ
91-94178-65377

### ਬੋਟ

ਲਾਲੋ ਦੀ ਕੱਚੀ
ਕੋਠੜੀ 'ਚ
ਛੱਤ 'ਚ ਛੁਪੇ ਆਲ੍ਹਣੇ 'ਚ ਬੈਠੇ ਨਿੱਕੇ ਨਿੱਕੇ ਬੋਟ
ਮਾਂ ਨੂੰ ਉਡੀਕ ਦੇ
ਬਾਬੇ ਦੀ ਆਮਦ 'ਚ
ਫੁੱਲਾਂ ਵਾਂਗ ਖਿੜਨ ਲਗਦੇ ਨੇ
ਆਪਣੀ ਨਿੱਕੀ-ਨਿੱਕੀ ਅੱਖ 'ਚ
ਦੀਵਿਆਂ ਵਾਂਗ ਜਗਦੇ ਨੇ
ਤਾਰਿਆਂ ਵਾਂਗ ਚਮਕਦੇ ਨੇ

### ਵਜੂਦ

ਆਸਣ ਹੇਠਲੀ
ਮਿੱਟੀ-ਲਿੱਪਦੀ ਹੈ ਅਪਣਾ ਆਪ
ਪੋਚਦੀ ਹੈ ਆਪਣਾ
ਵਜੂਦ...

ਜਲ ਨੂੰ ਆਖਦੀ ਹੈ
ਬੂੰਦ ਬੂੰਦ ਕਰਕੇ
ਰਚ ਮੇਰੀ ਕਾਇਆ ਅੰਦਰ
ਸਾਰੇ ਦਾ ਸਾਰਾ
ਮੇਰੀ ਰੂਹ ਨੂੰ ਪਾਕ ਕਰ

ਸੂਰਜ ਨੂੰ ਆਖਦੀ ਹੈ,
ਇਹ ਭਾਈ ਲਾਲੋ ਦਾ ਘਰ ਹੈ-
ਇਹਨੂੰ ਕਿਰਨਾਂ ਨਾਲ ਭਰ-
ਪੌਣ ਨੂੰ ਆਖਦੀ ਹੈ
ਖਿਲਾਰ
ਇਹਦੇ ਕਣ ਕਣ 'ਚ
ਖੁਸ਼ਬੂ...
ਕਿ ਮੈਂ ਚੰਨ ਤਾਰਿਆਂ
ਸਮੇਤ,
ਬਾਬੇ ਨੂੰ ਨਿਹਾਰਨਾ ਹੈ
ਆਪਣਾ ਅਗਲਾ ਜਨਮ
ਸੁਆਰਨਾ ਹੈ

### ਭਾਈ ਫਿਰੰਦਾ

ਭਰੋਆਣਾ ਜੰਗਲ਼ 'ਚ
ਸੰਗੀਤ ਗੂੰਜਦਾ
ਰੁੱਖ ਝੂਮਦੇ
ਪੱਤੀ ਪੱਤੀ ਸੰਗੀਤ 'ਚ ਡੁੱਬਦੀ
ਰਬਾਬ ਬੋਲਦੀ-
ਆਪਣੇ ਘਰ 'ਚ ਬੈਠਾ
ਹਰ ਪਲ ਰੱਬ ਨੂੰ ਧਿਆਉਂਦਾ
ਭਾਈ ਫਿਰੰਦਾ
ਨਾਨਕ ਨੂੰ ਯਾਦ ਕਰਦਾ...

ਧਰਤੀ... ਕਦਮ ਕਦਮ ਹੁੰਦੀ
ਨਾਲ਼ ਨਾਲ਼ ਟੁਰਦੀ...
ਰੁੱਖ ਪੱਤਾ ਪੱਤਾ ਹੁੰਦੇ...
ਹਰਿਆਵਲ਼ ਨਾਲ਼ ਨਾਲ਼ ਚਲਦੀ
ਪੰਛੀ... ਅੰਬਰ ਅੰਬਰ ਗਾਹੁੰਦੇ
ਸਵੇਰ ਤਾਲ ਤਾਲ ਹੁੰਦੀ
ਸੂਰਜ ਕਿਰਨ ਕਿਰਨ ਹੁੰਦਾ
ਰਾਤ ਹੌਲ਼ੀ ਹੌਲ਼ੀ ਢਲ਼ਦੀ
ਫਿਰੰਦਾ...ਤਾਰ ਤਾਰ ਹੁੰਦਾ...
ਰਬਾਬ ਦੇ ਨਾਲ਼ ਨਾਲ਼ ਹੁੰਦਾ

ਫਿਰੰਦਾ...
ਜੰਗਲ਼ ਜੰਗਲ਼ ਗਾਹੁੰਦਾ...
ਪੰਛੀਆਂ ਨੂੰ ਮਿਲ਼ਦਾ...
ਰੁੱਖਾਂ ਨੂੰ ਪੁੱਛਦਾ
ਰਬਾਬ ਨਾਲ਼ ਗੱਲਾਂ ਕਰਦਾ

ਰਾਤ ਹੌਲ਼ੀ ਹੌਲ਼ੀ
ਰਬਾਬ ਦੇ ਸੰਗੀਤ 'ਚ
ਉੱਤਰਦੀ
ਸੂਰਜ ਤਾਲ਼ 'ਚ
ਉਦੈ ਹੁੰਦਾ
ਪਹੁ ਫੁੱਟਦੀ
ਧਰਤੀ ਚੱਪਾ ਚੱਪਾ ਖੁੱਲ੍ਹਦੀ
ਪੰਛੀ ਹੌਲੀ ਹੌਲੀ ਚਹਿਕਦੇ
ਦਾਣਾ ਚੁੱਗਦੇ

ਫਿਰੰਦਾ ਰਬਾਬ ਦੇ ਨਾਲ਼ ਨਾਲ਼
ਹੁੰਦਾ
ਫਿਰੰਦਾ ਰਬਾਬ ਦੇ
ਨਾਲ਼ ਨਾਲ਼ ਹੁੰਦਾ।

### ਦਰ

ਬਾਬਾ
ਇਹ ਐਨੇ ਭੋਲ਼ੇ ਨਹੀਂ
ਜਿਹੜੇ ਝੁਕਣ ਲਈ ਆਏ ਨੇ

ਨਿਵ ਗਏ ਨੇ ਤੇਰੇ ਦਰ ਅੱਗੇ
ਸਾਰੇ ਦੇ ਸਾਰੇ
ਆਪੋ ਆਪਣੇ ਛਤਰ ਲੈ ਕੇ
ਬਾਦਸ਼ਾਹਾਂ ਵਾਂਗ ਲਾਮ ਲਸ਼ਕਰ ਸਮੇਤ
ਬਕਤਰ ਬੰਦ ਗੱਡੀਆਂ 'ਚ
ਰੰਗ ਬਿਰੰਗੇ ਕਮਾਂਡੋਆਂ ਦੀ ਕੈਦ ਵਿੱਚ
ਹੋ ਰਹੇ ਨੇ
ਨਤਮਸਤਕ ਤੇਰੇ
ਦਰ ਅੱਗੇ

ਦੁੱਧ ਚਿੱਟੇ ਲਿਬਾਸ ਵਿੱਚ
ਸਿਰ ਤੇ ਟੋਪੀ, ਹੱਥ 'ਚ ਤ੍ਰਿਸ਼ੂਲ ਲੈ ਕੇ
ਗਿਰਗਟ ਵਾਂਗ ਰੰਗ ਬਦਲਦੇ
ਆਏ ਨੇ ਤੇਰੇ ਚਰਨਾਂ ਵਿੱਚ...
ਆਪੋ ਆਪਣੇ ਦਰ ਲੈ ਕੇ
ਬਾਬਾ
ਇਹ ਐਨੇ ਭੋਲ਼ੇ ਨਹੀਂ

### ਰੰਗ

ਬਾਬਾ ਤੇਰਾ ਦਰ
ਖੁੱਲ੍ਹਣ ਤੋਂ ਪਹਿਲਾਂ...
ਕਿੰਨੇ ਹੀ ਰੰਗ ਸਨ ਆਦਮੀ ਕੋਲ਼-
ਮਟਿਆਲ਼ਾ
ਕਾਲ਼ਾ...
ਲਾਲ...
ਜ਼ਹਿਰੀਲਾ- ਨਿਰੀ ਜ਼ਹਿਰ...।

ਜ਼ੁਬਾਨ 'ਚ ਕਿੰਨੇ ਹੀ ਸ਼ਬਦ ਸਨ
ਕੁੜੱਤਣ ਨਾਲ ਭਰੇ ਨਾਗ ਵਾਂਗ-
ਵਿਸ਼ੈਲੇ
ਕਿੰਨੇ ਹੀ ਲਿਬਾਸ ਸਨ ਬਾਬਾ ਆਦਮੀ ਕੋਲ਼...
ਉਹ ਕਦੇ ਕਾਲ਼ਾ ਲਿਬਾਸ ਪਹਿਨ, ਬਣ ਜਾਂਦਾ ਸੀ
ਸੱਜਣ ਠੱਗ
ਕਦੇ ਕੌਡਾ ਰਾਕਸ਼ਸ਼...
ਹਰ ਵੇਲੇ ਰੰਗਿਆ ਰਹਿੰਦਾ ਸੀ,
ਆਪਣੇ ਤੇਲ ਦੇ ਕੜਾਹੇ ਦੇ
ਰੰਗ 'ਚ

ਬਦਲ ਲਿਆ
ਵਲੀ ਕੰਧਾਰੀ ਨੇ ਵੀ
ਆਪਣਾ ਰੂਪ

ਬੰਦ ਕਰ ਦਿੱਤੇ, ਇਹਨਾਂ ਆਪਣੇ ਦਰ
ਆਪਣੀ ਕੂੜ ਦੀ ਦੁਕਾਨ...

ਦਰਿਆਵਾਂ, ਨਦੀਆਂ, ਖੂਹਾਂ, ਤਾਲਾਬਾਂ
ਝੀਲਾਂ, ਚਸ਼ਮਿਆਂ ਦੇ ਪਾਣੀਆਂ ਨੇ
ਬਦਲ ਲਿਆ ਅਪਣਾ ਰੰਗ

ਬਾਬਾ
ਤੇਰਾ ਦਰ ਖੁੱਲ੍ਹਣ ਤੋਂ ਪਹਿਲਾਂ
ਕਿੰਨੇ ਹੀ ਰੰਗ ਸਨ
ਆਦਮੀ ਕੋਲ।

### ਦਰ ਖੁੱਲ੍ਹਣ ਤੇ

ਬਾਬਾ!
ਤੇਰਾ ਦਰ ਖੁੱਲ੍ਹਣ ਤੇ -
ਕਿੰਨੇ ਹੀ ਸਾਲਾਂ ਤੋਂ
ਬੰਦ ਪਏ ਰਾਹ ਖੁੱਲ੍ਹ ਗਏ ਹਨ
ਪੈਰਾਂ ਨੂੰ ਮਿਲ ਗਿਆ ਹੈ ਸਫ਼ਰ
ਸ਼ਰਧਾ ਦੇ ਵਿਹੜੇ 'ਚ ਖਿੜ ਗਏ ਹਨ ਫੁੱਲ
ਮਿਲ ਗਈ ਹੈ ਚਹੁੰ ਦਿਸ਼ਾਵਾਂ ਨੂੰ
ਮੰਜ਼ਿਲ।

ਹੁਣ ਹਵਾ ਵੀ ਖ਼ੁਸ਼ ਹੈ...
ਖ਼ਾਕੀ ਵਰਦੀ ਤੋਂ ਝਿਜਕਦੀ...
ਸਰਹਦੀ ਤਾਰਾਂ 'ਚ ਕੈਦ ਸੀ
ਸੂਰਜ ਦੀ ਪਹਿਲੀ
ਕਿਰਨ
ਕੰਡਿਆਲ਼ੀਆਂ ਤਾਰਾਂ-
ਮਾਰੂਥਲ ਦੀ ਰੇਤ-
ਜੰਡ ਕਰੀਰਾਂ 'ਚ ਨਹੀ ਉਲਝਦੀ-
ਬਾਬੇ ਦੇ ਦਰ ਨੂੰ ਸਿਜਦਾ ਕਰਦੀ-
ਚਮਕਦੀ ਹੈ...
ਤਾਰਿਆਂ ਵਾਂਗ

ਵਰ੍ਹਿਆਂ ਤੋਂ ਸੁੱਤੀ
ਜਾਗ ਪਈ ਹੈ ਮਿੱਟੀ...
ਆਪਣੀ ਦੇਹ 'ਚੋਂ ਸੁਣਨ
ਲੱਗ ਪਈ ਹੈ, ਇਲਾਹੀ ਬਾਣੀ ਦੇ ਬੋਲ...
ਅਨੇਕਾਂ ਬੀਜ ਪੁੰਗਰਨ ਲਈ ਤਿਆਰ
ਨੇ ਮਿੱਟੀ 'ਚ
ਚਹਿਕਣ ਲੱਗ ਪਏ ਨੇ ਕਿੰਨੇ ਹੀ ਪੰਛੀ-
ਟਹਿਣੀਆਂ ਤੇ ਪੱਤਿਆਂ 'ਚ ਪਰਤ ਆਈ ਹੈ
ਮੁੜ ਹਰਿਆਵਲ

ਧਰਤੀ ਦੀ ਦੇਹ 'ਚ ਸਿਮਟੀ ਛਾਂ ਨੇ
ਅੱਖਾਂ ਮੀਚ ਕੇ ਕੀਤੀ ਹੈ
ਅਰਦਾਸ

ਪਰਤ ਆਈ ਹੈ ਉਹ ਇਲਾਹੀ ਧੁਨ
ਕੈਦ ਕਰ ਰਖੀ ਸੀ
ਕੰਡਿਆਲ਼ੀਆਂ ਤਾਰਾਂ
ਵੰਡੀਆਂ ਹੋਈਆਂ ਧਰਤੀਆਂ
ਆਪੋ ਆਪਣੇ ਦੇਸ਼ਾਂ ਦੇ
ਝੰਡਿਆਂ ਦੇ ਰੰਗਾਂ 'ਚ

ਬਕਤਰ ਬੰਦ
ਗੱਡੀਆਂ ਦੇ ਤਹਿਖ਼ਾਨਿਆਂ 'ਚ ਵੀ
ਚਮਕਦੇ ਸਨ ਬਾਬੇ ਦੇ
ਇਲਾਹੀ ਰੰਗ ...

ਬਾਬਾ
ਤੇਰੇ ਦਰ ਖੁੱਲ੍ਹਣ ਤੇ
ਖੁੱਲ੍ਹ ਗਿਆ ਹੈ... ਸੰਗੀਤ ਦਾ ਦਰ...
ਮੁੜ ਜਾਗ ਉੱਠੀ ਹੈ
ਮਰਦਾਨੇ ਦੀ ਰਬਾਬ!
ਰੂਹਾਂ 'ਚ ਪ੍ਰਵੇਸ਼ ਕਰ ਰਿਹਾ ਹੈ
ਇਲਾਹੀ ਬਾਣੀ ਦਾ ਰਾਗ


ਦਰ ਖੁੱਲ੍ਹਣ ਤੇ
ਗੁਲਾਬ ਦੇ ਫੁੱਲਾਂ 'ਚ
ਚਮਕਦੇ ਨੇ
ਅਨੇਕਾਂ ਚੰਨ ਸੂਰਜ
ਤਿਤਲੀਆਂ ਦੇ ਖੰਭਾਂ 'ਚ
ਸੈਂਕੜੇ ਰੰਗ ਚਮਕਦੇ ਨੇ

ਖ਼ੁਸ਼ ਹੈ ਬਾਗ਼ ਦਾ ਮਾਲੀ
ਸਦੀਆਂ ਬਾਅਦ ਉਸ ਦੀ ਸੁਣੀ ਗਈ ਹੈ
ਉਸ ਦੇ ਹੱਥ 'ਚ ਪਕੜੇ ਫੁਹਾਰੇ 'ਚੋਂ
ਪਾਣੀ ਨਹੀਂ,
ਅੰਮ੍ਰਿਤ ਅਨੰਤ ਰੰਗਾਂ 'ਚ ਬਿਖਰਦਾ ਹੈ

ਤੇਰਾ ਦਰ ਦੇ ਖੁੱਲ੍ਹਣ ਨਾਲ਼
ਖੁਲ੍ਹ ਗਏ ਨੇ
ਸਦੀਆਂ ਤੋਂ ਬੰਦ ਦਰਵਾਜ਼ੇ...
ਸਰਪਟ ਦੌੜ ਪਏ ਨੇ-ਅਨੰਤ
ਨੰਗੇ ਪੈਰ
ਆਪੋ ਆਪਣੇ ਝੰਡਿਆਂ ਦੇ ਰੰਗਾਂ ਵਿੱਚ,
ਲਹਿਰਾ ਰਹੇ ਨੇ ਹਵਾਵਾਂ ਸਮੇਤ...
ਚੱਲ ਪਏ ਨੇ ਸਫ਼ਰ ਤੇ
ਆਪੋ ਆਪਣੀਆਂ ਗੁਫਾਵਾਂ ਕਿਲ੍ਹਿਆਂ ਮਹਿਲਾਂ 'ਚੋਂ
ਨਿਕਲ,
ਤ੍ਰਿਸ਼ੂਲਾਂ, ਕਮੰਡਲਾਂ...
ਚਿਮਟਿਆਂ ਦੀ ਗੁੰਜ਼ਾਰ ਵਿੱਚ,
ਸਿਰ 'ਚ ਭਬੂਤ ਰਮਾਅ
ਸਿਰ 'ਤੇ ਕਲਗੀ ਸਜਾ
ਆਪਣੇ ਤਾਜਾਂ ਤਖ਼ਤਾਂ ਸਮੇਤ
ਨਿਕਲ਼ ਆਏ ਨੇ ਡੇਰਿਆਂ 'ਚੋਂ ਬਾਹਰ
ਅਨੰਤ ਯੋਗੀ ਸੰਨਿਆਸੀ...ਜਟਾਧਾਰੀ...
ਤਖ਼ਤਧਾਰੀ

### ਬਾਬਰ ਪਰਤ ਆਇਆ ਹੈ

ਬਾਬਾ! ਪਾਪ ਦੀ ਜੰਞ ਲੈ, ਕਾਬਲ ਤੋਂ
ਦੁੱਧ ਚਿੱਟੇ ਲਿਬਾਸ ਵਿੱਚ
ਬਾਬਰ ਪਰਤ ਆਇਆ ਹੈ
ਇਸ ਸ਼ਹਿਰ ਅੰਦਰ




ਆਪਣੇ ਲਾਮ ਲਸ਼ਕਰ
ਸਮੇਤ
ਇੱਕ ਇੱਕ ਅਸ਼ਰਫ਼ੀ ਦਾ ਮਾਵਾਂ ਨਾਲ਼ ਵਾਅਦਾ
ਕਰ
ਵਫ਼ਾਦਾਰ ਸਿਪਾਹੀਆਂ ਨੂੰ ਅਪਣੇ ਨਾਲ
ਲਿਆਇਆ ਹੈ
ਫੈਲ ਗਏ ਨੇ ਬਾਬਰ ਦੇ ਜ਼ਾਲਮ ਸਿਪਾਹੀ
ਹਰ ਗਲ਼ੀ, ਹਰ ਚੌਰਾਹੇ
ਹਰ ਗਰਾਂ ਅੰਦਰ

ਘੋੜੇ ਅਤੇ ਹਾਥੀਆਂ ਦਾ ਸਫ਼ਰ
ਪਿੱਛੇ ਛੱਡ ਆਇਆ ਹੈ...ਛੁਪਾਅ ਆਇਆ ਹੈ
ਸਾਰੇ ਹਥਿਆਰ
ਉਸ ਨੇ ਮਧੁਰ ਮਿਠਾਸ 'ਚ
ਬਦਲ ਲਈ ਹੈ
ਆਪਣੀ ਬਾਣੀ,
ਬਦਲ ਲਈ ਹੈ ਬਾਬਰ ਨੇ ਆਪਣੀ ਕਾਇਆ

ਹੁਣ ਉਹ ਮਾਵਾਂ ਦੀਆਂ ਛਾਤੀਆਂ ਨਾਲੋਂ
ਬੱਚਿਆਂ ਨੂੰ ਨਹੀਂ ਵਿਛੋੜਦਾ
ਨਾਂ ਹੀ ਮਾਵਾਂ ਦੀਆਂ ਅੱਖਾਂ ਸਾਹਵੇਂ
ਕਰਦਾ ਹੈ
ਉਹਨਾਂ ਦਾ ਕਤਲ।
ਹੁਣ ਉਹ ਖੁੱਲ੍ਹੇ ਵਾਲ਼
ਪੁੱਤਰਾਂ ਦੇ ਵਿਯੋਗ 'ਚ ਮਾਵਾਂ ਦੇ
ਵੈਣ ਨਹੀਂ ਸੁਣਦਾ
ਨਾ ਹੀ ਕਰਦਾ ਹੈ
ਮਾਵਾਂ ਦੀ ਇੱਜਤ ਨੂੰ
ਸ਼ਰੇਆਮ
ਨਿਲਾਮ...
ਤੇ ਹੁਣ ਉਹ
ਸ਼ਰੇ ਬਾਜ਼ਾਰ...
ਬਿਲਕੁਲ ਨਹੀਂ ਕਰਦਾ
ਕੰਜਕਾਂ ਦਾ ਵਪਾਰ...

ਹੁਣ ਉਹ ਬੱਚਿਆਂ ਦੇ ਮੂੰਹਾਂ 'ਚੋਂ
ਰੋਟੀ ਨਹੀਂ ਖੋਂਹਦਾ
ਉਸ ਨੇ ਵਲੀ ਕੰਧਾਰੀ ਕੋਲੋਂ
ਜਾਣ ਲਿਆ ਹੈ
ਪਾਣੀ ਤੇ ਕਬਜ਼ਾ
ਕਰਨ ਦਾ ਰਾਜ
ਉਸ ਨੇ ਸਿਰਜ ਲਿਆ ਹੈ
ਅੰਬਰ ਨੂੰ ਛੂੰਹਦਾ
ਰੋਟੀ ਛੁਪਾ ਕੇ ਰੱਖਣ
ਦਾ ਤਲਿਸਮੀ ਬਜ਼ਾਰ

ਬਾਬਾ! ਮੁੜ ਉਸ ਨੇ
ਪੌਣ ਨੂੰ ਪਥਰਾਟ ਹੋਣ ਦਾ ਵਰ ਦਿੱਤਾ
ਕਰ ਲਿਆ ਉਸ ਨੂੰ
ਖੁਸ਼ਬੂ 'ਚ ਕੈਦ...
ਬਾਜ਼ਾਰ 'ਚ ਉਸ ਨੂੰ ਮਹਿਲ ਜਿਹਾ ਇੱਕ ਘਰ
ਦਿੱਤਾ
ਮਨੁੱਖ ਦੀ ਅੱਖ ਨੂੰ
'ਅੰਨ੍ਹੀ ਹੋਣ' ਦਾ ਵਰ ਦਿੱਤਾ।

ਉਸ ਨੇ ਮਿੱਟੀ ਦੇ ਕਣ ਕਣ 'ਚ ਬੀਜ ਦਿੱਤਾ
ਜ਼ਹਿਰੀਲਾ ਬੀਜ
ਜਿਸ ਨੂੰ ਖਾਂਦਿਆਂ ਹੀ
ਮਾਵਾਂ ਹੋ ਜਾਂਦੀਆਂ ਨੇ ਬਾਂਝ
ਪੰਛੀਆਂ ਦੇ ਗਲ਼ਿਆਂ 'ਚ ਕਬਰ ਬਣ ਜਾਂਦਾ ਹੈ
ਸੰਗੀਤ ਅਤੇ ਸਾਜ਼

ਬਾਬਾ! ਪਾਪ ਦੀ ਜੰਞ ਲੈ
ਕਾਬਲ ਤੋਂ ਦੁੱਧ ਚਿੱਟੇ ਲਿਬਾਸ ਵਿੱਚ
ਬਾਬਰ ਮੁੜ,
ਇਸ ਸ਼ਹਿਰ ਅੰਦਰ
ਪਰਤ ਆਇਆ ਹੈ
ਆਪਣੇ ਲਾਮ ਲਸ਼ਕਰ ਤੇ
ਬਾਬਰ ਬਾਣੀ ਸਮੇਤ।

### ਕਾਅਬਾ

ਸ਼ਾਮ ਢਲ਼ਦਿਆਂ ਹੀ
ਰਾਤ ਬਾਬੇ ਦੇ ਸਾਹਾਂ 'ਚ
ਸਮਾ ਗਈ-
ਬਾਬਾ
ਕੁੱਝ ਪਾਣੀ ਹੋ ਗਿਆ
ਕੁਝ ਧਰਤ-
ਕੁੱਝ ਆਕਾਸ਼ ਬਣ ਗਿਆ
ਦੀਵਾਰਾਂ
ਖ਼ਾਮੋਸ਼ ਹੋ ਗਈਆਂ
ਬਾਬਾ ਕੁਦਰਤ 'ਚ ਅਭੇਦ ਹੋ ਗਿਆ

ਕਦੇ ਪੈਰ ਕਾਅਬੇ ਵੱਲ ਹੁੰਦੇ
ਕਦੇ ਕਾਅਬਾ ਪੈਰਾਂ ਵੱਲ
ਦੋਵੇਂ ਇਕਮਿਕ ਹੋ ਗਏ-
ਕਾਅਬਾ ਹੀ ਕਾਅਬਾ ਹੋ ਗਿਆ
ਚਹੁੰ ਦਿਸ਼ਾਵਾਂ 'ਚ ਪੈਰ ਹੀ ਪੈਰ ਹੋ ਗਏ

ਹੌਲ਼ੀ ਹੌਲ਼ੀ ਸਿਮਟਣ ਲੱਗ ਪਿਆ
ਬਾਬੇ ਦੇ ਕਦਮਾਂ 'ਚ ਕਾਅਬੇ ਦਾ ਨੂਰ।

ਅਲਾ ਦੇ ਅਪਮਾਨ ਵਿੱਚ
ਭੋਲਾ ਕਾਜ਼ੀ, ਤੜਪ ਉਠਿਆ
ਬਾਬੇ ਦੇ ਪੈਰ
ਕਾਅਬੇ ਵੱਲ...!
ਜ਼ਿੱਲਤ ਵਿੱਚ ਸੜਨ ਲੱਗਾ
ਭੋਲ਼ਾ ਕਾਜ਼ੀ...
ਅੱਲ੍ਹਾ ਦੇ ਅਪਮਾਨ ਵਿੱਚ,
ਅਗਨ ਵਾਂਗ ਬਲ਼ਣ ਲੱਗਾ

ਕ੍ਰੋਧ ਦੀ ਜਵਾਲਾ 'ਚ ਧੁਖ਼ਦਾ
ਅੱਖਾਂ ਦੀ ਧੁੰਧ 'ਚ ਤੜਪਦਾ ਬੋਲਣ ਲੱਗਾ।

ਨਹੀਂ ਸਮਝ ਸਕਿਆ
ਬਾਬੇ ਦੇ ਪੈਰਾਂ ਦੀਆਂ
ਰੇਖਾਵਾਂ 'ਚ
ਕਾਅਬੇ ਦੀ ਤਕਦੀਰ

ਬਾਬੇ ਨੇ ਆਪਣੇ
ਮੁਰੀਦਾਂ ਨੂੰ ਕਿਹਾ
ਇਹ ਮੱਕਾ ਹੈ
ਅੱਲ੍ਹਾ ਦਾ ਸ਼ਹਿਰ
ਇਹ ਕਾਅਬਾ ਹੈ
ਅੱਲ੍ਹਾ ਦਾ ਘਰ
ਅੱਲ੍ਹਾ ਦੀ ਠਹਿਰ

ਬਾਬੇ ਆਖਿਆ
ਕਾਜ਼ੀ
ਮੇਰੇ ਪੈਰਾਂ ਦੀਆਂ ਰੇਖਾਵਾਂ ਨੂੰ
ਓਧਰ ਕਰ
ਜਿਧਰ ਤੇਰਾ ਕਾਅਬਾ ਨਹੀਂ
ਅੱਲ੍ਹਾ ਨਹੀਂ

ਕਾਜ਼ੀ ਦੀਆਂ ਅੱਖਾਂ ਵਿੱਚ
ਬਾਬਾ ਵੱਸ ਗਿਆ...
ਗਿਆਨ ਫ਼ੈਲ ਗਿਆ ਚਾਰੋਂ ਤਰਫ
ਕਾਅਬਾ ਹੀ ਕਾਅਬਾ
ਹੋ ਗਿਆ।
ਕਾਜ਼ੀ ਬਾਬੇ ਦਾ
ਹੋ ਗਿਆ

_ 0 _


# ਹਰਿਆਣੇ ’ਚ 2024 ਦੌਰਾਨ ਛਪੀਆਂ ਪੰਜਾਬੀ ਪੁਸਤਕਾਂ ਦਾ ਲੇਖਾ- ਜੋਖਾ



ਡਾ. ਨਿਸ਼ਾਨ ਸਿੰਘ ਰਾਠੌਰ
91-90414-98009

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਹਰ ਸਾਲ ਬਹੁਤ ਸਾਰੀਆਂ ਪੰਜਾਬੀ ਪੁਸਤਕਾਂ ਛਪਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਮੁੱਖਧਾਰਾ ਦੇ ਪੰਜਾਬੀ ਸਾਹਿਤ (ਪੰਜਾਬ) ਦੇ ਨਾਲ- ਨਾਲ ਦੂਜੇ ਸੂਬਿਆਂ ਜਿਵੇਂ; ਹਰਿਆਣਾ, ਰਾਜਸਥਾਨ, ਜੰਮੂ- ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਪੰਜਾਬੀ ਪੁਸਤਕਾਂ ਦੀ ਪ੍ਰਕਾਸ਼ਨਾ ਹੁੰਦੀ ਹੈ। ਇਹ ਖੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਇੱਕ ਸੂਬੇ ਤੱਕ ਸੀਮਤ ਜ਼ੁਬਾਨ ਨਹੀਂ; ਬਲਕਿ ਸਮੁੱਚੇ ਵਿਸ਼ਵ ਵਿੱਚ ਫੈਲੀ ਜ਼ੁਬਾਨ ਹੈ। ਖ਼ੈਰ!

ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਸਾਲ 2024 ਦੌਰਾਨ ਹਰਿਆਣੇ ਵਿੱਚ ਛਪੀਆਂ ਪੰਜਾਬੀ ਪੁਸਤਕਾਂ ਬਾਰੇ ਸੰਖੇਪ ਚਰਚਾ ਕਰਨਾ ਹੈ। ਇਸ ਲਈ ਕਿਸੇ ਹੋਰ ਪੱਖ ਬਾਰੇ ਚਰਚਾ




ਕਰਨਾ ਸੰਬੰਧਤ ਵਿਸ਼ੇ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੋਵੇਗੀ। ਪ੍ਰੰਤੂ! ਸਾਲ 2024 ਵਿੱਚ ਹਰਿਆਣੇ ’ਚ ਪੰਜਾਬੀ ਲੇਖਕਾਂ ਨੂੰ ਐਲਾਨੇ ਗਏ ਇਨਾਮਾਂ ਦੀ ਗੱਲ ਕੀਤੇ ਬਿਨਾਂ ਇਹ ਲੇਖ ਅਧੂਰਾ ਹੀ ਮੰਨਿਆ ਜਾਵੇਗਾ।

**ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ :**

ਸਾਲ 2024 ਵਿੱਚ ‘ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ’ ਪੰਚਕੁਲਾ (ਹਰਿਆਣਾ ਸਰਕਾਰ) ਵੱਲੋਂ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹਾਲਾਂਕਿ ਇਨਾਮ ਅਜੇ ਨਹੀਂ ਮਿਲੇ ਪ੍ਰੰਤੂ! ਇਸ ਐਲਾਨ ਨਾਲ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਹੱਲਾਸ਼ੇਰੀ ਜ਼ਰੂਰ ਮਿਲੀ ਹੈ ਕਿਉਂਕਿ ਪਿਛਲੇ ਛੇ- ਸੱਤ ਵਰ੍ਹਿਆਂ ਤੋਂ ਪੰਜਾਬੀ ਲੇਖਕਾਂ ਨੂੰ ਇਨਾਮ ਨਹੀਂ ਦਿੱਤੇ ਗਏ ਸਨ। ਹੁਣ ਸੰਨ 2017 ਤੋਂ 2022 ਤੱਕ ਦੇ ਇਨਾਮਾਂ ਦਾ ਐਲਾਨ ਕੀਤਾ ਗਿਆ ਹੈ।

**ਹਰਿਆਣੇ ’ਚ ਸਾਲ 2024 ਦੌਰਾਨ ਛਪੀਆਂ ਪੰਜਾਬੀ ਪੁਸਤਕਾਂ:**

ਹਰਿਆਣੇ ’ਚ ਸਾਲ 2024 ਦੌਰਾਨ ਅਨੁਪਿੰਦਰ ਸਿੰਘ ਅਨੂਪ ਦੀਆਂ ਪੁਸਤਕਾਂ ‘ਹਰਿਚੰਦਉਰੀ’ ਤੇ ‘ਘੁੰਗਰੂ ਟੁਟ ਗਏ’, ਇਕਬਾਲ ਸਿੰਘ ਹਮਜਾਪੁਰ ਦੀਆਂ ਪੁਸਤਕਾਂ ‘ਵਿਰਾਸਤੀ ਹਰਿਆਣਾ’ ਤੇ ‘ਮਿੰਟੂ ਦੀ ਸਿਆਣਪ’, ਸੁਰਜੀਤ ਸਿੰਘ ਸਿਰੜੀ ਦੀ ਪੁਸਤਕ ‘ਮਿੱਟੀ ਕਰੇ ਸੁਆਲ’, ਹਰਨੂਰ ਦੀ ‘ਮੁਹਬੱਤ ਕਰਕੇ ਵੇਖੀਏ’, ਕੇਸਰਾ ਰਾਮ ਦਾ ਨਾਵਲ ‘ਗੁੱਡੋ’, ਕੁਲਵੰਤ ਕੌਰ ਸੰਧੂ ਦੀ ਪੁਸਤਕ ‘ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ’, ਡਾ। ਕੁਲਵਿੰਦਰ ਸਿੰਘ ਪਦਮ ਦਾ ਨਾਟਕ ‘ਕੂਕਦੀ ਕੂੰਜ’, ਗੁਰਦਿਆਲ ਸਿੰਘ ਨਿਮਰ ਦਾ ਮਹਾਂ- ਕਾਵਿ ‘ਬੈਠਾ ਸੋਢੀ ਪਾਤਿਸਾਹ’, ਚਰਨ ਪੁਆਧੀ ਦੀਆਂ ਪੁਸਤਕਾਂ ‘ਵਿਸ਼ਵ ਬਾਲ ਲੋਕ- ਕਹਾਣੀਆਂ’ ਤੇ ‘ਭਾਰਤ ਦੇ ਵੀਰ ਬਾਲਕ’, ਜੋਗਿੰਦਰ ਕੌਰ ਅਗਨੀਹੋਤਰੀ ਦੀਆਂ ਪੁਸਤਕਾਂ ‘ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ’ ਤੇ ‘ਜੱਗਾ’, ਤਰਲੋਚਨ ਮੀਰ ਦੀ ਪੁਸਤਕ ‘ਖ਼ੰਜਰ’, ਡਾ। ਬੀਰਬਲ ਸਿੰਘ ਦੀ ‘ਕਥਾ ਦੀਪ’, ਡਾ। ਬਲਵਾਨ ਔਜਲਾ ਦੀ ਪੁਸਤਕ ‘ਅੰਤਰ ਯੁੱਧ’, ਮੀਨਾ ਨਵੀਨ ਦੀ ‘ਮਰਾਠੀ ਝਲਕਾਰਾ’, ਰਜਨੀ ਦਾ ਕਹਾਣੀ- ਸੰਗ੍ਰਹਿ ‘ਕੂਲੇ ਕੰਡੇ’, ਲਖਵਿੰਦਰ ਸਿੰਘ ਬਾਜਵਾ ਦੀਆਂ ਪੁਸਤਕਾਂ ‘ਮੈਂ ਲੇਖਕ ਕਿਵੇਂ ਬਣਿਆ’ ਤੇ ‘ਗ਼ਮਲੇ ਦਾ ਬੂਟਾ’ ਪ੍ਰਕਾਸ਼ਿਤ ਹੋਈਆਂ ਹਨ।

ਆ ! ਇਹਨਾਂ ਪੰਜਾਬੀ ਪੁਸਤਕਾਂ ਦੀ ਸੰਖੇਪ ਰੂਪ ਵਿੱਚ ਚਰਚਾ ਕਰੀਏ ਤਾਂ ਕਿ ਹਰਿਆਣੇ ਦੇ ਪੰਜਾਬੀ ਸਾਹਿਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ।

**ਅਨੁਪਿੰਦਰ ਸਿੰਘ ਅਨੂਪ — ਹਰਿਚੰਦਉਰੀ ਤੇ ਘੁੰਗਰੂ ਟੁਟ ਗਏ**

ਸ਼ਾਇਰ ਅਨੁਪਿੰਦਰ ਸਿੰਘ ਅਨੂਪ ਦੇ ਕਾਵਿ- ਸੰਗ੍ਰਹਿ ‘ਹਰਿਚੰਦਉਰੀ’ ਵਿੱਚ ਕੁੱਲ 48 ਕਵਿਤਾਵਾਂ, ਟੱਪੇ, ਦੋਹੇ ਅਤੇ ਬੋਲੀਆਂ ਸ਼ਾਮਿਲ ਹਨ। ਸ਼ਾਇਰ ਆਪਣੀਆਂ ਕਵਿਤਾਵਾਂ ਵਿੱਚ ਸਵਰਗ ਦਾ ਸੁਫ਼ਨਾ ਨਹੀਂ ਦੇਖਦਾ ਬਲਕਿ ਉਹ ਇਸ ਧਰਤੀ ਨੂੰ ਹੀ ਸਵਰਗ ਬਣਾਉਣਾ ਲੋਚਦਾ ਹੈ। ਦੂਜੀ ਪੁਸਤਕ ‘ਘੁੰਗਰੂ ਟੁਟ ਗਏ’ ਵਿੱਚ ਸ਼ਾਇਰ ‘ਕ਼ਤੀਲ ਸ਼ਿਫਾਈ’ ਦੀਆਂ ਉਰਦੂ ਗ਼ਜ਼ਲਾਂ ਦਾ ਪੰਜਾਬੀ ਉਲੱਥਾ ਕੀਤਾ ਗਿਆ ਹੈ।

**ਇਕਬਾਲ ਸਿੰਘ ਹਮਜਾਪੁਰ — ਵਿਰਾਸਤੀ ਹਰਿਆਣਾ ਤੇ ਮਿੰਟੂ ਦੀ ਸਿਆਣਪ**


ਇਕਬਾਲ ਸਿੰਘ ਹਮਜਾਪੁਰ ਦੀ ‘ਵਿਰਾਸਤੀ ਹਰਿਆਣਾ’ ਪੁਸਤਕ ਵਿੱਚ ਹਰਿਆਣੇ ਦੇ ਪੁਰਾਤਨ ਕਿਲ੍ਹਿਆਂ, ਹਵੇਲੀਆਂ ਅਤੇ ਇਮਾਰਤਾਂ ਬਾਰੇ ਸਚਿੱਤਰ ਲੇਖ ਲਿਖੇ ਗਏ ਹਨ। ਲੇਖਕ ਨੇ ਹਰਿਆਣੇ ਦੀਆਂ ਇਹਨਾਂ ਇਤਿਹਾਸਕ ਥਾਵਾਂ ਨੂੰ ਕਲਮ ਰਾਹੀਂ ਸਾਂਭਣ ਦਾ ਯਤਨ ਕੀਤਾ ਹੈ।

ਦੂਜੀ ਪੁਸਤਕ ‘ਮਿੰਟੂ ਦੀ ਸਿਆਣਪ’ ਵਿੱਚ ਬੱਚਿਆਂ ਨਾਲ ਸੰਬੰਧਤ ਮਨੋਵਿਗਿਆਨਕ ਕਹਾਣੀਆਂ ਨੂੰ ਕਲਮਬੱਧ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਵਿੱਚ ਬੱਚਿਆਂ ਨੂੰ ਕਰਾਮਾਤਾਂ ਤੋਂ ਦੂਰ, ਸਹੀ ਸੇਧ ਦੇਣ ਦਾ ਯਤਨ ਹੈ।

**ਸੁਰਜੀਤ ਸਿੰਘ ਸਿਰੜੀ — ਮਿੱਟੀ ਕਰੇ ਸੁਆਲ**

ਸੁਰਜੀਤ ਸਿੰਘ ਸਿਰੜੀ ਦਾ ਕਾਵਿ- ਸੰਗ੍ਰਹਿ ‘ਮਿੱਟੀ ਕਰੇ ਸੁਆਲ’ ਪੜ੍ਹਦਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਸ਼ਾਇਰ ਦਾ ‘ਵਿਚਾਰ’ ਕਿਸੇ ਇੱਕ ਧਰਮ ਜਾਂ ਫਿਰਕੇ ਤੀਕ ਸੀਮਤ ਨਹੀਂ ਹੈ ਬਲਕਿ ਉਹ ਸਮਾਜ ਦੇ ਹਰ ਵਰਗ ਦੀ ਗੱਲ ਕਰਦਾ ਹੈ;

“ਦੇਸ ਮੇਰੇ ਦੀ ਜ਼ਰਖੇਜ਼ ਜ਼ਮੀਨੇ, ਅਸ਼ਕੇ!




ਤੇਰੀ ਕੁੱਖੋਂ ਫ਼ਸਲਾਂ ਹੀ ਨਹੀਂ/ ਰੌਸ਼ਨ ਲੋਕ ਵੀ ਉਗਮਦੇ ਨੇ।” (ਮਿੱਟੀ ਕਰੇ ਸੁਆਲ)




ਸੁਰਜੀਤ ਸਿਰੜੀ ਦੀ ਸ਼ਾਇਰੀ ਗੰਭੀਰ ਅਤੇ ਪੁਖ਼ਤਾ ਸ਼ਾਇਰੀ ਕਹੀ ਜਾ ਸਕਦੀ ਹੈ। ਉਸਦੀਆਂ ਕਵਿਤਾਵਾਂ ਵਿੱਚ ਮਿੱਟੀ ਦਾ ਮੋਹ ਦੇਖਿਆ ਜਾ ਸਕਦਾ ਹੈ।

**ਹਰਨੂਰ — ਮੁਹਬੱਤ ਕਰਕੇ ਵੇਖੀਏ**

ਹਰਨੂਰ ਸਿੰਘ ਵਿਰਕ ਦੇ ਪਲੇਠੇ ਕਾਵਿ- ਸੰਗ੍ਰਹਿ ‘ਮੁਹਬੱਤ ਕਰਕੇ ਵੇਖੀਏ’ ਵਿੱਚ ਇਸ਼ਕ ਦੀਆਂ ਬਾਤਾਂ ਪੜ੍ਹੀਆਂ ਜਾ ਸਕਦੀਆਂ ਹਨ;

“ਚੱਲ ਮੁਹੱਬਤ ਕਰ ਕੇ ਵੇਖੀਏ
ਇਸ਼ਕ ਸਮੁੰਦਰ ਤਰ ਕੇ ਵੇਖੀਏ।” (ਮੁਹੱਬਤ ਕਰਕੇ ਵੇਖੀਏ)

ਹਰਨੂਰ ਦੀਆਂ ਕਵਿਤਾਵਾਂ ਤੇ ਬੋਲੀ ਵਿੱਚ ਲਹਿੰਦੇ ਪੰਜਾਬ ਦੀ ਝਲਕ ਮਿਲਦੀ ਹੈ। ਹਰਨੂਰ ਦੀ ਸ਼ਾਇਰੀ ਭਵਿੱਖ ਵਿੱਚ ਹੋਰ ਪੁਖ਼ਤਾ ਹੋਵੇਗੀ; ਇਹ ਉਮੀਦ ਹੈ।

**ਕੇਸਰਾ ਰਾਮ — ਗੁੱਡੋ**

ਕੇਸਰਾ ਰਾਮ ਦੇ ਨਾਵਲ ‘ਗੁੱਡੋ’ ਵਿੱਚ ਪੇਂਡੂ ਸਮਾਜ ਦੀਆਂ ਤਹਿਆਂ ਵਿੱਚ ਵੱਸੇ ਜਾਤੀ ਟਕਰਾਅ ਦੀਆਂ ਵਿਭਿੰਨ ਪਰਤਾਂ ਫਰੋਲਦਾ ਨਾਰੀ ਦਮਨ ਨਾਲ ਜੁੜਿਆ ਗਲਪੀ ਬਿਰਤਾਂਤ ਪੇਸ਼ ਹੋਇਆ ਹੈ। ਨਾਵਲ ਵਿੱਚ ਸਥਿਤੀਆਂ, ਪਾਤਰ ਅਤੇ ਇਹਨਾਂ ਦਾ ਨਿਭਾਅ ਯਥਾਰਥ ਦੇ ਨੇੜੇ ਹੈ।

ਕੇਸਰਾ ਰਾਮ ਆਪਣੇ ਕਹਾਣੀ- ਸੰਗ੍ਰਹਿ ‘ਜ਼ਨਾਨੀ ਪੌਦ’ ਤੇ ਸਾਲ- 2020 ਦਾ ‘ਢਾਹਾਂ ਪੁਰਸਕਾਰ’ ਜੇਤੂ ਕਹਾਣੀਕਾਰ ਹੈ।

**ਕੁਲਵੰਤ ਕੌਰ ਸੰਧੂ — ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ**

ਕੁਲਵੰਤ ਕੌਰ ਸੰਧੂ ਦੇ ਲੋਕ ਗੀਤ- ਸੰਗ੍ਰਹਿ ‘ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ’ ਵਿੱਚ ਵਿਆਹਾਂ ਤੇ ਗਾਏ ਜਾਂਦੇ ਸੁਹਾਗ, ਘੋੜੀਆਂ, ਗਿੱਧਾ ਬੋਲੀਆਂ ਅਤੇ ਭੈਣ- ਭਰਾ ਦੇ ਰਿਸ਼ਤੇ ਨੂੰ ਸਮਰਪਿਤ ਤਕਰੀਬਨ ਡੇਢ ਪੌਣੇ ਦੋ ਸੌ ਦੇ ਕਰੀਬ ਲੋਕ- ਗੀਤ ਸ਼ਾਮਿਲ ਕੀਤੇ ਗਏ ਹਨ;

“ਨਿੱਕਿਆਂ ਹੁੰਦਿਆਂ ਦੇ ਮਾਪੇ ਤੁਰ ਗਏ ਵੀਰਾ
ਮਾਪੇ ਤੁਰ ਗਏ ਵੀਰਾ / ਗ਼ਲੀਏ ਰੁਲ਼ ਗਏ ਵੇ ਰੰਗ ਸੂਹੇ।” (ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ)


ਲੇਖਿਕਾ ਦਾ ਇਸ ਤੋਂ ਪਹਿਲਾਂ ‘ਕਿਤੇ ਮਿਲ ਨੀ ਮਾਏਂ’ ਲੋਕ ਗੀਤ- ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕਿਆ ਹੈ।

**ਡਾ. ਕੁਲਵਿੰਦਰ ਸਿੰਘ ਪਦਮ — ਕੂਕਦੀ ਕੂੰਜ**

ਡਾ. ਕੁਲਵਿੰਦਰ ਸਿੰਘ ਪਦਮ ਦੇ ਪੰਜਾਬੀ ਨਾਟਕ ‘ਕੂਕਦੀ ਕੂੰਜ’ ਵਿੱਚ ‘ਖੂਨ ਦੇ ਰਿਸ਼ਤਿਆਂ ਦੀ ਪਾਕੀਜ਼ਗੀ’ ਉੱਤੇ ਲੱਗੇ ਦਾਗਾਂ ਨੂੰ ਉਜਾਗਰ ਕੀਤਾ ਹੈ। ਇਸ ਤੋਂ ਪਹਿਲਾਂ ਕੁਲਵਿੰਦਰ ਪਦਮ ਦੇ (ਦੋ) ਪੰਜਾਬੀ ਨਾਟਕ ‘ਖਜ਼ਾਨਾ ਖਾਲੀ ਹੈ’ ਤੇ ‘ਰਿਸ਼ਤੇ ਰੁਲਣ ਅਦਾਲਤੀਂ’ ਪ੍ਰਕਾਸ਼ਿਤ ਹੋ ਚੁਕੇ ਹਨ। ਪਦਮ ਦੇ ਨਾਟਕ ਜਿੱਥੇ ਪੁਸਤਕ ਰੂਪ ਵਿੱਚ ਕਾਮਯਾਬ ਹਨ ਉੱਥੇ ਹੀ ਸਟੇਜ ਉੱਪਰ ਵੀ ਦਰਸ਼ਕਾਂ ਦੇ ਮਨਾਂ ਉੱਪਰ ਡੂੰਘੀ ਛਾਪ ਛੱਡਦੇ ਹਨ।

**ਗੁਰਦਿਆਲ ਸਿੰਘ ਨਿਮਰ — ਬੈਠਾ ਸੋਢੀ ਪਾਤਿਸਾਹ**

ਗੁਰਦਿਆਲ ਸਿੰਘ ਨਿਮਰ ਦੇ ਸੱਤਵੇਂ ਮਹਾਂ- ਕਾਵਿ ‘ਬੈਠਾ ਸੋਢੀ ਪਾਤਸਾਹ’ ਵਿੱਚ ਗੁਰੂ ਰਾਮਦਾਸ ਜੀ ਦੇ ਜੀਵਨ ਚਰਿੱਤਰ, ਕਾਰਜਾਂ, ਉਪਕਾਰਾਂ, ਮਾਨਵਤਾ ਅਤੇ ਸਿੱਖ ਧਰਮ ਦੀ




ਪ੍ਰਗਤੀ ਤੇ ਹਰਮਨ ਪਿਆਰਤਾ ਲਈ ਕੀਤੇ ਉਪਰਾਲਿਆਂ, ਯਤਨਾਂ ਦਾ ਇਤਿਹਾਸਕ ਅਤੇ ਧਾਰਮਿਕ ਸੰਦਰਭ ਵਿੱਚ




ਬਿਰਤਾਂਤ ਪੇਸ਼ ਕੀਤਾ ਹੈ।

**ਚਰਨ ਪੁਆਧੀ — ਵਿਸ਼ਵ ਬਾਲ ਲੋਕ- ਕਹਾਣੀਆਂ ਤੇ ਭਾਰਤ ਦੇ ਵੀਰ ਬਾਲਕ**

ਚਰਨ ਪੁਆਧੀ ਦੀ ਪੁਸਤਕ ‘ਭਾਰਤ ਦੇ ਵੀਰ ਬਾਲਕ ਪੁਸਤਕ’ ਵਿੱਚ ਦੇਸ਼ ਦੇ ਵੀਰ ਬਾਲਕਾਂ ਦੀਆਂ ਗਾਥਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ‘ਵਿਸ਼ਵ ਬਾਲ ਲੋਕ- ਕਹਾਣੀਆਂ’ ਵਿੱਚ ਚੀਨੀ, ਜਪਾਨੀ ਲੋਕ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਇਹ ਦੋਵੇਂ ਪੁਸਤਕਾਂ ਹੀ ਬਾਲ- ਸਾਹਿਤ ਨਾਲ ਸੰਬੰਧਿਤ ਹਨ। ਚਰਨ ਪੁਆਧੀ ਦੀਆਂ ਰਚਨਾਵਾਂ ਵਿੱਚ ਪੁਆਧ ਦਾ ਰੰਗ ਵਿਸ਼ੇਸ਼ ਰੂਪ ਵਿੱਚ ਪੜ੍ਹਿਆ ਜਾ ਸਕਦਾ ਹੈ।

**ਜੋਗਿੰਦਰ ਕੌਰ ਅਗਨੀਹੋਤਰੀਆ — ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ ਤੇ ਜੱਗਾ**

ਜੋਗਿੰਦਰ ਕੌਰ ਅਗਨੀਹੋਤਰੀ ਨੇ ਆਪਣੀ ਪੁਸਤਕ ‘ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ’ ਵਿੱਚ ਆਪਣੇ ਜੱਦੀ ਪਿੰਡ ‘ਕੋਟ ਲੱਲੂ’ ਦਾ ਇਤਿਹਾਸ ਬਿਆਨਿਆ ਹੈ। ਦੂਜੀ ਪੁਸਤਕ ਬਾਲ- ਨਾਵਲ ‘ਜੱਗਾ’ ਵਿੱਚ ਬਾਲ ਮਨਾਂ ਵਿੱਚ ਉਤਪੰਨ ਵਿਚਾਰਾਂ ਅਤੇ ਮਨੋਭਾਵਾਂ ਨੂੰ ਚਿੱਤਰਿਆ ਗਿਆ ਹੈ। ਚੰਗੀ ਸਕੂਲੀ ਸਿੱਖਿਆ ਕਰਕੇ ਜੱਗਾ (ਨਾਵਲ ਦਾ ਕੇਂਦਰੀ ਪਾਤਰ) ਜਿੱਥੇ ਆਪ ਸੁਧਰ ਗਿਆ ਉੱਥੇ ਉਸਨੇ ਆਪਣੇ ਪਿਤਾ ਤੇ ਭੈਣ ਨੂੰ ਵੀ ਸਹੀ ਰਾਹ ਤੇ ਤੋਰ ਲਿਆ।

**ਤਰਲੋਚਨ ਮੀਰ — ਖ਼ੰਜਰ**

ਤਰਲੋਚਨ ਮੀਰ ਦੇ ਗ਼ਜ਼ਲ- ਸੰਗ੍ਰਹਿ ‘ਖ਼ੰਜਰ’ ਨੂੰ ਪੜ੍ਹਦਿਆਂ ਇੰਝ ਲਗਦਾ ਹੈ ਕਿ ਉਸਦੇ ਅੰਦਰ ਵਿਦਰੋਹ ਦੀ ਭਾਵਨਾ ਪ੍ਰਚੰਡ ਰੂਪ ਵਿੱਚ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਇਨਸਾਨੀ ਕਦਰਾਂ- ਕੀਮਤਾਂ ਦੇ ਹੁੰਦੇ ਘਾਣ ਤੋਂ ਅਸਹਿਜ ਮਹਿਸੂਸ ਕਰਦਾ ਹੈ;

“ਗੁੱਸੇ ਵਿੱਚ ਸੂਰਜ ਖ਼ਫ਼ਾ ਨਦੀ
ਹੋਈ ਕਿੰਨੀ ਭਿਆਨਕ ਸਦੀ।” (ਖ਼ੰਜਰ)

ਮੀਰ ਦੀ ਕਲਮ ਡੂੰਘੇ ਅਰਥ ਸਿਰਜਦੀ ਹੈ। ਉਹ ਆਪਣੇ ਆਸੇ- ਪਾਸੇ ਨੂੰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਮੁਨਾਫਾਖੋਰੀ ਤੋਂ ਮੁਕਤ ਕਰਨਾ ਚਾਹੁੰਦਾ ਹੈ।

**ਡਾ. ਬੀਰਬਲ ਸਿੰਘ — ਕਥਾ ਦੀਪ**

ਡਾ. ਬੀਰਬਲ ਸਿੰਘ ਵੱਲੋਂ ਸੰਪਾਦਤ ਕਹਾਣੀ- ਸੰਗ੍ਰਹਿ ‘ਕਥਾ ਦੀਪ’ ‘ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ’ ਦੇ ਬੀ। ਏ। ਦੇ ਸਿਲੇਬਸ ਵਿੱਚ ਲੱਗਾ ਹੋਇਆ ਹੈ। ਡਾ. ਬੀਰਬਲ ਸਿੰਘ ਹਰਿਆਣਾ ਦੇ ਵਸਨੀਕ ਹਨ।

**ਡਾ. ਬਲਵਾਨ ਔਜਲਾ — ਅੰਤਰ ਯੁੱਧ**

ਡਾ। ਬਲਵਾਨ ਔਜਲਾ ਦੇ ਕਾਵਿ- ਸੰਗ੍ਰਹਿ ‘ਅੰਤਰ ਯੁੱਧ’ ਵਿੱਚ ਅਜੋਕੇ ਸਮਾਜ ਦੇ ਵਿਭਿੰਨ ਪਸਾਰਾਂ ਨੂੰ ਪੇਸ਼ ਕੀਤਾ ਹੈ। ਉਸਨੇ ਕਿਰਸਾਨੀ ਸਮੱਸਿਆਵਾਂ ਨੂੰ ਭਾਵਾਤਮਕ ਸ਼ਬਦਾਂ ਵਿੱਚ ਬਿਆਨ ਕੀਤਾ ਹੈ;

“ਤੂੜੀ ਵਾਲੇ ਕੋਠੇ ਮੈਂ ਝਾਕਿਆ / ਵਾਪਰ ਗਿਆ ਉੱਥੇ ਹੋਰ ਹੀ ਵਾਕਿਆ
ਇੱਕ ਖੂੰਜੇ ਵਿੱਚ ਪਇਆ ਕਰਮ ਸਿਉਂ / ਮਿੱਟੀ ਤੇ ਕਰਜੇ ਨਾਲ




ਖੇਡਦਾ।” (ਅੰਤਰ ਯੁੱਧ)

ਬਲਵਾਨ ਔਜਲਾ ਦੀ ਸ਼ਾਇਰੀ ਮਨੁੱਖਤਾ ਦੀ ਆਪਣੀ ਸ਼ਾਇਰੀ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚ ਜਿੱਥੇ ਮੁਹੱਬਤ ਦੀ ਗੱਲ ਕਰਦਾ ਹੈ ਉੱਥੇ ਹੀ ਭਰੂਣ- ਹੱਤਿਆ, ਵਾਤਾਵਰਨ ਸੰਭਾਲ, ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਸੁਨੇਹਾ, ਅੱਲੜ੍ਹ ਉਮਰ ਦੇ ਇਸ਼ਕ ਅਤੇ ਕਿਰਸਾਨੀ ਮੁਸ਼ਕਿਲਾਂ ਦੀ ਗੱਲ ਵੀ ਸ਼ਿੱਦਤ ਨਾਲ ਕਰਦਾ ਹੈ।

**ਮੀਨਾ ਨਵੀਨ — ਮਰਾਠੀ ਝਲਕਾਰਾ**

ਮੀਨਾ ਨਵੀਨ ਦੀ ਅਨੁਵਾਦ ਪੁਸਤਕ ‘ਮਰਾਠੀ ਝਲਕਾਰਾ’ ਵਿੱਚ ਕੁੱਲ 14 ਮਰਾਠੀ ਕਹਾਣੀਆਂ ਹਨ। ਇਹਨਾਂ ਵਿੱਚ ‘ਕੁੰਦਾ ਜੋਗਵਾਲ’ ਦੀਆਂ ਸੱਤ ਕਹਾਣੀਆਂ, ‘ਜੈ ਸ਼੍ਰੀ ਜੋਸ਼ੀ’ ਦੀਆਂ ਚਾਰ ਕਹਾਣੀਆਂ ਤੇ ‘ਡਾ। ਉਮਾ ਕੰਪੂਵਾਲੇ’ ਦੀਆਂ ਤਿੰਨ ਕਹਾਣੀਆਂ ਸ਼ਾਮਿਲ ਹਨ।

‘ਮਰਾਠੀ ਝਲਕਾਰਾ’ ਪੜ੍ਹਦਿਆਂ ਲਗਦਾ ਹੈ; ਜਿਹੜੇ ਸਰੋਕਾਰ ਅਤੇ ਸਮੱਸਿਆਵਾਂ ਪੰਜਾਬੀ ਸੱਭਿਆਚਾਰ ਵਿੱਚ ਪਏ ਹਨ ਉਹੀ ਸਰੋਕਾਰ ਅਤੇ ਸਮੱਸਿਆਵਾਂ ਮਰਾਠੀ ਸੱਭਿਆਚਾਰ ਵਿੱਚ ਵੀ ਮਿਲਦੇ ਹਨ।

**ਰਜਨੀ — ਕੂਲੇ ਕੰਡੇ**

ਰਜਨੀ ਦੇ ਪਲੇਠੇ ਕਹਾਣੀ- ਸੰਗ੍ਰਹਿ ‘ਕੂਲੇ ਕੰਡੇ’ ਵਿੱਚ ਕੁੱਲ 50 ਪੰਜਾਬੀ ਕਹਾਣੀਆਂ ਸ਼ਾਮਿਲ ਹਨ। ‘ਕੂਲੇ ਕੰਡੇ’ ਪੜ੍ਹਦਿਆਂ ਪਾਠਕ ਦੀ ਮਾਨਵੀ ਚੇਤਨਾ ਜਾਗ੍ਰਤ ਹੁੰਦੀ ਹੈ। ਇਹ ਕਹਾਣੀ- ਸੰਗ੍ਰਹਿ ਕੋਮਲ ਮਨੋਭਾਵਾਂ, ਸੂਖਮ ਸੰਵੇਦਨਾਵਾਂ ਅਤੇ ਡੂੰਘੇ ਵਿਚਾਰਾਂ ਦੀਆਂ ਪਰਤਾਂ ਫਰੋਲਦਾ ਜਾਪਦਾ ਹੈ।

**ਲਖਵਿੰਦਰ ਸਿੰਘ ਬਾਜਵਾ — ਮੈਂ ਲੇਖਕ ਕਿਵੇਂ ਬਣਿਆ ਤੇ ਗ਼ਮਲੇ ਦਾ ਬੂਟਾ**

ਲਖਵਿੰਦਰ ਸਿੰਘ ਬਾਜਵਾ ਦੇ ਕਹਾਣੀ- ਸੰਗ੍ਰਹਿ ‘ਗ਼ਮਲੇ ਦਾ ਬੂਟਾ’ ਦੀਆਂ ਕਹਾਣੀਆਂ ਦੇ ਪਾਤਰ ਆਮ ਪੇਂਡੂ ਜੀਵਨ ਵਿੱਚੋਂ ਹਨ। ਕਹਾਣੀਕਾਰ ਨੂੰ ਪੇਂਡੂ ਜੀਵਨ ਦਾ ਡੂੰਘਾ ਅਨੁਭਵ ਹੈ। ਉਹ ਆਪ ਕਿਰਸਾਨੀ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਉਸਦੀਆਂ ਕਹਾਣੀਆਂ ਆਮ ਮਨੁੱਖ ਦੀਆਂ ਕਹਾਣੀਆਂ ਹੁੰਦੀਆਂ ਹਨ।

ਸਾਹਿਤਕ ਸ੍ਵੈ ਜੀਵਨੀ ‘ਮੈਂ ਲੇਖਕ ਕਿਵੇਂ ਬਣਿਆ’ ਵਿੱਚ ਲੇਖਕ ਨੇ ਆਪਣੇ ਜੀਵਨ ਦੇ ਅਨੁਭਵ ਨੂੰ ਸਰਲ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਉਹ ਆਪਣੇ ਬਚਪਨ ਤੋਂ ਗੱਲ ਸ਼ੁਰੂ ਕਰਕੇ, ਚੜ੍ਹਦੀ ਜਵਾਨੀ ਤੇ ਬੁਢਾਪੇ ਵੱਲ ਦਾ ਚਿੱਤਰਨ ਬਾਖ਼ੂਬੀ ਪੇਸ਼ ਕਰਦਾ ਹੈ।

ਨੋਟ- ਉਪਰੋਕਤ ਪੰਜਾਬੀ ਪੁਸਤਕਾਂ ਤੋਂ ਇਲਾਵਾ ਵੀ ਕੁਝ ਹੋਰ ਪੰਜਾਬੀ ਪੁਸਤਕਾਂ ਛਪੀਆਂ ਹੋ ਸਕਦੀਆਂ ਹਨ ਪਰ! ਉਹਨਾਂ ਬਾਰੇ (ਲੇਖ ਲਿਖੇ ਜਾਣ ਤੱਕ) ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ।

**ਆਖ਼ਰ ਵਿੱਚ : -**

ਹਰ ਸਾਲ ਦੇ ਵਾਂਗ ਇਸ ਸਾਲ 2024 ਵਿੱਚ ਵੀ ਹਰਿਆਣੇ ਦੇ ਪੰਜਾਬੀ ਲੇਖਕਾਂ ਨੇ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਭਰਪੂਰ ਹਾਜ਼ਰੀ ਲਵਾਈ ਹੈ। ਸ਼ਾਲਾ! ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਇਹ ਦੀਵਾ ਇੰਝ ਹੀ ਜਗਦਾ ਰਹੇ।

# ਸ੍ਰੀ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਦੀਆਂ ਸੜਕਾਂ, ਸਫਾਈ ਦਾ ਧਿਆਨ ਸਾਲ ਬਾਅਦ ਹੀ ਕਿਉਂ?



ਮੇਜਰ ਸਿੰਘ ਨਾਭਾ
91-94635-53962

ਪੰਜਾਬ ਅੰਦਰ ਸਿੱਖ ਗੁਰੂਆਂ ਨਾਲ ਸਬੰਧਤ ਧਾਰਮਿਕ ਇਤਿਹਾਸਕ ਸਥਾਨਾਂ ਦੀ ਅਹਿਮ ਮਹੱਤਤਾ ਹੈ । ਜੇਕਰ ਸ੍ਰੀ ਫਤਿਹਗੜ੍ਹ ਸਾਹਿਬ ਦੀ ਗੱਲ ਕਰੀਏ ਤਾਂ ਇਸ ਛੋਟੇ ਸਾਹਿਬਜ਼ਾਦਿਆਂ ਦੇ ਖੂਨ ਨਾਲ ਲਬਰੇਜ਼ ਹੋਣ ਕਾਰਨ ਜੁਲਮ ਦੇ ਜਬਰ ਦੀ ਦਸਤਾਨ ਦਰਸਾਉਂਦੀ ਹੈ। ਹਰੇਕ ਸਾਲ ਇਸ ਧਰਤੀ ਉੱਪਰ ਪੋਹ ਦੇ ਮਹੀਨੇ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਦਿਨਾਂ ਲਈ ਸ਼ਹੀਦੀ ਜੌੜ ਮੇਲ ਮਨਾਇਆ ਜਾਂਦਾ ਹੈ । ਦਸੰਬਰ ਦੇ ਪਹਿਲੇ ਹਫਤੇ ਹੀ ਹਜ਼ਾਰਾਂ ਸੰਗਤਾਂ ਦੂਰ-ਦੁਰਾਡੇ ਤੋਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ।ਐਤਵਾਰ ਵਾਲੇ ਦਿਨ ਤਾਂ ਸੰਗਤਾਂ ਬਹੁਤਾਤ ਗਿਣਤੀ 'ਚ ਨਤਮਸਤਕ ਹੁੰਦੀਆਂ ਹਨ । ਜਿਸ ਸਦਕਾ ਸੜਕਾਂ ਉੱਪਰ ਆਵਾਜਾਈ 'ਚ ਵਿਘਨ ਪੈਣਾ ਲਾਜ਼ਮੀ ਹੈ ।ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਪਿਛਲੇ ਦਿਨੀਂ ਉੱਚ ਅਧਿਕਾਰੀਆਂ ਦੀ ਮੀਟਿੰਗ ਵਿੱਚ ਸ਼ਹੀਦੀ ਜੋੜ-ਮੇਲ ਤੋਂ ਪਹਿਲਾਂ ਸੜਕਾਂ ਦੀ ਮੁਰੰਮਤ ਪਹਿਲ ਦੇ ਆਧਾਰ ਉੱਪਰ ਕਰਨ ਦੇ ਆਦੇਸ਼ ਦਿੱਤੇ ਸੀ ਪਰ ਬੜਾ ਅਫਸੋਸ ਜਿਸ ਪਵਿੱਤਰ ਧਰਤੀ ਉੱਪਰ ਲੱਖਾਂ ਸੰਗਤਾਂ ਦੇਸ਼ ਦੇ ਹਰ ਕੋਨੇ ਅਤੇ ਵਿਦੇਸ਼ਾਂ ਤੋਂ ਸਰਧਾ ਦੇ ਫੁਲ ਭੇਟ ਕਰਨ ਆਉਂਦੀਆਂ ਹਨ ਉਨ੍ਹਾਂ ਲਈ ਇਸ ਪਵਿੱਤਰ ਸ਼ਹਿਰ ਦੀ ਹੱਦ ਅੰਦਰ ਦਾਖ਼ਲ ਹੁੰਦੀਆਂ ਸਾਰੀਆਂ ਸੜਕਾਂ ਖਸ਼ਤਾ ਹਾਲਤ ਵਿੱਚ ਸਵਾਗਤ ਕਰਦੀਆਂ ਹਨ । ਜਿਲ੍ਹੇ ਦੀ ਹੱਦ ਅੰਦਰਲੀਆਂ ਸੜਕਾਂ ਉੱਪਰ ਟੋਏ, ਡੂੰਘੇ ਖੱਡੇ ਆਮ ਹਨ । ਜਦੋਂ ਕਿ ਦਸੰਬਰ ਦੇ ਦੂਸਰੇ ਹਫਤੇ ਤੱਕ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਹੋਇਆ।

ਸਿਰਫ ਸ਼ਹੀਦੀ ਜੋੜ ਮੇਲ ਵਿੱਚ ਦੋ ਹਫਤੇ ਦਾ ਸਮਾਂ ਰਹਿ ਗਿਆ ਹੈ , ਨੇੜਲੇ ਦਿਨਾਂ ਦੌਰਾਨ ਸੜਕਾਂ ਉੱਪਰ ਸੰਗਤਾਂ ਦਾ ਸੈਲਾਬ ਆ ਜਾਂਦਾ ਹੈ ਜਿਸ ਕਾਰਨ ਸੜਕਾਂ ਦੀ ਮੁਰੰਮਤ ਕਰਨਾ ਔਖਾ ਹੋਵੇਗਾ ।ਸੰਗਤਾਂ ਨੂੰ ਵੀ ਦਿੱਕਤ ਆਵੇਗੀ ।ਇਸੇ ਸੰਦਰਭ ਵਿੱਚ ਮੁੱਖ ਮੰਤਰੀ ਪੰਜਾਬ ਨੇ 9 ਦਸੰਬਰ ਨੂੰ ਜਿਲ੍ਹੇ ਦੇ ਉੱਚ ਅਧਿਕਾਰੀਆਂ ਦੀ ਮਟਿੰਗ ਕਰਕੇ ਆਪਣੀ ਨਿਗਰਾਨੀ ਹੇਠ ਸੰਗਤਾਂ ਲਈ ਸਾਰੇ ਲੌੜੀਂਦੇ ਪ੍ਰਬੰਧਾਂ ਨੂੰ ਕਰਨ ਲਈ ਸਮਾਂਬੱਧ ਕੀਤਾ ਹੈ ।ਸੜਕਾਂ ਦੀ ਮੁਰੰਮਤ ਦਾ ਕੰਮ ਤੁਰੰਤ ਕਰਨ ਲਈ ਆਦੇਸ਼ ਦਿੱਤੇ ਹਨ। ਸਾਰੇ ਸਹਿਰ ਦੀ ਦਿੱਖ ਨਿਖਾਰਨ ਦੀ ਗੱਲ ਵੀ ਕੀਤੀ ਹੈ ਜੋ ਵਧੀਆ ਗੱਲ ਹੈ ਜੋ ਇਸ ਪਵਿੱਤਰ ਧਰਤੀ ਲਈ ਹੋਣੀ ਵੀ ਚਾਹੀਦੀ ਹੈ।

ਪਰ ਸਰਕਾਰ ਕਿਉਂ ਨਹੀਂ ਸਮਝਦੀ ਇਹ ਕੋਈ ਇੱਕ ਸਾਲ ਦਾ ਕੰਮ ਨਹੀਂ ਸਗੋਂ ਸੰਗਤਾਂ ਤਾਂ ਸਾਰਾ ਸਾਲ ਇਸ ਧਰਤੀ ਦੇ ਦਰਸ਼ਨ ਕਰਨ ਆਉਂਦੀਆਂ ਰਹਿੰਦੀਆਂ ਹਨ । ਇਹ ਸਾਰੀਆਂ ਗੱਲਾਂ ਸਾਰਾ ਸਾਲ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਭਾਦਸੋਂ ਤੋਂ ਸਰਹੰਦ ਆਉਂਦੇ ਸਮੇਂ ਕਈ ਥਾਵਾਂ ਉੱਪਰ ਐਨੇ ਡੂੰਘੇ ਟੋਏ ਹਨ ਕਿ ਤੇਜ਼ ਸਪੀਡ ਤੇ ਜਾ ਰਹੀਆਂ ਗੱਡੀਆਂ ਅਚਾਨਕ ਹੀ ਧੜੱਮ ਕਰਕੇ ਖੱਡੇ 'ਚੋਂ ਲੰਘਦੀਆਂ ਹਨ ਜਿਸ ਕਰਕੇ ਕਿਸੇ ਵੀ ਗੱਡੀ ਨਾਲ ਦੁਰਘਟਨਾ ਵਾਪਰ ਸਕਦੀ ਹੈ, ਗੱਡੀਆਂ ਦਾ ਨੁਕਸਾਨ ਤਾਂ ਹੁੰਦਾ ਹੀ ਹੈ। ਸ੍ਰੀ ਫਤਿਹਗੜ੍ਹ ਸਾਹਿਬ ਦੀ ਹੱਦ ਅੰਦਰ ਦਾਖਲ ਹੁੰਦਿਆਂ ਸਾਰੀਆਂ ਸੜਕਾਂ ਦਾ ਮਾੜਾ ਹਾਲ ਹੈ।

ਇਸੇ ਤਰ੍ਹਾਂ ਬੱਸੀ ਪਠਾਨਾਂ ਤੋਂ ਦਾਖਲ ਹੁੰਦਿਆਂ ਵੀ ਇਹੋ ਹਾਲ ਹੈ, ਪਿੰਡਾਂ 'ਚੋਂ ਭਾਰੀ ਸੰਖਿਆ ਵਿੱਚ ਸੰਗਤ ਆਉਂਦੀ ਹੈ, ਲਿੰਕ ਰੋਡਾਂ ਦਾ ਵੀ ਰੱਬ ਹੀ ਰਾਖਾ ਹੈ। ਹਰੇਕ ਸਾਲ ਮਾੜੀ ਮੋਟੀ ਪੋਚਾ ਪਾਚੀ ਸ਼ਹੀਦੀ ਜੋੜ ਮੇਲ ਦੇ ਐਨ ਨੇੜੇ ਆਉਣ ਤੇ ਕਾਹਲੀ ਨਾਲ ਘਟੀਆ ਮਟੀਰੀਅਲ ਨਾਲ ਕਰ ਦਿੱਤੀ ਜਾਂਦੀ ਹੈ, ਫਿਰ ਥੋੜੇ ਸਮੇਂ ਬਾਦ ਸੜਕਾਂ ਦਾ ਉਹੀ ਹਾਲ ਹੋ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਇਤਿਹਾਸਕ ਧਾਰਮਿਕ ਸਥਾਨਾਂ ਨੂੰ ਆਪ ਮੂਹਰੇ ਹੋ ਕੇ ਸੁੰਦਰੀਕਰਨ ਬਣਾਉਣ ਦਾ ਕੰਮ ਸੰਗਤਾਂ ਦੇ ਸਹਿਯੋਗ ਨਾਲ ਕਰਾਉਣਾ ਚਾਹੀਦਾ ਹੈ, ਜਿਸ ਨੂੰ ਆਪ ਹੀ ਸੰਗਤਾਂ ਨੇ ਪੂਰਾ ਕਰ ਦੇਣਾ ਹੈ ਸਿਰਫ ਲੋੜ ਹੈ ਅਗਵਾਈ ਕਰਨ ਦੀ। ਇਹ ਮਸਲਾ ਪਹਿਲ ਦੇ ਆਧਾਰ ਉੱਪਰ ਕਮੇਟੀ ਨੂੰ ਸਰਕਾਰ ਕੋਲ ਉਠਾਉਣਾ ਵੀ ਚਾਹੀਦਾ ਹੈ ਹਲਕੇ ਦੇ ਮੈਂਬਰ ਨੂੰ ਵੀ ਇੱਧਰ ਧਿਆਨ ਦੇਣਾ ਚਾਹੀਦਾ ਹੈ।

ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਖੁਦ ਸੜਕਾਂ ਦਾ ਮੁਆਇਨਾ ਸਮੇਂ ਸਮੇਂ ਸਿਰ ਕਰਦੇ ਰਹਿਣਾ ਚਾਹੀਦਾ ਹੈ ਮੌਕੇ ਤੇ ਹੀ ਖਰਾਬ ਸੜਕਾਂ ਠੀਕ ਕਰਨ ਦੀ ਅਧਿਕਾਰੀਆਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਤਾਂ ਕਿ ਇਸ ਪਵਿੱਤਰ ਸ਼ਹਿਰ ਦੀ ਦਿੱਖ ਬਾਹਰਲੀ ਸੰਗਤ ਸਾਹਮਣੇ ਚੰਗੀ ਬਣ ਸਕੇ। ਹੁਣ ਦੇਖਦੇ ਹਾਂ ਮੁੱਖ ਮੰਤਰੀ ਦੇ ਆਦੇਸ਼ਾਂ ਦੀ ਪਾਲਣਾ ਕਿੰਨੀ ਕੁ ਜਲਦੀ ਅਤੇ ਕਿੰਨੀ ਕੁ ਪੂਰ ਉੱਤਰਦੀ ਹੈ। ਇਹ ਥੋੜੇ ਸਮੇਂ 'ਚ ਹੀ ਪਤਾ ਲੱਗ ਜਾਵੇਗਾ।

## ਨੌਜਵਾਨਾਂ ਲਈ ਮਾਰਗ-ਦਰਸ਼ਕ ਨੇਵੀ 'ਚ ਸੇਵਾ ਨਿਭਾਉਣ ਵਾਲਾ ਗੁਰਚਰਨ ਸਿੰਘ ਚੀਫ ਪੈਟੀ ਅਫਸਰ

ਗੁਰਚਰਨ ਸਿੰਘ ਦਾ ਜਨਮ ਪਿੰਡ ਦੁਧਾਲ ਜਿਲ੍ਹਾ ਲੁਧਿਆਣਾ ਵਿਖੇ 7 ਅਕਤੂਬਰ 1955 ਨੂੰ ਮਾਤਾ ਸਵ: ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖ ਤੋਂ ਪਿਤਾ ਸਵ: ਸ੍ਰ. ਮਾਨ ਸਿੰਘ ਦੇ ਘਰ ਹੋਇਆ। ਉਸ ਦੇ ਪਿਤਾ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ ਜੋ ਸਿਲਾਈ ਦਾ ਕੰਮ ਕਰਦੇ ਸਨ। ਉਸ ਦੀ ਵੱਡੀ ਭੈਣ ਬਲਵਿੰਦਰ ਕੌਰ ਅਤੇ ਛੋਟਾ ਭਰਾ ਸਵਰਨ ਸਿੰਘ (ਮਲੌਦ) ਹਨ।



ਗੁਰਚਰਨ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਹੀ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕਰਕੇ 1972 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ। ਇਸ ਉਪਰੰਤ ਉਸ ਦੀ ਸਿਲੈਕਸਨ ਨੇਵੀ ਵਿੱਚ ਹੋ ਗਈ। ਉਸ ਨੇ 25 ਜਨਵਰੀ 1973 ਨੂੰ ਇੰਡੀਅਨ ਨੇਵੀ ਵਿੱਚ ਹਾਜ਼ਰੀ ਦਿੱਤੀ ਅਤੇ ਉਸ ਨੇ ਆਪਣੀ ਡਿਊਟੀ ਇਮਾਨਦਾਰੀ ਅਤੇ ਦ੍ਰਿੜ ਇਰਾਦੇ ਨਾਲ ਕੀਤੀ। ਉਹ ਡੈਪੁਟੇਸ਼ਨ ਉੱਪਰ ਇੰਗਲੈਂਡ 'ਚ 7 ਮਈ 1986 ਤੋਂ 22 ਅਗਸਤ 1987 ਤੱਕ ਆਪਣੀ ਡਿਊਟੀ ਉੱਪਰ ਰਹੇ। ਉਨ੍ਹਾਂ ਦੀਆਂ ਵਧੀਆ ਸੇਵਾਵਾਂ ਸਦਕਾ ਉਨ੍ਹਾਂ ਨੂੰ ਬਹੁਤ ਸਾਰੇ ਸਨਮਾਨ, ਨੌ ਸਾਲਾ ਮੈਡਲ, ਅੰਡੇਮਾਨ ਅਤੇ ਨਿਕੋਬਾਰ ਸੇਵਾ ਮੈਡਲ ਮਿਲੇ। ਉਨ੍ਹਾਂ ਨੇ ਵਿਰਾਟ (1986) ਸਿਪ ਵਿੱਚ ਕੰਮ ਕੀਤਾ। ਉਨ੍ਹਾਂ ਨੇ ਨੇਵੀ 'ਚੋਂ ਚੀਫ ਪੈਟੀ ਅਫਸਰ ਵਜੋਂ ਸੇਵਾ ਨਿਭਾਉਂਦੇ ਹੋਏ 19 ਸਾਲ 6 ਦਿਨ ਦੀ ਡਿਊਟੀ ਨਿਭਾ ਕੇ ਸੇਵਾ ਮੁਕਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੀ ਸਾਰੀ ਡਿਊਟੀ ਇਮਾਨਦਾਰੀ ਅਤੇ ਦ੍ਰਿੜ ਇਰਾਦੇ ਨਾਲ ਕੀਤੀ।

ਸੇਵਾ ਮੁਕਤੀ ਤੋਂ ਬਾਅਦ ਗੁਰਚਰਨ ਸਿੰਘ ਨੇ ਕਈ ਕੰਮਾਂ ਨੂੰ ਸ਼ੁਰੂ ਕੀਤਾ ਕਿਉਂ ਕਿ ਉਨ੍ਹਾਂ ਅੰਦਰ ਵਿਸਵਾਸ਼, ਊਰਜਾ, ਜਜ਼ਬਾ, ਦ੍ਰਿੜ ਇਰਾਦਾ ਉਨ੍ਹਾਂ ਨੂੰ ਆਰਾਮ ਨਹੀਂ ਸਗੋਂ ਕੁਝ ਨਵਾਂ ਕਰਨ ਲਈ ਪ੍ਰੇਰਦਾ ਰਿਹਾ। ਉਨ੍ਹਾਂ ਨੇ ਕਿਸੇ ਵੀ ਕੰਮ ਨੂੰ ਸ਼ੁਰੂ ਕਰਨ ਲਈ ਸਕਾਰਾਤਮਕ ਸੋਚ ਨਾਲ ਅੱਗੇ ਵੱਧਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜੋ ਵਿਰਲੇ ਲੋਕ ਹੀ ਕਰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਸੰਘਰਸ਼ਮਈ ਰਹੀ ਅਤੇ ਹਰੇਕ ਕੰਮ ਨੂੰ ਚੁਣੌਤੀ ਭਰਿਆ ਸਮਝ ਕੇ ਸਫਲਤਾ ਨਾਲ ਕਰਨ ਦੀ ਮਨ 'ਚ ਤਾਂਘ ਰੱਖੀ। ਉਨ੍ਹਾਂ ਨੇ ਦੁਕਾਨਦਾਰੀ, ਡੇਅਰੀ ਫਾਰਮਿੰਗ, ਕੇਬਲ ਨੈਟਵਰਕ ਦੇ ਕੰਮ ਕੀਤੇ। ਇਨ੍ਹਾਂ ਤੋਂ ਬਾਅਦ ਉਨ੍ਹਾਂ ਨੇ ਇੱਕ ਟਰੇਡਿੰਗ ਕੰਪਨੀ ਜੁਆਇਨ ਕਰ ਲਈ ਜਿਸ ਵਿੱਚ ਉਨ੍ਹਾਂ ਦਾ ਬਹੁਤਾ ਸਮਾਂ ਦੱਖਣੀ ਭਾਰਤ ਦੇ ਰਾਜਾਂ ਦੇ ਟੂਰ 'ਚ ਲੰਘਦਾ ਸੀ । ਉਨ੍ਹਾਂ ਨੂੰ ਪਿਛਲੇ ਦਿਨੀਂ ਕਰਨਾਟਕਾ ਦੇ ਟੂਰ ਉੱਪਰ ਗਏ ਨੂੰ ਹੁਬਲੀ 'ਚ ਸਰੀਰਕ ਸਮੱਸਿਆ ਆ ਗਈ, ਫੂਡ ਪਾਈਪ 'ਚ ਹੋਲ ਹੋਣ ਕਾਰਨ ਲੀਵਰ ਕੰਮ ਕਰਨਾ ਬੰਦ ਕਰ ਗਿਆ ਅਤੇ 6 ਦਸੰਬਰ 2024 ਨੂੰ ਇਸ ਦੁਨੀਆ ਨੂੰ ਉਹ ਅਲਵਿਦਾ ਕਹਿ ਗਏ। ਉਹ ਸਮਾਜ ਦੇ ਅੱਜ ਦੇ ਨੌਜਵਾਨਾਂ ਲਈ ਇੱਕ ਮਾਰਗ-ਦਰਸ਼ਕ ਸਨ। ਤਕਰੀਬਨ 70 ਸਾਲ ਦੀ ਉਮਰ ਵਿੱਚ ਨੌਜਵਾਨ ਵਾਲੀ ਫੁਰਤੀ ਵਾਲਾ ਗੁਰਚਰਨ ਸਿੰਘ ਆਪਣੇ ਕੰਮ ਨੂੰ ਸਫਲਤਾ ਪੂਰਵਕ ਨਿਭਾ ਰਿਹਾ ਸੀ। ਉਹ ਮਿਹਨਤੀ, ਹੱਸਮੁੱਖ, ਅਗਾਂਹਵਧੂ ਸੋਚ, ਮਿਲਾਪੜੇ ਸੁਭਾਅ, ਦੁੱਖ-ਸੁੱਖ ਦਾ ਸਰੀਕ ਹੋਣ ਵਾਲੀ ਸਖਸ਼ੀਅਤ ਸੀ। ਉਹ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿਣ ਵਾਲੇ ਸਨ । ਉਨ੍ਹਾਂ ਦਾ ਵਿਆਹ ਹਰਜੀਤ ਕੌਰ (ਮਦਨੀਪੁਰ) ਨਾਲ ਹੋਇਆ । ਉਸ ਦੀ ਬੇਟੀ ਨਵਪ੍ਰੀਤ ਕੌਰ (ਲੈਕਚਰਾਰ) ਆਪਣੇ ਪਤੀ ਪ੍ਰੀਤਕਮਲ ਸਿੰਘ ਅਤੇ ਬੇਟੀ ਨਵਕਮਲ ਖੋਸਾ ਨਾਲ ਅਹਿਮਦਗੜ੍ਹ ਮੰਡੀ ਵਿਖੇ ਰਹਿ ਰਹੇ ਹਨ। ਮਲੌਦ ਵਿਖੇ ਰਹਿ ਰਹੇ ਉਨ੍ਹਾਂ ਦੇ ਪਰਿਵਾਰ ਵਿੱਚ ਬੇਟਾ ਪ੍ਰੀਤਪਾਲ ਸਿੰਘ, ਨੂੰਹ ਰੁਪਿੰਦਰ ਕੌਰ ਅਤੇ ਪੋਤਰੀ ਮਹਿਕਪ੍ਰੀਤ ਕੌਰ ਹਨ । ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ ਅਤੇ ਕੀਰਤਨ 13 ਦਸੰਬਰ 2024 ਦਿਨ ਸੁਕਰਵਾਰ ਨੂੰ ਗੁਰਦੁਆਰਾ ਸ਼ਬਦ ਪ੍ਰਕਾਸ਼ ਮਲੌਦ ਵਿਖੇ 12 ਵਜੇ ਤੋਂ 1 ਵਜੇ ਤੱਕ ਹੋਵੇਗਾ।

## ਜਮਹੂਰੀ ਜਥੇਬੰਦੀਆਂ ਵੱਲੋਂ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਜੋਸ਼ ਭਰਪੂਰ ਰੈਲੀ ਕਰਕੇ ਕੀਤਾ ਮਾਰਚ

### ਅਧਿਕਾਰਾਂ ਦੀ ਰਾਖੀ ਲਈ ਇਨ੍ਹਾਂ ਤੋਂ ਜਾਣੂ ਹੋਣ ਦੀ ਅਤੇ ਵਿਸ਼ਾਲ ਜਥੇਬੰਦਕ ਏਕਾ ਦੀ ਜਰੂਰਤ: ਜਥੇਬੰਦਕ ਆਗੂ

**ਬਰਨਾਲਾ, (ਦਲਜੀਤ ਕੌਰ)** ਅੱਜ ਜਮਹੂਰੀ ਅਧਿਕਾਰ ਸਭਾ ਅਤੇ ਤਰਕਸ਼ੀਲ ਸੁਸਾਇਟੀ ਦੇ ਸਾਂਝੇ ਮੁਹਾਜ਼ ਦੇ ਸੱਦੇ 'ਤੇ ਬਰਨਾਲਾ ਜਿਲ੍ਹੇ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਨੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ। ਰੇਲਵੇ ਸਟੇਸ਼ਨ ਬਰਨਾਲਾ 'ਤੇ ਆਯੋਜਿਤ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮਨੁੱਖੀ ਅਧਿ-ਕਾਰ ਹਾਸਲ ਕਰਨ ਲਈ ਸੰਸਾਰ ਭਰ ਦੇ ਲੋਕਾਂ ਦੁਆਰਾ ਕੀਤੀ ਕਈ ਸਦੀਆਂ ਦੀ ਜਦੋਜਹਿਦ 'ਤੇ ਰੋਸ਼ਨੀ ਪਾਉਂਦਿਆ ਕਿਹਾ ਕਿ ਮਨੁੱਖੀ ਅਧਿਕਾਰ ਸੰਸਾਰ ਭਰ ਦੇ ਸ਼ਾਸ਼ਕਾਂ ਨੇ ਕੋਈ ਖੈਰਾਤ ਵਿਚ ਨਹੀਂ ਦਿੱਤੇ।




ਇਸ ਰੈਲੀ ਨੂੰ ਤਰਕਸ਼ੀਲ ਸੁਸਾਇਟੀ ਦੇ ਮਾਸਟਰ ਰਾਜਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਆਗੂ ਸੋਹਣ ਸਿੰਘ ਮਾਝੀ ਡੀਟੀਐੱਫ ਦੇ ਰਾਜੀਵ ਕੁਮਾਰ, ਬੀਕੇਯੂ ਡਕੌਂਦਾ ਧਨੇਰ ਦੇ ਭੋਲਾ ਸਿੰਘ ਛੰਨਾ, ਬੀਕੇਯੂ ਉਗਰਾਹਾਂ ਦੀ ਆਗੂ ਕਮਲਜੀਤ ਕੌਰ, ਮਜ਼ਦੂਰ ਅਧਿਕਾਰ ਅੰਦੋਲਨ ਦੇ ਲਾਭ ਸਿੰਘ ਅਕਲੀਆ, ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਪਵਿੱਤਰ ਸਿੰਘ ਲਾਲੀ, ਪੰਜਾਬ ਕਿਸਾਨ ਯੂਨੀਅਨ ਦੇ ਜੱਗਾ ਸਿੰਘ, ਪਲਸ ਮੰਚ ਦੇ ਮਾਸਟਰ ਰਾਮ ਕੁਮਾਰ, ਪੰਜਾਬ ਤੇ ਚੰਡੀਗੜ੍ਹ ਵਰਕਿੰਗ ਜਰਨਲਿਸਟ ਯੂਨੀਅਨ ਦੇ ਜਗਸੀਰ ਸਿੰਘ ਸੰਧੂ, ਪੀਐੱਸਯੂ ਆਗੂ ਸੁਖਦੀਪ ਸਿੰਘ ਹਥਨ, ਡੀਐੱਮਐੱਫ ਆਗੂ ਮਿਲਖਾ ਸਿੰਘ, ਬੀਕੈਯੂ ਡਕੌਂਦਾ ਬੂਟਾ ਬੁਰਜਗਿੱਲ ਦੇ ਸਿਕੰਦਰ ਸਿੰਘ ਭੂਰੇ ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕੀ ਇਹ ਸੰਸਾਰ ਭਰ ਦੇ ਲੱਖਾਂ ਕਰੋੜਾਂ ਲੋਕਾਂ ਦੀਆਂ ਕੁਰਬਾਨੀਆਂ ਦਾ ਹੀ ਸਿੱਟਾ ਸੀ ਕਿ ਯੂ.ਐਨ. ਨੇ 10 ਦਸੰਬਰ 1948 ਨੂੰ "ਮਨੁੱਖੀ ਅਧਿਕਾਰਾਂ ਦਾ ਯੂਨੀਵਰਸਲ ਐਲਾਨਨਾਮਾ" ਜਾਰੀ ਕੀਤਾ। ਹਾਲਾਂਕਿ ਸਨਮਾਨਜਨਕ ਤੇ ਅਰਥ-ਭਰਪੂਰ ਸਾਰਥਿਕ ਜ਼ਿੰਦਗੀ ਜਿਉਣ ਲਈ ਇਹ ਅਧਿਕਾਰ ਕਾਫੀ ਨਹੀਂ ਅਤੇ ਹੋਰ ਬਹੁਤ ਸਾਰੇ ਜਮਹੂਰੀ ਅਧਿਕਾਰਾਂ ਦੀ ਜ਼ਰੂਰਤ ਹੈ ਪਰ ਇਨ੍ਹਾਂ ਹਾਸਲ ਅਧਿਕਾਰਾਂ ਨੂੰ ਵੀ ਸਮੇਂ ਦੀਆਂ ਸਰਕਾਰਾਂ ਤੋਂ ਲਾਗੂ ਕਰਵਾਉਣ ਲਈ ਇਨ੍ਹਾਂ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਅਤੇ ਇਨ੍ਹਾਂ ਦੀ ਰਾਖੀ ਲਈ ਵਿਸ਼ਾਲ ਜਥੇਬੰਦਕ ਏਕੇ ਦੇ ਸਹਾਰੇ ਲਗਾਤਾਰ ਸੰਘਰਸ਼ ਕਰਨ ਦੀ ਜ਼ਰੂਰਤ ਹੈ। ਜਥੇਬੰਦਕ ਆਗੂਆਂ ਨੇ ਅੱਗੇ ਕਿਹਾ ਕਿ ਭਾਵੇਂ ਭਾਰਤ ਇਸ ਐਲਾਨਨਾਮੇ ਉਪਰ ਸਹੀ ਪਾਉਣ ਵਾਲੇ ਮੁਲਕਾਂ ਦੀ ਲਿਸਟ ਵਿਚ ਸ਼ਾਮਲ ਹੈ ਪ੍ਰੰਤੂ ਭਾਰਤ ਸਰਕਾਰ ਆਏ ਦਿਨ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀ ਰਹਿੰਦੀ ਹੈ। 'ਬੁਲਡੋਜ਼ਰ ਨਿਆਂ'।

ਝੂਠੇ ਪੁਲਿਸ ਮੁਕਾਬਲੇ, ਸਿਆਸੀ ਅਸਹਿਮਤ ਕਾਰਕੁਨਾਂ ਨੂੰ ਬਗੈਰ ਮੁਕੱਦਮਾ ਚਲਾਏ ਸਾਲਾਂਬੱਧੀ ਜੇਲ੍ਹਾਂ ਵਿਚ ਸੁੱਟੀ ਰੱਖਣਾ, ਬੋਲਣ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁਟਣਾ ਆਦਿ ਤਾਂ ਇਨ੍ਹਾਂ ਹਮਲਿਆਂ ਦੀ ਬਹੁਤ ਲੰਬੀ ਲਿਸਟ ਦੀ ਇਕ ਝਲਕ ਮਾਤਰ ਹੈ। ਰੈਲੀ ਉਪਰੰਤ ਸ਼ਹਿਰ ਦੇ ਸਦਰ ਬਾਜ਼ਾਰ ਅਤੇ ਫਰਵਾਹੀ ਬਾਜ਼ਾਰ ਵਿਚੋਂ ਦੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਮਾਰਚ ਕੀਤਾ ਗਿਆ ਅਤੇ ਜ਼ੋਸ ਭਰਪੂਰ ਨਾਹਰਿਆਂ ਨਾਲ ਸਰਕਾਰਾਂ ਨੂੰ ਇਨ੍ਹਾਂ ਅਧਿਕਾਰਾਂ ਉਪਰ ਹੋ ਰਹੇ ਹਮਲੇ ਬੰਦ ਕਰਨ ਦੀ ਚਿਤਾਵਨੀ ਕੀਤੀ ਗਈ।

ਇਸ ਮੌਕੇ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਸੁਦਾਗਰ ਸਿੰਘ ਭੋਤਨਾ, ਪੱਤਰਕਾਰ ਨਿਰਮਲ ਪੰਡੋਰੀ, ਰਵਿੰਦਰ ਰਵੀ, ਲੇਖਕ ਤੇਜਾ ਸਿੰਘ ਤਿਲਕ, ਹਰਭਗਵਾਨ, ਭੋਲਾ ਸਿੰਘ ਸੰਘੇੜਾ, ਇਨਕਲਾਬੀ ਆਗੂ ਨਰੈਣ ਦੱਤ, ਗੁਰਮੇਲ ਸਿੰਘ ਠੁਲੀਵਾਲ, ਹਰਚਰਨ ਸਿੰਘ ਚਹਿਲ, ਬਿੱਕਰ ਸਿੰਘ ਔਲਖ, ਚਰਨਜੀਤ ਕੌਰ, ਬਾਬੂ ਸਿੰਘ ਖੁੱਡੀ ਕਲਾਂ, ਗੁਰਮੀਤ ਸੁਖਪੁਰਾ, ਭੋਲਾ ਸਿੰਘ ਸੰਘੇੜਾ, ਨਰਿੰਦਰ ਸਿੰਗਲਾ ਆਦਿ ਹਾਜ਼ਰ ਸਨ। ਅਜਮੇਰ ਅਕਲੀਆ ਨੇ ਇਨਕਲਾਬੀ ਗੀਤ ਪੇਸ਼ ਕੀਤਾ।

## ਪੀਟੀਆਈ ਤੇ ਆਰਟ ਕਰਾਫਟ ਅਧਿਆਪਕਾਂ ਦਾ ਤਨਖ਼ਾਹ ਗ੍ਰੇਡ ਘਟਾਉਣ ਵਿਰੁੱਧ ਡੀਟੀਐੱਫ ਵੱਲੋਂ ਰੋਸ ਰੈਲੀ ਕਰਨ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)** ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਸਕੱਤਰੇਤ ਵੱਲੋਂ ਪੀਟੀਆਈ, ਆਰਟ ਕਰਾਫ਼ਟ ਅਧਿਆਪਕਾਂ ਦੇ ਤਨਖਾਹ ਗਰੇਡ ਘਟਾਉਣ ਅਤੇ ਪ੍ਰਮੋਸ਼ਨਾਂ ਦੌਰਾਨ ਸਾਰੇ ਖਾਲੀ ਸਟੇਸ਼ਨਾਂ ਵਿੱਚ ਚੋਣ ਦਾ ਮੌਕਾ ਨਾ ਦੇਣ ਵਿਰੁੱਧ ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ 15 ਦਸੰਬਰ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਦੀ ਸੁਨਾਮ ਰਿਹਾਇਸ਼ ਵੱਲੋਂ ਰੋਸ ਮਾਰਚ ਤੇ ਧਰਨਾ ਲਗਾਉਣ ਸੰਬੰਧੀ ਏਡੀਸੀ ਸੰਗਰੂਰ ਉਪਿੰਦਰਜੀਤ ਕੌਰ ਰਾਹੀਂ ਪੰਜਾਬ ਸਰਕਾਰ ਨੂੰ ਧਰਨੇ ਸੰਬੰਧੀ ਨੋਟਿਸ ਸੌਂਪਿਆ ਗਿਆ। ਇਸੇ ਤਹਿਤ ਡੀਟੀਐੱਫ ਵੱਲੋਂ ਜਿਲ੍ਹਾ/ਤਹਿਸੀਲ ਕੇਂਦਰਾਂ 'ਤੇ ਸਮੂਹਿਕ ਰੂਪ ਵਿੱਚ ਮੰਗ ਪੱਤਰ ਭੇਜਣ ਦੇ ਦਿੱਤੇ ਸੱਦੇ ਤਹਿਤ ਡੀ।ਟੀ।ਐਫ ਇਕਾਈ ਸੰਗਰੂਰ ਵੱਲੋਂ ਅੱਜ ਡੀਈ (ਸੈਕੰਡਰੀ) ਤਰਵਿੰਦਰ ਕੌਰ ਰਾਹੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਂ ਮੰਗ ਪੱਤਰ ਵੀ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਡੀ.ਟੀ.ਐਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਅਤੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਨੇ ਦੱਸਿਆ ਕਿ ਸਿੱਖਿਆ ਵਿਭਾਗ (ਡੀਪੀਆਈ ਸੈਕੰਡਰੀ) ਵੱਲੋਂ ਪੀਟੀਆਈ ਅਧਿਆਪਕ ਅਤੇ ਆਰਟ ਐਂਡ ਕਰਾਫਟ ਅਧਿਆਪਕਾਂ ਦੀ ਤਨਖਾਹ ਰਿਵਾਈਜ ਕਰਕੇ ਤਨਖਾਹ ਸਕੇਲ 4400 ਤੋਂ ਘਟਾ ਕੇ 3200 ਕਰ ਦਿੱਤੇ ਗਏ ਹਨ ਅਤੇ ਇਹਨਾਂ ਅਧਿਆਪਕਾਂ ਤੋਂ ਰਿਕਵਰੀ ਕਰਨ ਸਬੰਧੀ ਵਿੱਤ ਵਿਭਾਗ ਦੇ ਹਵਾਲੇ ਰਾਹੀਂ ਮਾਰੂ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਿੱਖਿਆ ਤੇ ਅਧਿਆਪਕ ਵਿਰੋਧੀ ਪ੍ਰਮੋਸ਼ਨ ਨੀਤੀ ਤਹਿਤ ਪ੍ਰਾਇਮਰੀ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ, ਪੀਟੀਆਈ ਤੋਂ ਡੀਪੀਈ, ਨਾਨ ਟੀਚਿੰਗ ਤੋਂ ਮਾਸਟਰ ਕੇਡਰ ਸਮੇਤ ਬਾਕੀ ਪ੍ਰਮੋਸ਼ਨਾਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਨਾ ਦਿਖਾਉਣ ਦੇ ਕਾਰਨ ਸੈਂਕੜੇ ਅਧਿਆਪਕਾਂ ਨੂੰ ਪ੍ਰਮੋਸ਼ਨਾਂ ਤੋਂ ਵਾਂਝੇ ਕਰ ਦਿਤਾ ਹੈ ਅਤੇ ਮੋਦੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ 2020 ਤਹਿਤ ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਹਜ਼ਾਰਾਂ ਸਕੂਲਾਂ ਵਿੱਚ ਖਾਲੀ ਪੋਸਟਾਂ ਰੱਖ ਕੇ ਸਿੱਖਿਆ ਦਾ ਉਜਾੜਾ ਕਰਨਾ ਸ਼ੁਰੂ ਕਰ ਦਿੱਤਾ।



ਡੀਟੀਐਫ ਆਗੂਆਂ ਮੇਘ ਰਾਜ, ਕੁਲਵੰਤ ਖਨੌਰੀ, ਕਰਮਜੀਤ ਨਦਾਮਪੁਰ, ਦੀਨਾ ਨਾਥ, ਕੰਵਲਜੀਤ ਬਨਭੌਰਾ, ਸੁਖਬੀਰ ਖਨੌਰੀ, ਬਲਵਿੰਦਰ ਸਤੌਜ, ਮਨਜੀਤ ਲਹਿਰਾ, ਰਮਨ ਲਹਿਰਾ ਆਦਿ ਆਗੂਆਂ ਨੇ ਮੰਗ ਕੀਤੀ ਕਿ ਪੀਟੀਆਈ ਅਤੇ ਡਰਾਇੰਗ ਅਧਿਆਪਕਾਂ ਦਾ ਤਨਖਾਹ ਕਟੌਤੀ ਦਾ ਪੱਤਰ ਵਾਪਸ ਲਿਆ ਜਾਵੇ, ਪੀਟੀਆਈ, ਖੇਤੀਬਾੜੀ ਟੀਚਰ, ਸਲਾਈ ਟੀਚਰ, ਸੰਗੀਤ ਟੀਚਰ ਅਤੇ ਤਬਲਾ ਪਲੇਅਰ ਟੀਚਰਾਂ ਦੀਆਂ ਅਸਾਮੀਆਂ ਨੂੰ ਡਾਇੰਗ ਕਾਡਰ ਵਿੱਚ ਪਾਉਣ ਦਾ ਗੈਰ ਵਾਜਬ ਫ਼ੈਸਲਾ ਵਾਪਸ ਲਿਆ ਜਾਵੇ, ਇਹਨਾਂ ਕਾਡਰਾਂ ਦੀਆਂ ਪੁਰਾਣੀਆਂ ਅਸਾਮੀਆਂ ਬਹਾਲ ਕਰਕੇ ਲੋੜ ਅਨੁਸਾਰ ਸਾਰੇ ਸਕੂਲਾਂ ਵਿੱਚ ਨਵੀਆਂ ਅਸਾਮੀਆਂ ਦਿੱਤੀਆਂ ਜਾਣ, ਨਿਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਕੌਮੀ ਸਿਖਿਆ ਨੀਤੀ 2020 ਨੂੰ ਲਾਗੂ ਕਰਨ ਤੇ ਰੋਕ ਲਗਾਈ ਜਾਵੇ ਤੇ ਪੰਜਾਬ ਸਰਕਾਰ ਸਥਾਨਕ ਹਾਲਾਤਾਂ ਅਨੁਸਾਰ ਸੂਬੇ ਦੇ ਸਿੱਖਿਆ ਸ਼ਾਸਤਰੀਆਂ ਅਤੇ ਅਧਿਆਪਕ ਜਥੇਬੰਦੀਆਂ ਦੇ ਸੁਝਾਅ ਲੈ ਕੇ ਆਪਣੀ ਸਿੱਖਿਆ ਨੀਤੀ ਤਿਆਰ ਕਰੇ। ਇਸ ਮੌਕੇ ਆਗੂਆਂ ਕਿਹਾ ਕਿ ਜੇਕਰ ਸਰਕਾਰ ਅਤੇ ਸਿਖਿਆ ਵਿਭਾਗ ਵਲੋ ਤਨਖਾਹ ਕਟੌਤੀ ਵਾਲਾ ਮਾਰੂ ਪੱਤਰ ਵਾਪਸ ਨਾ ਲਿਆ ਅਤੇ ਤਰੱਕੀਆ ਲੈਣ ਵਾਲੇ ਅਧਿਆਪਕਾਂ ਲਈ ਸਾਰੇ ਸ਼ਟੇਸ਼ਨ ਨਾ ਖੋਲੇ ਅਤੇ 14 ਦਸੰਬਰ ਤਕ ਦੋਵਾਂ ਮਸਲਿਆ ਦਾ ਕੋਈ ਹੱਲ ਨਾ ਕੀਤਾ ਤਾਂ 15 ਦਸੰਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਸੁਨਾਮ ਵਿਖੇ ਆਮ ਆਦਮੀ ਪਾਰਟੀ ਤੇ ਪੰਜਾਬ ਦੇ ਪ੍ਰਧਾਨ ਅਤੇ ਕੈਬਨਟ ਸਬ ਕਮੇਟੀ ਦੇ ਮੈਂਬਰ ਅਮਨ ਅਰੋੜਾ ਦੀ ਰਿਹਾਇਸ਼ ਵੱਲ ਸੂਬਾ ਪੱਧਰੀ ਰੋਸ ਮਾਰਚ ਕਰਕੇ ਐਕਸ਼ਨ ਕੀਤਾ ਜਾਵੇਗਾ। ਇਸ ਸਮੇਂ ਜਸਵੀਰ ਸਿੰਘ, ਹਰਕੀਰਤ ਸਿੰਘ, ਹਰਪ੍ਰੀਤ ਸਿੰਘ, ਜੀਵਨ ਕੁਮਾਰ, ਸਰਬਜੀਤ ਕੌਰ, ਗੁਰਮੀਤ ਕੌਰ, ਪਰਮਜੀਤ ਕੌਰ, ਰਮਾ ਰਾਣੀ, ਰਣਵੀਰ ਕੌਰ, ਨੀਰੂ ਮੈਡਮ, ਸੱਤਪਾਲ ਸਿੰਘ, ਬਾਲ ਦਵਿੰਦਰ ਸਿੰਘ, ਮੇਜਰ ਸਿੰਘ, ਰਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

06 ਦਸੰਬਰ ਨੂੰ ਦੇਸ਼ ਵਿਦੇਸ਼ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਜਾ ਰਿਹਾ ਹੈ। ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ ਹੁਣ ਮੱਧ ਪ੍ਰਦੇਸ਼ ਵਿੱਚ ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਬਾਬਾ ਸਾਹਿਬ ਦਾ ਜੱਦੀ ਪਿੰਡ ਮਹਾਰਾਸ਼ਟਰ ਵਿੱਚ 'ਅੰਬਾਵਡੇ' ਸੀ। ਆਪ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾ ਬਾਈ ਮੁਰਬਾਦਕਰ ਸੀ। ਉਹ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਖੌਤੀ ਵਰਣ ਵਿਵਸਥਾ ਅਨੁਸਾਰ ਸ਼ੂਦਰ ਵਰਗ ਵਿੱਚ ਆਂਦੀ ਸੀ ਅਤੇ ਇਸ ਜਾਤ ਨਾਲ ਸਬੰਧਿਤ ਕਈ ਹੋਰ ਸ਼ੂਦਰ ਜਾਤਾਂ ਵਾਂਗ ਹੀ ਕਈ ਪਬੰਦੀਆਂ ਸਨ। ਆਪ ਦੇ ਪਿਤਾ ਸਤਿਗੁਰੂ ਕਬੀਰ ਮਹਾਰਾਜ ਦੇ ਭਗਤ ਸਨ। ਆਪ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਸੂਬੇਦਾਰ ਦਾ ਦਰਜਾ ਰੱਖਣ ਵਾਲੇ ਫੌਜੀ ਅਫਸਰ ਸਨ। ਸਾਲ1894 ਵਿੱਚ ਪਿਤਾ ਦੀ ਸੇਵਾਮੁਕਤੀ ਤੋਂ ਬਾਦ ਪਰਿਵਾਰ ਸਤਾਰਾ ਚਲਾ ਗਿਆ। ਬਚਪਨ ਵਿੱਚ ਹੀ ਆਪ ਦੀ ਮਾਤਾ ਦੀ ਮੌਤ ਹੋ ਗਈ ਅਤੇ ਬੱਚਿਆਂ ਦੀ ਦੇਖਭਾਲ ਉਨ੍ਹਾਂ ਦੀ ਮਾਸੀ ਦੁਆਰਾ ਕੀਤੀ ਗਈ। ਸਾਲ 1897 ਵਿੱਚ ਆਪ ਦਾ ਪਰਿਵਾਰ ਮੁੰਬਈ ਚਲਾ ਗਿਆ ਜਿੱਥੇ ਅੰਬੇਡਕਰ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲ ਹੋਏ। ਮਹਾਰਾਜਾ ਬੜੋਦਾ ਨੇ ਰਿਆਸਤ ਦੀ ਯੋਜਨਾ ਅਨੁਸਾਰ ਆਪ ਨੂੰ ਉਚੱ ਵਿੱਦਿਆ ਲਈ ਸਰਕਾਰੀ ਖਰਚੇ ਤੇ ਵਿਦੇਸ਼ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ. ਏ., ਪੀ. ਐਚ. ਡੀ., ਡੀ. ਐਸ. ਸੀ. ਐਲ. ਐਲ. ਡੀ., ਡੀ. ਲਿੱਟ, ਬਾਰ. ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ ਘਰ ਪੰਜ ਬੱਚਿਆਂ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਸਾਰੇ ਬੱਚੇ ਛੋਟੀ ਉਮਰ ਵਿੱਚ ਹੀ ਮਰ ਗਏ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। 15 ਅਪ੍ਰੈਲ 1948 ਨੂੰ ਆਪ ਨੇ ਡਾਕਟਰ ਸ਼ਾਰਦਾ ਕਬੀਰ ਜਿਸਨੇ ਵਿਆਹ ਤੋਂ ਬਾਦ ਅਪਣਾ ਨਾਮ ਸਵਿਤਾ ਅੰਬੇਡਕਰ ਰੱਖਿਆ ਨਾਲ ਦੂਜਾ ਵਿਆਹ ਕਰਵਾਇਆ। ਵਿਦੇਸ਼ਾਂ ਵਿੱਚ ਪੜ੍ਹਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਜਾਤ ਅਧਾਰਿਤ ਵਿਤਕਰਾ ਹੀ ਝੱਲਣਾ ਪਿਆ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੱ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ 01ਐਂਗਲੋ ਇੰਡੀਅਨ ਲਈ ਰੱਖੀ ਗਈ ਸੀ। ਡਾਕਟਰ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਅਛੂਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬੋਰੋਹ ਕਮੇਟੀ ਸਾਹਮਣੇ ਅਛੂਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਕੱਟੜ ਭਾਰਤੀ ਆਗੂਆ ਦੇ ਵਿਰੋਧ ਕਾਰਨ ਅਛੂਤਾਂ ਨੂੰ ਕੋਈ ਲਾਭ ਨਾਂ ਮਿਲਿਆ। ਡਾਕਟਰ ਅੰਬੇਡਕਰ ਅਤੇ ਹੋਰ ਕਈ ਅਛੂਤ ਆਗੂਆਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ 1928 ਨੂੰ ਮੁੰਬਈ ਆਇਆ ਜਿਸਦਾ ਕਈ ਕਾਂਗਰਸੀ ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਕਈ ਅਛੂਤ ਆਗੂਆਂ ਨੇ ਆਦਿ ਧਰਮ ਮੰਡਲ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਅਛੂਤਾਂ ਦੇ ਲੱਗਭੱਗ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਅਛੂਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਡਾਕਟਰ ਅੰਬੇਡਕਰ ਨੇ ਅਛੂਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਆਗੂਆਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿ-ਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਊਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ ਰਾਖਵੀਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਅਛੂਤਾਂ ਨੂੰ ਸਹੂਲਤਾਂ ਅਤੇ ਮੋਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਅਛੂਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਕਰੋੜ੍ਹਾਂ ਅਛੂਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਆਪ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ ਅਤੇ 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਆਪ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਅਛੂਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ ਪਰ ਸਿੱਖ ਧਰਮ ਦੇ ਕੁੱਝ ਉਚੱ ਜਾਤੀ ਲੀਡਰਾਂ ਕਾਰਨ ਸਿੱਖ ਧਰਮ ਨਾਂ ਅਪਣਾ ਸਕੇ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਆਪ ਨੇ ਵੱਖ ਵੱਖ ਧਰਮਾਂ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਅਛੂਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਛੂਆਛਾਤ ਵਿਰੁੱਧ, ਜਨਤਕ ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ ਖੋਲ੍ਹਣ ਲਈ ਜਨਤਕ ਅੰਦੋਲਨਾਂ ਦੀ ਸ਼ੁਰੂਆਤ ਕੀਤੀ। ਭਾਰਤ ਦੀ ਵੰਡ ਨੂੰ ਜਾਇਜ਼ ਠਹਿਰਾਉਂਦੇ ਹੋਏ ਉਨ੍ਹਾਂ ਨੇ ਬਾਲ ਵਿਆਹ ਅਤੇ ਮੁਸਲਿਮ ਸਮਾਜ ਵਿੱਚ ਔਰਤਾਂ ਨਾਲ ਹੁੰਦੇ ਦੁਰਵਿਵਹਾਰ ਦੀ ਨਿਖੇਧੀ ਕੀਤੀ। ਪਾਕਿਸਤਾਨ ਦੀ ਮੰਗ ਕਰਨ ਵਾਲੇ ਮੁਸਲਿਮ ਲੀਗ ਦੇ ਲਹੌਰ ਮਤੇ ਤੋਂ ਬਾਅਦ ਅੰਬੇਡਕਰ ਨੇ ਥਾਟਸ ਆਨ ਪਾਕਿਸਤਾਨ ਲਿਖਿਆ ਜਿਸ ਵਿੱਚ ਪਾਕਿਸਤਾਨ ਦੇ ਸੰਕਲਪ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਆਪ ਨੇ ਦੱਬੇ-ਕੁਚਲੇ ਵਰਗਾਂ ਦੇ ਇਸਲਾਮ ਜਾਂ ਈਸਾਈ ਧਰਮ ਵਿੱਚ ਪਰਿਵਰਤਨ ਦਾ ਵਿਰੋਧ ਕਰਦਿਆਂ ਅੱਗੇ ਕਿਹਾ ਕਿ ਜੇਕਰ ਉਹ ਇਸਲਾਮ ਧਾਰਨ ਕਰ ਲੈਂਦੇ ਹਨ ਤਾਂ ਮੁਸਲਿਮ ਗਲਬੇ ਦਾ ਖ਼ਤਰਾ ਵੀ ਅਸਲ ਬਣ ਜਾਂਦਾ ਹੈ ਅਤੇ ਜੇਕਰ ਉਹ ਈਸਾਈ ਧਰਮ ਅਪਣਾ ਲੈਂਦੇ ਹਨ ਤਾਂ ਇਹ ਦੇਸ਼ ਤੇ ਬਰਤਾਨੀਆ ਦੀ ਪਕੜ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ। ਆਪ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਅਜ਼ਾਦ ਭਾਰਤ ਵਿੱਚ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ 1947 ਨੂੰ ਪੇਸ਼ ਕੀਤਾ ਗਿਆ। 26 ਨਵੰਬਰ 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋ ਕਿ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਆਪ ਨੇ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਆਪ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਅੰਤਿਮ ਸਮੇਂ ਤੱਕ ਰਾਜ ਸਭਾ ਮੈਂਬਰ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਦਿੱਲੀ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਉਨ੍ਹਾਂ ਦਾ ਸੰਸਕਾਰ ਬੰਬਈ ਵਿਚ ਕੀਤਾ ਗਿਆ। ਆਪ ਨੇ ਭਾਰਤ ਦੀ ਆਜ਼ਾਦੀ ਲਈ ਮੁਹਿੰਮਾਂ ਅਤੇ ਗੱਲਬਾਤ ਕਰਨ ਵਿੱਚ, ਰਸਾਲੇ ਪ੍ਰਕਾਸ਼ਿਤ ਕਰਨ, ਦਲਿਤਾਂ ਲਈ ਸਿਆਸੀ ਅਧਿਕਾਰਾਂ ਅਤੇ ਸਮਾਜਿਕ ਆਜ਼ਾਦੀ ਦੀ ਵਕਾਲਤ ਕਰਨ ਅਤੇ ਭਾਰਤ ਰਾਜ ਦੀ ਸਥਾਪਨਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਡਾਕਟਰ ਅੰਬੇਡਕਰ ਇੱਕ ਨਿਆਂਸ਼ਾਸਤਰੀ, ਅਰਥ ਸ਼ਾਸਤਰੀ, ਸਮਾਜ ਸੁਧਾਰਕ ਅਤੇ ਰਾਜਨੀਤਿਕ ਨੇਤਾ ਸਨ ਜਿਨ੍ਹਾਂ ਨੇ ਸੰਵਿਧਾਨ ਸਭਾ ਦੀਆਂ ਬਹਿਸਾਂ ਵਿੱਚੋਂ ਭਾਰਤ ਦੇ ਸੰਵਿਧਾਨ ਦਾ ਖਰੜ੍ਹਾ ਤਿਆਰ ਕਰਨ ਵਾਲੀ ਕਮੇਟੀ ਦੀ ਅਗਵਾਈ ਕੀਤੀ ਅਤੇ ਪਹਿਲੀ ਕੈਬਨਿਟ ਵਿੱਚ ਕਾਨੂੰਨ ਅਤੇ ਨਿਆਂ ਮੰਤਰੀ ਵਜੋਂ ਕੰਮ ਕੀਤਾ। ਆਪ ਨੇ ਦਲੀਲ ਦਿੱਤੀ ਕਿ ਉਦਯੋਗੀਕਰਨ ਅਤੇ ਖੇਤੀ ਵਿਕਾਸ ਭਾਰਤੀ ਅਰਥਵਿਵਸਥਾ ਨੂੰ ਵਧਾ ਸਕਦੇ ਹਨ। ਆਪ ਨੇ ਭਾਰਤ ਦੇ ਪ੍ਰਾਇਮਰੀ ਉਦਯੋਗ ਵਜੋਂ ਖੇਤੀਬਾੜੀ ਵਿੱਚ ਨਿਵੇਸ਼ ਤੇ ਜ਼ੋਰ ਦਿੱਤਾ। ਆਪ ਨੇ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਵਕਾਲਤ ਕੀਤੀ ਸਿੱਖਿਆ, ਜਨਤਕ ਸਫਾਈ, ਭਾਈਚਾਰਕ ਸਿਹਤ, ਰਿਹਾਇਸ਼ੀ ਸਹੂਲਤਾਂ ਨੂੰ ਬੁਨਿਆਦੀ ਸਹੂਲਤਾਂ ਦੇ ਤੌਰ ਤੇ ਜ਼ੋਰ ਦਿੱਤਾ। 1951 ਵਿੱਚ ਆਪ ਨੇ ਭਾਰਤ ਦੇ ਵਿੱਤ ਕਮਿਸ਼ਨ ਦੀ ਸਥਾਪਨਾ ਕੀਤੀ। ਆਪ ਨੇ ਭਾਰਤੀ ਅਰਥ-ਵਿਵਸਥਾ ਨੂੰ ਵਿਕਸਤ ਕਰਨ ਲਈ ਜਨਮ ਨਿਯੰਤਰਣ ਦੀ ਵਕਾਲਤ ਕੀਤੀ ਅਤੇ ਇਸਨੂੰ ਸਰਕਾਰ ਦੁਆਰਾ ਪਰਿਵਾਰ ਨਿਯੋਜਨ ਲਈ ਰਾਸ਼ਟਰੀ ਨੀਤੀ ਵਜੋਂ ਅਪਣਾਇਆ ਗਿਆ ਹੈ। ਉਸਨੇ ਆਰਥਿਕ ਵਿਕਾਸ ਲਈ ਔਰਤਾਂ ਦੇ ਬਰਾਬਰ ਅਧਿਕਾਰਾਂ ਤੇ ਜ਼ੋਰ ਦਿੱਤਾ। ਭਾਰਤੀ ਰਿਜ਼ਰਵ ਬੈਂਕ ਉਹਨਾਂ ਵਿਚਾਰਾਂ ਤੇ ਆਧਾਰਿਤ ਸੀ ਜੋ ਅੰਬੇਡਕਰ ਨੇ ਹਿਲਟਨ ਯੰਗ ਕਮਿਸ਼ਨ ਨੂੰ ਪੇਸ਼ ਕੀਤੇ। ਡਾਕਟਰ ਅੰਬੇਡਕਰ ਲਈ ਇੱਕ ਯਾਦਗਾਰ ਉਨ੍ਹਾਂ ਦੇ ਦਿੱਲੀ ਸਥਿਤ ਘਰ 26 ਅਲੀਪੁਰ ਰੋਡ ਵਿੱਚ ਸਥਾਪਿਤ ਕੀਤੀ ਗਈ ਸੀ। ਕਈ ਜਨਤਕ ਸੰਸਥਾਵਾਂ ਦਾ ਨਾਮ ਆਪ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ ਅਤੇ ਨਾਗਪੁਰ ਵਿੱਚ ਡਾਕਟਰ ਬਾਬਾ ਸਾਹਿਬ ਅੰਬੇਡਕਰ ਅੰਤਰਰਾਸ਼ਟਰੀ ਹਵਾਈ ਅੱਡਾ ਹੈ। ਡਾਕਟਰ ਬੀ. ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਜਲੰਧਰ, ਅੰਬੇਡਕਰ ਯੂਨੀਵਰਸਿਟੀ ਦਿੱਲੀ ਦਾ ਨਾਂ ਵੀ ਉਨ੍ਹਾਂ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ। ਮਹਾਰਾਸ਼ਟਰ ਸਰਕਾਰ ਨੇ ਲੰਡਨ ਵਿੱਚ ਇੱਕ ਘਰ ਐਕੁਆਇਰ ਕੀਤਾ ਹੈ ਜਿੱਥੇ ਅੰਬੇਡਕਰ 1920 ਦੇ ਦਹਾਕੇ ਵਿੱਚ ਇੱਕ ਵਿਦਿਆਰਥੀ ਦੇ ਰੂਪ ਵਿੱਚ ਰਹਿੰਦੇ ਸਨ ਅਤੇ ਇਸਨੂੰ ਅਜਾਇਬ ਘਰ-ਕਮ-ਸਮਾਰਕ ਵਿੱਚ ਤਬਦੀਲ ਕੀਤੇ ਜਾਣ ਦੀ ਉਮੀਦ ਹੈ। 02 ਅਪ੍ਰੈਲ 1967 ਨੂੰ ਭਾਰਤ ਦੀ ਸੰਸਦ ਵਿੱਚ ਆਪ ਦੀ 12 ਫੁੱਟ ਉੱਚੀ ਕਾਂਸੀ ਦੀ ਮੂਰਤੀ ਸਥਾਪਤ ਕੀਤੀ ਗਈ ਸੀ। 12 ਅਪ੍ਰੈਲ 1990 ਨੂੰ ਡਾਕਟਰ ਅੰਬੇਡਕਰ ਦੇ ਚਿੱਤਰ ਨੂੰ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਰੱਖਿਆ ਗਿਆ ਹੈ। ਆਪ ਦਾ ਇੱਕ ਹੋਰ ਚਿੱਤਰ ਸੰਸਦੀ ਅਜਾਇਬ ਘਰ ਅਤੇ ਸੰਸਦ ਭਵਨ ਦੇ ਪੁਰਾਲੇਖ ਵਿੱਚ ਰੱਖਿਆ ਗਿਆ ਹੈ। ਭਾਰਤੀ ਡਾਕ ਵਿਭਾਗ ਵਲੋਂ ਬਾਬਾ ਸਾਹਿਬ ਸਬੰਧੀ ਕਈ ਡਾਕ ਟਿਕਟ ਜਾਰੀ ਕੀਤੇ ਹਨ। ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ। 14 ਅਪ੍ਰੈਲ 2015 ਨੂੰ ਗੂਗਲ ਨੇ ਬਾਬਾ ਸਾਹਿਬ ਦੀ ਫੋਟੋ ਲਗਾਈ ਅਤੇ ਭਾਰਤ ਸਰਕਾਰ ਵਲੋਂ ਵੀ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਅਤੇ 125 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਨੇ 2016, 2017 ਅਤੇ 2018 ਵਿੱਚ ਡਾਕਟਰ ਅੰਬੇਡਕਰ ਜਯੰਤੀ ਮਨਾਈ ਹੈ। 14 ਅਪ੍ਰੈਲ ਨੂੰ ਮਹਾਰਾਸ਼ਟਰ ਵਿੱਚ ਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 14 ਅਪ੍ਰੈਲ ਨੂੰ ਬਰਾਬਰਤਾ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। 03 ਅਪ੍ਰੈਲ 2023 ਨੂੰ ਬਰਨਬੀ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਮੇਅਰ ਮਾਇਕ ਹਰਲੇ ਨੇ 14 ਅਪ੍ਰੈਲ ਨੂੰ ਡਾ. ਬੀ.ਆਰ. ਅੰਬੇਡਕਰ ਜਯੰਤੀ ਨੂੰ ਆਪਣੇ ਸ਼ਹਿਰ ਵਿੱਚ ਬਰਾਬਰਤਾ ਦਾ ਦਿਵਸ ਮਨਾਉਣ ਦੀ ਘੋਸ਼ਣਾ ਕੀਤੀ ਹੈ।

ਬਰਨਬੀ ਸਿਟੀ ਦੁਆਰਾ 2020 ਤੋਂ ਬਾਅਦ ਇਹ ਚੌਥੀ ਸਾਲਾਨਾ ਘੋਸ਼ਣਾ ਕੀਤੀ ਗਈ ਹੈ। ਇਸਤੋਂ ਇਲਾਵਾ ਹੋਰ ਸ਼ਹਿਰਾਂ 23 ਅਪ੍ਰੈਲ ਨੂੰ ਵੈਨਕੂਵਰ ਵਿੱਚ, 25 ਅਪ੍ਰੈਲ ਨੂੰ ਵਿਕਟੋਰੀਆ ਯੂਨੀਵਰਸਿਟੀ ਆਫ਼ ਵਿਕਟੋਰੀਆ ਵਿੱਚ ਅਤੇ 26 ਅਪ੍ਰੈਲ ਨੂੰ ਐਬਟਸਫੋਰਡ ਵਿੱਚ ਫਰੇਜ਼ਰ ਵੈਲੀ ਯੂਨੀਵਰਸਿਟੀ ਵਿੱਚ ਸਮਾਨਤਾ ਦਿਵਸ ਮਨਾਏ ਜਾ ਰਹੇ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦਾ ਐਲਾਨ ਕੀਤਾ ਹੈ ਅਤੇ ਸਮੂਹ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਚਿੱਤਰ ਲਗਾਏ ਗਏ ਹਨ।

ਅੱਜ ਵੱਖ ਵੱਖ ਦੇਸ਼ਾਂ ਵਿੱਚ ਸਰਕਾਰਾਂ ਵਲੋਂ ਅਤੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਜਾਵੇਗਾ। ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਵਲੋਂ ਵਿਖਾਏ ਗਏ ਰਸਤੇ ਤੇ ਚੱਲਕੇ ਅਤੇਂ ਦੱਸੇ ਗਏ ਵਿਚਾਰਾਂ ਨੂੰ ਅਪਣਾਕੇ ਸਮਾਜਿਕ ਬਰਾਬਰਤਾ ਵਾਲਾ ਸਮਾਜ ਬਣਾਇਆ ਜਾਵੇ।




## ਨਾ ਰੁਕਿਆ

ਸਾਥ 'ਚ' ਜ਼ਰਾ ਵੀ ਕੋਈ ਭਟਕਿਆ ਤਾਂ ਨਾ ਰੁਕਿਆ ।
ਉਹ ਸੋਚ ਵਿੱਚ ਜ਼ਰਾ ਵੀ ਅਟਕਿਆ ਤਾਂ ਨਾ ਰੁਕਿਆ ।

ਉਹ ਸੁੰਨੇ-ਹਨੇਰਿਆਂ 'ਚ' ਚੁੱਪ-ਚਾਪ ਰਿਹਾ ਚਲਦਾ,
ਥਾਂ 2 ਤੇ ਡੈਣ ਗੁਲਾਮੀ ਮਟਕਿਆ ਤਾਂ ਨਾ ਰੁਕਿਆ ।

ਗੁੰਦੀਆਂ ਸੀ ਮਨ ਵਿੱਚ ਉਸ ਨੇ ਕਈ ਤਸਵੀਰਾਂ,
ਝਟਕੇ 'ਚ' ਦਿਲ ਦਾ ਸ਼ੀਸ਼ਾ ਪਟਕਿਆ ਤਾਂ ਨਾ ਰੁਕਿਆ।

ਜਦੋ ਜਲ੍ਹਿਆਂ ਵਾਲੇ ਦੀ ਸੀ ਹੱਥ ਖੂਨੀ ਮਿੱਟੀ ,
ਆਕੇ ਫੱਟ ਜਿਗਰ ਵਿੱਚ ਫਟਕਿਆ ਤਾਂ ਨਾ ਰੁਕਿਆ ।

ਚੁਭੇ ਕੰਡੇ, ਮਿਲੇ ਜਖ਼ਮ ਨਹੀਂ ਰੋਕ ਸਕੇ ਰਸਤਾ,
ਥਾਂ-ਥਾਂ ਜਾਬਰਾਂ ਨੇ ਸੀ ਝਟਕਿਆ ਤਾਂ ਨਾ ਰੁਕਿਆ ।

ਪਰੋ ਲਏ ਸਨ ਅਰਮਾਨ ਭਵਿੱਖ ਦੀ ਆਸ ਲੈਕੇ,
ਬਾਹਰੋਂ ਆ ਅਹਿਸਾਸਾਂ ਖਟਕਿਆ ਤਾਂ ਨਾ ਰੁਕਿਆ ।

ਮੰਜ਼ਰ ਕਤਲਾਂ ਦੇ ਰਹੇ ਜਾਗਦੇ ਅੱਖਾਂ ਅੰਦਰ,
ਵੇਖ ਕੇ ਅਧ ਅਧਵਾਟੇ ਲਟਕਿਆ ਤਾਂ ਨਾ ਰੁਕਿਆ ।

ਉਹ ਹੱਸ -2 ਚੁੰਮ ਗਿਆ ਦੇਸ਼ ਦੀ ਖ਼ਾਤਰ ਫ਼ੰਦਾ,
ਜੰਜੀਰਾਂ ਨੇ ਤਾਂ ਬਾਰ 2 ਛਟਕਿਆ ਤਾਂ ਨਾ ਰੁਕਿਆ ।

- ਰਬਿੰਦਰ ਸ਼ਰਮਾ
919814667682



# ਸਹਿਜ



ਮਨਜੀਤ ਸਿੰਘ
91-98726-24833

ਪੂਰੀ ਜ਼ਿੰਦਗੀ ਸਹਿਜ ਦੀ ਤਲਾਸ਼ ਦੇ ਸੰਘਰਸ਼ ਵਿੱਚ ਹੀ ਲੰਘ ਜਾਂਦੀ ਹੈ। ਅਧਿਆਤਮਵਾਦ ਨੇ ਸਹਿਜ ਦੀ ਪਰਿਭਾਸ਼ਾ, ਸੁੱਖ ਦੁੱਖ ਵਿੱਚ ਸਮਾਨ ਰਹਿਣ ਨੂੰ ਦਿੱਤੀ ਹੈ ਜੋ ਪ੍ਰਭੂ ਪਰਮਾਤਮਾ ਦੇ ਭਜਨ ਸਿਮਰਨ ਵਿੱਚ ਰਹਿ ਕੇ ਪਰਮਾਤਮਾ ਦੀ ਪ੍ਰਾਪਤੀ ਨਾਲ ਸਥਾਈ ਸਹਿਜ ਪਾਇਆ ਜਾ ਸਕਦਾ ਹੈ। ਉਹ ਸਹਿਜ ਮਰਨ ਤੋਂ ਬਾਅਦ ਵਾਲਾ ਸਹਿਜ ਜਿੱਥੇ ਤੇ ਜਦ ਲਾਸ਼ ਨੂੰ ਸਹਿਜ ਦੀ ਜ਼ਰੂਰਤ ਹੀ ਨਹੀਂ ਹੁੰਦੀ। ਤੇ ਜਿਉਂਦੇ ਜੀਅ ਸਿਮਰਨ ਕਰਨਾ ਆਪਣੀਆਂ ਇੱਛਾਵਾਂ ਨੂੰ ਨਿਯੰਤਰਿਤ ਕਰਨਾ ਜਾਂ ਉਹਨਾਂ ਦਾ ਦਮਨ ਕਰਨਾ ਜਾਂ ਉਹਨਾਂ ਵੱਲੋਂ ਮੁੱਖ ਮੋੜਨਾ ਹੁੰਦਾ ਹੈ।

ਇਸ ਸਹਿਜ ਦੀ ਡਾਕਟਰੀ ਪਰਿਭਾਸ਼ਾ ਇਸ ਤੋਂ ਬਿਲਕੁਲ ਉਲਟ ਹੈ। ਤੇ ਮਨੋਵਿਗਿਆਨ ਦੀ ਪਰਿਭਾਸ਼ਾ ਵੀ ਡਾਕਟਰੀ ਪਰਿਭਾਸ਼ਾ ਨਾਲ ਲਗਭਗ ਮਿਲਦੀ ਜੁਲਦੀ ਹੈ। ਮਨੋਵਿਗਿਆਨ ਅਨੁਸਾਰ ਸਹਿਜ ਨੂੰ ੋਰਮਅਲ ਨਾਰਮਲ ਭਾਵ ਆਮ ਸਧਾਰਣ ਤੇ ਨਾ ਜ਼ਿਆਦਾ ਨਾ ਘੱਟ ਹੈ। ਜੋ ਵੱਧ ਜਾਂ ਘੱਟ ਹੈ ਉਸ ਨੂੰ ੳਬਨੋਰਮਅਲ ਐਬਨਾਰਮਲ ਭਾਵ ਜੋ ਨਾਰਮਲ ਨਾ ਹੋਵੇ ਭਾਵ ਸਧਾਰਣ ਨਾ ਹੋਵੇ ਕਿਹਾ ਜਾਂਦਾ ਹੈ। ਡਾਕਟਰੀ ਪਰਿਭਾਸ਼ਾ ਵਿੱਚ ਜੋ ਸਧਾਰਣ ਨਾ ਹੋਵੇ ਉਸ ਨੂੰ ਐਬਨਾਰਮਲ ਜਾਂ ਨੀਮ ਪਾਗਲ ਕਿਹਾ ਜਾਂਦਾ ਹੈ। ਇਸ ਦੀਆਂ ਅੱਗੇ ਦੋ ਕਿਸਮਾਂ ਕਰ ਦਿੱਤੀਆਂ ਜਾਂਦੀਆਂ ਹਨ। ੁਪੲਰਿਰਿਟੇ ਛੋਮਲੲਣ ਆਪਣੇ ਆਪ ਨੂੰ ਉੱਤਮ ਸਮਝਣ ਦਾ ਭੁਲੇਖਾ ਤੇ ਦੂਸਰਾ ਨਿਾੲਰਿਰਿਟੇ ਛੋਮਪਲੲਣ ਭਾਵ ਹੀਣ ਭਾਵਨਾ। ਡਾਕਟਰ ਕਹਿੰਦੇ ਹਨ ਕੋਈ ਵੀ ਵਿਅਕਤੀ ਉੱਤਮ ਸਮਝਣ ਵਾਲੀ ਭਾਵਨਾ ਜਾਂ ਹੀਨ ਭਾਵਨਾ ਵਿੱਚ ਜ਼ਿਆਦਾ ਚਿਰ ਰਹਿ ਜਾਵੇ ਤਾਂ ਉਸ ਵਿੱਚ ਪਾਗਲ ਪਨ ਦੀਆਂ ਅਲਾਮਤਾਂ ਭਾਵ ਲੱਛਣ ਪੈਦਾ ਹੋ ਜਾਂਦੀਆਂ ਹਨ। ਤੇ ਬਾਅਦ ਵਿੱਚ ਇਹ ਮੲਨਟਅਲ ਪਰੋਬਲੲਮਸ ਮਾਨਸਿਕ ਸਮੱਸਿਆਵਾਂ ਸਰੀਰਕ ਰੋਗਾਂ ਵਿੱਚ ਵੀ ਬਦਲ ਜਾਂਦੀਆਂ ਹਨ। ਇੱਕ ਹੋਰ ਡਾਕਟਰੀ ਪਰਿਭਾਸ਼ਾ ਹੈ ਕਿ ਹਰ ਪੁਰਾਣੀ ਮਾਨਸਿਕ ਬਿਮਾਰੀ ਸਰੀਰਕ ਰੋਗ ਵਿੱਚ ਤੇ ਹਰ ਪੁਰਾਣਾ ਸਰੀਰਕ ਰੋਗ ਮਾਨਸਿਕ ਬਿਮਾਰੀ ਵਿੱਚ ਤਬਦੀਲ ਹੋ ਜਾਂਦਾ ਹੈ । ਭਾਵ ਕਿ ਸਾਨੂੰ ਦੋਵੇਂ ਹਾਲਾਤ ਤੇ ਨਜ਼ਰ ਰੱਖਣੀ ਪਵੇਗੀ । ਆਪਣੇ ਬਦਲਦੇ ਸੁਭਾਅ ਨੂੰ ਸਮਝਣਾ ਪਵੇਗਾ।

ਇਹ ਸਾਨੂੰ ਇੱਕ ਉਦਾਹਰਣ ਤੋਂ ਚੰਗੀ ਤਰ੍ਹਾਂ ਸਮਝ ਆ ਜਾਵੇਗਾ ਕਿ ਇੱਕ ਘੱਟ ਪੜ੍ਹੇ ਲਿਖੇ ਨੂੰ ਜ਼ਿਆਦਾ ਪੜ੍ਹੇ ਲਿਖੇ ਲੋਕਾਂ ਵਿੱਚ ਉੱਠਣਾ ਬੈਠਣਾ ਪੈ ਜਾਵੇ ਤਾਂ ਉਸ ਦਾ ਗਲਬਾਤ ਦਾ ਵਿਸ਼ਾ ਵਸਤੂ ਉਹਨਾਂ ਨਾਲੋਂ ਅਲੱਗ ਤਰ੍ਹਾਂ ਦਾ ਹੋਵੇਗਾ ਤੇ ਹੌਲੀ ਹੌਲੀ ਉਸ ਵਿੱਚ ਹੀਣ ਭਾਵਨਾ ਉੱਤਪੰਨ ਹੋ ਜਾਵੇਗੀ ਤੇ ਇਸੇ ਤਰਾਂ ਹੀ ਅਕਸਰ ਸਾਡਾ ਪੜ੍ਹੇ ਲਿਖਿਆ ਦਾ ਹਾਲ ਵੀ ਹੁੰਦਾ ਹੈ । ਅਸੀਂ ਅਕਸਰ ਹੀ ਆਪਣੇ ਤੋਂ ਘੱਟ ਪੜ੍ਹਿਆਂ ਲਿਖਿਆਂ ਵਿੱਚ ਆਪਣੇ ਆਪ ਨੂੰ ਉੱਤਮ ਸਮਝਣ ਦੀ ਗਲਤੀ ਕਰਦੇ ਰਹਿੰਦੇ ਹਾਂ । ਇਹ ਜ਼ਰੂਰੀ ਨਹੀਂ ਕਿ ਅਸੀਂ ਹਰ ਵਾਰ ਠੀਕ ਹੀ ਹੋਈਏ । ਸਾਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਡਿਗਰੀਆਂ ਨਾਲੋਂ ਜ਼ਿੰਦਗੀ ਦੇ ਤਜਰਬੇ ਜ਼ਿਆਦਾ ਕੁਝ ਸਿਖਾ ਜਾਂਦੇ ਹਨ । ਆਪਣੀਆਂ ਸੀਮਾਵਾਂ ਭਾਵ ਹੱਦਾਂ ਨੂੰ ਸਮਝਣਾ ਹੀ ਕਾਫ਼ੀ ਨਹੀਂ ਹੈ ਉਹਨਾਂ ਵਿੱਚ ਬਿਨਾਂ ਕਿਸੇ ਤਕੱਲਫ਼ ਦੇ ਰਹਿਣਾ ਹੀ ਸਹਿਜ ਹੈ । ਇਹ ਸਹਿਜ ਇੱਕ ਦਮ ਆਪਣੇ ਆਪ ਨਹੀਂ ਆਉਂਦਾ । ਇਸ ਦਾ ਰਿਆਜ਼ ਕਰਨਾ ਪੈਂਦਾ ਹੈ । ਕਿਸੇ ਭੱਖਦੀ ਬਹਿਸ ਜਿਸ ਵਿੱਚ ਹਾਉਮੈ ਆ ਫਸੇ ਵਿੱਚੋਂ ਉੱਠਕੇ ਜਾਣਾ ਬਿਹਤਰ ਹੁੰਦਾ ਹੈ ਨਾ ਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਜ਼ਿਦ।

ਭਗਵਾਨ ਬੁੱਧ ਦੀ ਸਾਖੀ ਇਸ ਦੀ ਇੱਕ ਚੰਗੀ ਉਦਹਾਰਣ ਹੈ। ਨਦੀ ਦੇ ਪਾਣੀ ਤੋਂ ਸ਼ੱਕ (ਸ਼ਾਕਿਯ) ਰਾਜ ਤੇ ਕੌਲੀਆ ਰਾਜ ਵਿੱਚ ਝਗੜੇ ਤੇ ਯੁੱਧ ਹੁੰਦੇ ਰਹਿੰਦੇ ਸਨ । ਯੁੱਧਾਂ ਵਿੱਚ ਕਈ ਬੇਕਸੂਰ ਲੋਕ ਵੀ ਮਾਰੇ ਜਾਂਦੇ। ਇਸ ਵਾਰ ਵੀ ਝਗੜਾ ਵੱਧ ਗਿਆ। ਸ਼ੱਕ (ਸ਼ਾਕਿਯ) ਰਾਜ ਦੇ ਰਾਜਾ ਨੇ ਆਪਣੇ ਰਾਜ ਵਿੱਚੋਂ ਹਰੇਕ ਘਰ ਵਿੱਚੋਂ ਇੱਕ ਆਦਮੀ ਯੁੱਧ ਵਿੱਚ ਭੇਜਣ ਦਾ ਮੰਤਰੀ ਮੰਡਲ ਵਿੱਚ ਵਿਚਾਰ ਰੱਖਿਆ । ਸਿਧਾਰਥ ਗੋਤਮ ਦੇ ਪਿਤਾ ਨੂੰ ਵੀ ਕਿਹਾ ਕਿ ਉਹ ਵੀ ਆਪਣੇ ਘਰ ਵਿੱਚੋਂ ਇੱਕ ਜੀਅ ਭੇਜੇ। ਸਿਧਾਰਥ ਉਸ ਵਕਤ 29 ਸਾਲ ਦੇ ਸਨ । ਉਹਨਾਂ ਨੇ ਯੁੱਧ ਦੀ ਜਗ੍ਹਾ ਸ਼ਾਂਤੀ ਨਾਲ ਗੁਆਂਢੀ ਰਾਜ ਨਾਲ ਗੱਲਬਾਤ ਕਰ ਕੇ ਇਸ ਦਾ ਸਥਾਈ ਹੱਲ ਲੱਭਣ ਦੀ ਸਲਾਹ ਦਿੱਤੀ । ਉਸ ਦੀ ਇਸ ਸਲਾਹ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਗਿਆ ਕਿ ਰਾਜਕੁਮਾਰ ਸਿਧਾਰਥ ਗੌਤਮ ਯੁੱਧ ਕਰਨ ਤੋਂ ਡਰ ਗਿਆ ਹੈ । ਯੁੱਧ ਵਿੱਚ ਨਾ ਜਾਣ ਕਰਕੇ ਉਸ ਦੇ ਪਿਤਾ ਸਿਧੋਦਨ ਨੂੰ ਦੇਸ਼-ਨਿਕਾਲਾ ਦਿੱਤਾ ਜਾਵੇ । ਸਿਧਾਰਥ ਗੌਤਮ ਨੇ ਤਰਕ ਦਿੱਤਾ ਕਿ ਇਹ ਗੁਨਾਹ ਮੇਰਾ ਹੈ ਦੇਸ਼ ਨਿਕਾਲੇ ਦੀ ਸਜ਼ਾ ਵੀ ਸਿਧਾਰਥ ਗੌਤਮ ਹੀ ਭੁਗਤੇਗਾ । ਸਿਧਾਰਥ ਗੌਤਮ ਨਾ ਤਾਂ ਡਰਪੋਕ ਸਨ ਤੇ ਨਾ ਹੀ ਕਮਜ਼ੋਰ ਤੇ ਨਾ ਹੀ ਬੇਸਮਝ ਸਨ ਜਿਵੇਂ ਕਿ ਉਹਨਾਂ ਦੇ ਵਿਰੋਧੀਆਂ ਨੇ ਉਹਨਾਂ ਨੂੰ ਦਰਸਾਇਆ ਕਿ ਉਹ ਜੀਵਨ ਦੇ ਚਾਰ ਦੁੱਖ ਦੇਖ ਕੇ ਜ਼ਿੰਦਗੀ ਤੋਂ ਉਪਰਾਮ ਹੋ ਗਏ ਸਨ ਜੋ ਕਿ ਤਰਕ ਸੰਗਤ ਨਹੀਂ । 29 ਸਾਲਾਂ ਦਾ ਯੁਵਕ ਜੋ ਸ਼ਾਦੀ ਸ਼ੁਦਾ ਤੇ ਇੱਕ ਬੱਚੇ ਦਾ ਪਿਓ ਵੀ ਸੀ ਕਿਵੇਂ ਹੋ ਸਕਦਾ ਕਿ ਉਸ ਨੇ ਕੀ ਇਹ ਚਾਰੇ ਦੁੱਖਾਂ ਵਿੱਚੋਂ ਕੋਈ ਵੀ ਨਹੀਂ ਦੇਖਿਆ ਹੋਵੇਗਾ । ਗੱਲ ਕਰ ਰਹੇ ਸੀ ਸਿਧਾਰਥ ਗੌਤਮ ਦੀ , ਤੇ ਉਸ ਨੇ ਦੇਸ਼ ਨਿਕਾਲਾ ਦੀ ਸਜ਼ਾ ਨੂੰ ਕਬੂਲਦਿਆਂ ਹੋਇਆਂ ਕਿਹਾ ਕਿ ਮੈਂ ਆਪਣੀ ਗੱਲ ਤੇ ਕਾਇਮ ਹਾਂ ਇਹਨਾਂ ਨੂੰ ਇਹ ਨਹੀਂ ਪਤਾ ਕਿ ਇਹ ਕੀ ਕਰ ਰਹੇ ਹਨ । ਪਰ ਬਾਅਦ ਵਿੱਚ ਅਹਿਸਾਸ ਹੋਵੇਗਾ ਕਿ ਮੈਂ ਠੀਕ ਸੀ । ਸਿਧਾਰਥ ਗੌਤਮ ਘਰੋਂ ਨਿੱਕਲ ਗਏ ਉਹਨਾਂ ਨਾਲ ਉਹਨਾਂ ਦਾ ਇੱਕ ਸਾਥੀ ਹੋਰ ਵੀ ਸੀ । ਬਾਅਦ ਵਿੱਚ ਮੰਤਰੀ ਮੰਡਲ ਨੇ ਆਪਣਾ ਫੈਸਲਾ ਬਦਲ ਲਿਆ। ਤੇ ਸਿਧਾਰਥ ਗੌਤਮ ਨੂੰ ਵਾਪਸ ਬੁਲਾਉਣ ਲਈ ਸੁਨੇਹਾ ਵੀ ਭੇਜਿਆ ਗਿਆ । ਪਰ ਸਿਧਾਰਥ ਗੌਤਮ ਨੇ ਵਾਪਸ ਆਉਣ ਤੋਂ ਮਨ੍ਹਾ ਕਰ ਦਿੱਤਾ। ਕਿ ਉਹ ਜਰਪੋਕ ਨਹੀਂ ਹੈ, ਉਹ ਆਪਣੇ ਦੇਸ਼ ਨਿਕਾਲੇ ਦੀ ਸਜ਼ਾ ਪੂਰੀ ਕਰੇਗਾ।

ਸਿਧਾਰਥ ਗੌਤਮ ਨੇ ਜਦ ਦੇਖਿਆ ਕਿ ਦੋ ਰਾਜਾਂ ਵਿੱਚ ਪਾਣੀ ਦੇ ਬਹਾਨੇ ਨਾਲ ਹਾ ਮੈਂ ਦੀ ਲੜਾਈ ਲੜਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਤਰਕ ਨੂੰ ਉਹਨਾਂ ਦਾ ਹਾ ਮੈਂ ਸੁਣਨ ਤੇ ਮੰਨਣ ਨੂੰ ਤਿਆਰ ਨਹੀਂ ਹੈ ਤਾਂ ਉਸ ਵਿੱਚੋਂ ਆਪਣੇ ਆਪ ਨੂੰ ਮਨਫੀ ਕਰਨਾ ਬਿਹਤਰ ਸਮਝਿਆ। ਇਸ ਨਾਲ ਮਾਨਸਿਕ ਕਸ਼ਟ ਨਹੀਂ ਹੁੰਦਾ। ਗਲਤ ਫ਼ੈਸਲਿਆਂ ਦੀ ਹਾਮੀ ਭਰਨੀ ਸਾਰੀ ਉਮਰ ਮਾਨਸਿਕ ਕਸ਼ਟ ਦਿੰਦਾ ਹੈ। ਸਹਿਜ ਦੀ ਪ੍ਰਾਪਤੀ ਦੇ ਲਈ ਅਜਿਹਾ ਰਿਆਜ਼ ਕਰਨਾ ਹੀ ਪੈਂਦਾ। ਇਹ ਵਿਚਾਰਕ ਤੌਰ ਤੇ ਤਰਕ ਦੇ ਪਰਪੱਕ ਸ਼ਖਸ ਤੋਂ ਹੀ ਉਮੀਦ ਕੀਤੀ ਜਾ ਸਕਦੀ ਹੈ।

ਪੰਜਾਬੀ ਦੀ ਇੱਕ ਕਹਾਵਤ ਹੈ ਮੱਝ ਅੱਗੇ ਬੀਨ ਬਜਾਉਣਾ। ਭਾਵ ਜਦੋਂ ਅਸੀਂ ਸਮਾਨ ਬੋਧਿਕ ਸੱਤਰ ਵਿੱਚ ਤਰਕ ਨਾ ਕਰੀਏ। ਤੇ ਸਾਡੇ ਨਾਲ ਕੋਈ ਸਹਿਮਤ ਨਾ ਹੋਵੇ ਤੇ ਅਸੀਂ ਆਪਣੇ ਆਪ ਨੂੰ ਮਨੋਰੋਗ ਲਗਵਾ ਲਈਏ । ਜਦ ਕਿ ਚਾਹੀਦਾ ਤਾਂ ਇਹ ਹੈ ਕਿ ਅਸੀਂ ਖਾਮੋਸ਼ ਰਹੀਏ। ਜੇ ਕੋਈ ਸਾਡੇ ਨਾਲੋਂ ਜ਼ਿਆਦਾ ਕਾਬਲ ਹੈ ਉਸ ਦੀ ਗੱਲ ਨੂੰ ਧਿਆਨ ਨਾਲ ਸੁਣੀਏ ਸਮਝੀਏ। ਜਿਵੇਂ ਵਿਦਿਆਰਥੀ ਆਪਣੇ ਅਧਿਆਪਕ ਦੀ ਗੱਲ ਸੁਣਦਾ ਹੈ। ਤਦ ਸਾਨੂੰ ਸੁਣਨ ਵਿੱਚ ਪੀੜਾ ਨਹੀ ਹੁੰਦੀ, ਸਗੋਂ ਨਾ ਸੁਣਨ ਵਿੱਚ ਸਾਰੀ ਉਮਰ ਪੀੜਾ ਹੁੰਦੀ ਹੈ ਕਿ ਅਧਿਆਪਕ ਦੀ ਗੱਲ ਉੱਦੋਂ ਮੰਨ ਲਈ ਹੁੰਦੀ ਤਾਂ ਚੰਗਾ ਸੀ।

ਇਹ ਸਹਿਜਤਾ ਤੇ ਅਸਹਿਜਤਾ ਗੱਲਾਂ ਬਾਤਾਂ ਤੋਂ ਹੀ ਪਤਾ ਨਹੀਂ ਲੱਗਦਾ ਸਗੋਂ ਸਾਡੇ ਪਹਿਰਾਵੇ ਤੋਂ ਵੀ ਝਲਕ ਪੈਂਦੀ ਹੈ। ਇੱਕ ਪਾਰਟੀ ਵਿੱਚ ਸਭ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਵਿੱਚ ਮਰਦਾਂ ਨੇ ਆਮ ਕੋਟ ਪਿੰਟਾਂ ਕਮੀਜ਼ਾਂ ਪਾਈਆਂ ਹੋਈਆਂ ਸਨ। ਤੇ ਔਰਤਾਂ ਵਿੱਚ ਔਰਤਾਂ ਨੇ ਸਾਧਾਰਣ ਸ਼ੂਟ ਸਲਵਾਰਾਂ ਲਹਿੰਗੇ ਚੋਲੀਆਂ ਪਾਈਆਂ ਹੋਈਆਂ ਸਨ । ਉਹਨਾਂ ਸਾਰੀਆਂ ਵਿੱਚ ਇੱਕ ਅੱਧਖੜ੍ਹ ਔਰਤ ਨੇ ਆਪਣਾ ਅੱਧ ਪਚੱਧਾ ਜਿਸਮ ਢੱਕਿਆ ਹੋਇਆ ਸੀ ਤੇ ਬਹੁਤ ਹੀ ਅਲੱਗ ਤਰ੍ਹਾਂ ਨਜ਼ਰ ਆ ਰਹੀ ਸੀ। ਉਹ ਕੋਈ ਸੈਲੀਬਰਿਟੀ ਨਹੀਂ ਸੀ ਕਿ ਜਿਸ ਨੂੰ ਆਮ ਲੋਕ ਜਾਣਦੇ ਹੋਣਗੇ। ਅਜਿਹੀ ਪੁਸ਼ਾਕ ਜਿਨ੍ਹਾਂ ਦਾ ਕਿੱਤਾ ਕਲਾਕਾਰਾਂ ਵਾਲਾ ਹੋਵੇ ਤਾਂ ਮੰਨਿਆ ਜਾ ਸਕਦਾ ਹੈ ਜਿਵੇਂ ਫ਼ਿਲਮੀ ਕਲਾਕਾਰ।

ਪਰ ਆਮ ਵਿਅਕਤੀ ਅਸਾਧਾਰਣ ਪੁਸ਼ਾਕ ਪਹਿਨੇ ਤਾਂ ਉਹ ਖੁਦ ਵੀ ਅਸਹਿਜ ਮਹਿਸੂਸ ਕਰਦਾ ਹੋਵੇਗਾ ਤੇ ਸ਼ਾਇਦ ਬਾਕੀ ਵੀ । ਐਡਵਾਂਸ ਸੋਚ ਦੇ ਨਾਂ ਤੇ ਸਮਾਜ ਨੂੰ ਅਸੀਂ ਕੀ ਵੰਡ ਰਹੇ ਹਾਂ । ਅਜਿਹਾ ਨਹੀਂ ਉਸ ਪਾਰਟੀ ਵਿੱਚ ਅਮੀਰ ਆਦਮੀ ਤੇ ਔਰਤਾਂ ਸ਼ਾਮਿਲ ਨਹੀਂ ਸਨ । ਔਡੀ ਤੇ ਬੀ ਐਮ ਡਬਲਯੂ ਕਾਰਾਂ ਵਾਲੇ ਵੀ ਸਨ । ਪਰ ਸਾਰਿਆਂ ਦੀ ਦਿੱਖ ਸਾਧਾਰਣ ਸੀ । ਪਰ ਇਹ ਔਰਤ ਮਰਦ ਬੋਲੇਨੋ ਵਿੱਚ ਗਏ ਤਾਂ ਉੱਥੇ ਕੁਝ ਔਰਤਾਂ ਮਰਦ ਇੱਕ ਦੂਜੇ ਦੇ ਮੂੰਹ ਵੱਲ ਵੀ ਦੇਖ ਰਹੇ ਸਨ । ਉਸ ਦੇ ਘਰ ਵਾਲੇ ਨੇ ਸਾਧਾਰਣ ਜਿਹੀ ਪਿੰਟ ਤੇ ਟੀ ਸ਼ਰਟ ਪਹਿਨ ਰੱਖੀ ਸੀ।

f ਇਹ ਸਾਫ ਨਿਸ਼ਾਨੀ ਸੀ ਕਿ ਜ਼ਿੰਦਗੀ ਦੀ ਗੱਡੀ ਪਟੜੀ ਤੋਂ ਜਾਂ ਤਾਂ ਉੱਤਰ ਚੁੱਕੀ ਸੀ ਜਾਂ ਫਿਰ ਉਤਰਨ ਵਾਲੀ ਸੀ। ਜ਼ਿੰਦਗੀ ਦੀ ਇੱਕ ਖਾਸੀਅਤ ਹੈ ਕਿ ਜਦੋਂ ਵੀ ਜ਼ਿੰਦਗੀ ਦੀ ਗੱਡੀ ਪਟੜੀ ਤੋਂ ਉੱਤਰਨ ਵਾਲੀ ਹੁੰਦੀ ਹੈ ਇਹ ਇਸ਼ਾਰਿਆਂ ਵਿੱਚ ਦੱਸਣ ਲੱਗ ਪੈਂਦੀ। ਜਾਂ ਤਾਂ ਸਹਿਜ ਰਾਹ ਤੋਂ ਭਟਕ ਜਾਂਦੀ ਹੈ ਜਾਂ ਇਸ ਦਾ ਇੰਜਣ ਖੜ ਖੜ ਕਰ ਕੇ ਸ਼ੋਰ ਪਾਉਣਾ ਸ਼ੁਰੂ ਕਰ ਦਿੰਦਾ ਹੈ । ਦੇਰ ਸਵੇਰ ਇਸ ਨੇ ਪਟੜੀ ਤੋਂ ਉਤਰਨਾ ਹੀ ਹੁੰਦਾ ਹੈ ਤੇ ਤਹਿਸ ਨਹਿਸ ਹੋਣਾ ਹੀ ਹੁੰਦਾ ਹੈ।

# ਮਨੁੱਖੀ ਅਧਿਕਾਰਾਂ ਦਾ ਘਾਣ: ਚਿੰਤਾ ਅਤੇ ਚਿੰਤਨ



ਗੁਰਮੀਤ ਪਲਾਹੀ
91-98158-02070

ਮਨੁੱਖ ਦਾ ਇਸ ਸ੍ਰਿਸ਼ਟੀ ਉੱਤੇ ਮੁੱਢਲਾ ਅਧਿਕਾਰ ਸਾਫ਼ ਹਵਾ, ਸ਼ੁੱਧ ਪਾਣੀ, ਚੰਗੀ ਖੁਰਾਕ ਹੈ। ਮਨੁੱਖ ਦੇ ਇਸ ਸ੍ਰਿਸ਼ਟੀ ਉੱਤੇ ਜਨਮ,ਸੋਝੀ ਅਤੇ ਵਿਕਾਸ ਦੇ ਚਲਦਿਆਂ, ਸ਼ੈਤਾਨ ਪ੍ਰਵਿਰਤੀ ਵਾਲੇ ਲੋਕਾਂ ਨੇ ਮਨੁੱਖ ਦੇ ਮੁੱਢਲੇ ਅਧਿਕਾਰਾਂ ਦਾ ਹਨਨ ਕੀਤਾ ਅਤੇ ਇਹ ਵਰਤਾਰਾ ਲਗਾਤਾਰ ਜਾਰੀ ਹੈ।

ਇਸ ਵਰਤਾਰੇ ਨਾਲ਼ ਕਬੀਲਿਆਂ 'ਚ ਯੁੱਧ ਹੋਏ, ਤਕੜੇ ਨੇ ਮਾੜੇ ਨੂੰ ਮਾਰਨ, ਮਨੁੱਖ ਦੇ ਸਰੀਰ ਅਤੇ ਸੋਚ ਨੂੰ ਗੁਲਾਮ ਕਰਨ ਦਾ ਯਤਨ ਕੀਤਾ, ਇਹ ਪ੍ਰਵਿਰਤੀ ਸੰਸਾਰ ਪੱਧਰ 'ਤੇ ਵਾਪਰੀ। ਸੰਸਾਰ ਯੁੱਧ ਹੋਏ। ਇਹ ਵਰਤਾਰਾ ਅਤੇ ਮਾਰੂ ਪ੍ਰਵਿਰਤੀ ਮਨੁੱਖ ਦੇ ਅਧਿਕਾਰਾਂ ਦੀ ਦੁਸ਼ਮਣ ਬਣੀ ਨਜ਼ਰ ਆ ਰਹੀ ਹੈ।

ਅਸੀਂ ਦੇਸ਼ ਮਹਾਨ ਭਾਰਤ ਦੇ ਵਾਸੀ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਬੁਰੀ ਤਰ੍ਹਾਂ ਪੀੜਤ ਹਾਂ। ਪਿਛਲੇ ਇੱਕ ਦਹਾਕੇ ਤੋਂ ਭਾਰਤੀਆਂ ਦੇ ਮੁੱਢਲੇ ਹੱਕਾਂ ਉੱਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ, ਉਹਨਾਂ ਦੀ ਬੋਲਚਾਲ ਦੀ ਅਜ਼ਾਦੀ ਖੋਹੀ ਜਾ ਰਹੀ ਹੈ। ਭਾਰਤੀਆਂ ਦੇ ਕੁਦਰਤੀ ਸਾਧਨ ਜਿਵੇਂ ਧੰਨ ਕੁਬੇਰਾਂ ਹੱਥ ਸੌਂਪੇ ਜਾ ਰਹੇ ਹਨ, ਉਹ ਉਹਨਾਂ ਦੇ ਅਧਿਕਾਰਾਂ ਉੱਤੇ ਸਿੱਧਾ ਛਾਪਾ ਹਨ। ਸਰਕਾਰ ਵੱਲੋਂ ਸਰਵਜਨਕ ਸਾਧਨਾਂ ਨੂੰ ਪੂੰਜੀਪਤੀਆਂ ਹੱਥ ਸੌਂਪ ਕੇ ਦੇਸ਼ ਵਾਸੀਆਂ ਨੂੰ ਉਹਨਾਂ ਧੰਨ ਕੁਬੇਰਾਂ ਦੀ ਮਨੁੱਖ ਨੂੰ ਗੁਲਾਮ ਬਣਾਉਣ ਅਤੇ ਉਸ ਦੇ ਕਿਰਤ ਸਾਧਨਾਂ ਦੀ ਲੁੱਟ ਕਰਨ ਦੀ ਖੁੱਲ੍ਹ ਦੇਣਾ ਅਸਲ ਅਰਥਾਂ ਵਿੱਚ ਉਸ ਦੇ ਮਨੁੱਖੀ ਅਧਿਕਾਰਾਂ ਉੱਤੇ ਸਿੱਧਾ ਦਖਲ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੌਜੂਦਾ ਹਕੂਮਤ ਆਮ ਲੋਕਾਂ ਦੇ ਭਲੇ ਲਈ ਗੱਲ ਕਰਦੀ ਹੈ,ਉਹਨਾਂ ਲਈ ਨਿੱਤ ਨਵੀਆਂ ਸਕੀਮਾਂ ਘੜਦੀ ਹੈ, ਰੁਜ਼ਗਾਰ ਪ੍ਰਦਾਨ ਕਰਨ ਦੇ ਫੋਕੇ ਐਲਾਨ ਕਰਦੀ ਹੈ, ਪਰ ਅਸਲ ਅਰਥਾਂ 'ਚ ਸਭ ਕੁਝ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ਼ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਰ ਵਿੱਚ ਲੱਗੀ ਰਹਿੰਦੀ ਹੈ। ਪਿਛਲੇ ਵਰ੍ਹਿਆਂ 'ਚ ਜਿਵੇਂ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕੀਤੇ ਗਏ, ਉਹਨਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾਇਆ ਗਿਆ, ਕਾਲੇ ਖੇਤੀ ਕਾਨੂੰਨ ਪਾਸ ਕਰਨ ਲਈ ਨਾਕਾਮ ਯਤਨ ਕੀਤੇ ਗਏ,ਕਿਸਾਨਾਂ ਉੱਤੇ ਅਣਮਨੁੱਖੀ ਅੱਤਿਆਚਾਰ ਹਕੂਮਤ ਵੱਲੋਂ ਕੀਤੇ ਗਏ, ਉਹ ਅਸਲ ਅਰਥਾਂ ਵਿੱਚ ਅਤਿ ਨਿੰਦਣਯੋਗ ਰਿਹਾ,ਜਿਸ ਦੀ ਦੇਸ-ਵਿਦੇਸ਼ ਵਿੱਚ ਨਿੰਦਾ ਹੋਈ ਅਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਲੋਕਤੰਤਰ ਭਾਰਤ ਦੇ ਮੱਥੇ ਉੱਤੇ ਵੱਡਾ ਕਾਲਾ ਟਿੱਕਾ ਲੱਗਿਆ।

ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਢੰਗ ਨਾਲ਼ ਮੌਜੂਦਾ ਦੌਰ ਵਿੱਚ, ਦਿੱਲੀ ਦੀ ਕੇਂਦਰੀ ਸਰਕਾਰ ਹੁਣ ਵੀ ਕਰ ਰਹੀ ਹੈ, ਸ਼ਾਇਦ ਇਹ ਆਪਣੇ ਆਪ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸਭ ਤੋਂ ਵੱਡੀ ਮਿਸਾਲ ਹੈ।

ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਦੀਆਂ ਬਰੂਹਾਂ 'ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਕਾਰਨ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ, ਉਹਨਾਂ ਉੱਤੇ ਧੂੰਏ ਵਾਲ਼ੇ ਗੋਲੇ ਸੁੱਟਣਾ ਅਤੇ ਉਹਨਾਂ ਨੂੰ ਰੋਕਣਾ ਕੀ ਉਹਨਾਂ ਦੇ ਸੰਵਿਧਾਨ 'ਚ ਮਿਲ਼ੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ?

ਕਿਸਾਨ ਅੰਦੋਲਨ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ। ਕਾਲੇ ਖੇਤੀ ਕਾਨੂੰਨਾਂ ਦੀ ਕੇਂਦਰ ਸਰਕਾਰ ਵੱਲੋਂ ਵਾਪਸੀ ਅਤੇ ਹੋਰ ਮੰਗਾਂ ਮੰਨੇ ਜਾਣ ਉਪਰੰਤ ਕਿਸਾਨ ਚਾਰ ਵਰ੍ਹੇ ਪਹਿਲਾਂ ਦਿੱਲੀ ਂ ਪਰਤ ਆਏ ਸਨ। ਪਰ ਇਹਨਾਂ ਵਰ੍ਹਿਆਂ 'ਚ ਉਹਨਾਂ ਦੀਆਂ ਮੰਗਾਂ ਨਾ ਮੰਨਣਾ ਅਤੇ ਉਹਨਾਂ ਦੀਆਂ ਮੰਗਾਂ ਉੱਤੇ ਵਿਚਾਰ ਨਾ ਕਰਨਾ ਫਿਰ ਸਿਰਫ਼ ਗੁੰਮਰਾਹਕੁੰਨ ਬਿਆਨਾਂ ਨਾਲ਼ ਉਹਨਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ, ਕਿੱਥੋਂ ਤੱਕ ਜਾਇਜ਼ ਹੈ?

ਕਿਸਾਨਾਂ ਦੀ ਇੱਕੋ ਇੱਕ ਅਹਿਮ ਮੰਗ ਕਿ ਉਹਨਾਂ ਦੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ। ਪਰ ਇਸ ਤੋਂ ਟਾਲ਼ਾ ਵੱਟ ਕੇ ਕਿਹਾ ਇਹ ਜਾ ਰਿਹਾ ਹੈ ਕਿ ਮੋਦੀ ਦੀ ਗਰੰਟੀ ਹੈ ਕਿ ਸਰਕਾਰ ਖੇਤੀ ਉਤਪਾਦ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੇਗੀ। ਕਿਸਾਨ ਬਿਆਨ ਨੂੰ ਕਿਵੇਂ ਪ੍ਰਵਾਨ ਕਰਨ, ਜਦ ਕਿ ਮੋਦੀ ਦੀਆਂ ਗਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਉਣ ਲਈ ਹੋਰ ਸਾਬਤ ਹੋ ਚੁੱਕੇ ਹਨ।

ਕਿਸਾਨ ਸੜਕਾਂ 'ਤੇ ਹਨ। ਕੀ ਉਹ ਸਿਰਫ਼ ਬਿਆਨਾਂ ਨਾਲ਼ ਪਰਚ ਜਾਣਗੇ। ਕਿਸਾਨਾਂ ਦੇ ਮੁੱਦੇ ਸਰਕਾਰ ਅਨੁਸਾਰ ਵਿਚਾਰ ਦੇ ਲਾਇਕ ਹੀ ਨਹੀਂ ਜਾਂ ਫਿਰ ਉਹਨਾਂ ਨੂੰ ਸੁਲਝਾਉਣ ਲਈ ਸਰਕਾਰ ਇਮਾਨਦਾਰੀ ਨਾਲ ਕੁਝ ਕਰਨਾ ਹੀ ਨਹੀਂ ਚਾਹੁੰਦੀ? ਮਨੁੱਖ ਜਦੋਂ ਪੀੜਤ ਹੁੰਦਾ ਹੈ, ਉਹ ਜਦੋਂ ਮਹਿਸੂਸ ਕਰਦਾ ਹੈ ਕਿ ਉਸ ਨਾਲ਼ ਜ਼ਿਆਦਤੀ ਹੋ ਰਹੀ ਹੈ ਤਾਂ ਉਹ ਅਵਾਜ਼ ਚੁੱਕਦਾ ਹੈ। ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ ਲੜਦਾ ਹੈ।

ਦੇਸ਼ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ,ਉਹ ਸੜਕਾਂ 'ਤੇ ਉੱਤਰਦੇ ਹਨ। ਕਿਸੇ ਖਿੱਤੇ ਦੇ ਲੋਕਾਂ ਦੀ ਬੋਲੀ, ਸੱਭਿਆਚਾਰ, ਪਹਿਰਾਵੇ, ਰਹਿਣ-ਸਹਿਣ ਉੱਤੇ ਟੋਕਾ-ਟਾਕੀ ਹੁੰਦੀ ਹੈ, ਉਹ ਲੋਕ ਗਣਤੰਤਰ ਭਾਰਤ 'ਚ ਰੋਸ ਪ੍ਰਗਟ ਕਰਦੇ ਹਨ। ਦੇਸ ਦੇ ਕਿਸੇ ਖਿੱਤੇ 'ਚ ਹਕੂਮਤ ਜ਼ਿਆਦਤੀ ਕਰਦੀ ਹੈ ਤਾਂ ਲੋਕ ਸੜਕਾਂ 'ਤੇ ਉੱਤਰਦੇ ਹਨ। ਰੋਸ ਪ੍ਰਗਟ ਕਰਨਾ,ਆਪਣੇ ਉੱਤੇ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੂਜਿਆਂ ਨਾਲ ਸਾਂਝ ਪਾਉਣੀ, ਕਿਸੇ ਵੀ ਸਮਾਜ ਵਿੱਚ ਮਨੁੱਖ ਦਾ ਅਧਿਕਾਰ ਹੈ। ਪਰ ਮੌਜੂਦਾ ਹਕੂਮਤ ਵੱਲੋਂ ਜਿਸ ਢੰਗ ਨਾ਼ਲ ਯੂਪੀ 'ਚ ਬੁਲਡੋਜ਼ਰ ਨੀਤੀ ਨਾ਼ਲ ਲੋਕਾਂ ਨੂੰ ਕੁਚਲਿਆ ਗਿਆ, ਕਸ਼ਮੀਰ, ਮਣੀਪੁਰ 'ਚ ਜਿਸ ਢੰਗ ਨਾ਼ਲ ਲੋਕਾਂ ਉੱਤੇ ਅਤਿਆਚਾਰ ਹੋਏ, ਅਵਾਜ਼ ਉਠਾਉਣ ਵਾਲ਼ੇ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ, ਉਹ ਲੋਕਤੰਤਰੀ ਕਦਰਾਂ-ਕੀਮਤਾਂ ਉੱਤੇ ਵੱਡੇ ਸਵਾਲ ਖੜੇ ਕਰਦਾ ਹੈ।

ਮਨੁੱਖੀ ਅਧਿਕਾਰਾਂ ਦੇ ਮਾਮਲੇ ਉੱਤੇ ਭਾਰਤ ਦੁਨੀਆ ਭਰ 'ਚ ਆਪਣੀ ਪਛਾਣ ਗੁਆ ਰਿਹਾ ਹੈ। ਦੁਨੀਆਂ ਦੇ ਵੱਡੇ ਗਣਤੰਤਰ, ਲੋਕਰਾਜ ਵਿੱਚ ਵੰਨ-ਸੁਵੰਨੇ ਲੋਕ ਵੱਸਦੇ ਹਨ, ਵੱਖੋ-ਵੱਖਰੀਆਂ ਬੋਲੀਆਂ, ਧਰਮ ਸੱਭਿਆਚਾਰ ਵਾਲ਼ੇ ਲੋਕ ਇੱਥੇ ਰਹਿੰਦੇ ਹਨ, ਪਰ ਹਕੂਮਤ ਵੱਲੋਂ ਹਿੰਦੀ, ਹਿੰਦੂ, ਹਿੰਦੁਸਤਾਨ ਬਾਰੇ ਹੀ ਗੱਲ ਕਰਨੀ, ਕੀ ਭਾਰਤੀਆਂ ਦੇ ਮੁੱਢਲੇ ਮਨੁੱਖੀ ਹੱਕਾਂ ਉੱਤੇ ਸਿੱਧਾ ਹਮਲਾ ਨਹੀਂ? ਜਿਹੜਾ ਵੀ ਕੋਈ ਚਿੰਤਕ, ਲੇਖਕ, ਵਿਚਾਰਵਾਨ ਇਸ ਵਿਚਾਰ ਉੱਤੇ ਕਿੰਤੂ-ਪ੍ਰੰਤੂ ਕਰਦਾ ਹੈ, ਉਸ ਨੂੰ ਜੇਲ੍ਹ ਵਿੱਚ ਸੁੱਟਣਾ, ਕੀ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ?

ਮਨੁੱਖੀ ਅਧਿਕਾਰਾਂ ਸੰਬੰਧੀ ਇੱਕ ਰਿਪੋਰਟ ਛਪੀ ਹੈ। ਇਸ ਰਿਪੋਰਟ ਵਿੱਚ 180 ਦੇਸ਼ ਸ਼ਾਮਲ ਕੀਤੇ ਗਏ ਹਨ। ਭਾਰਤ ਦਾ ਸਥਾਨ 150ਵਾਂ ਹੈ। ਬਾਵਜੂਦ ਇਸ ਗੱਲ ਦੇ ਕਿ ਅਸੀਂ ਦੁਨੀਆਂ ਭਰ 'ਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਆਪਣਾ ਡੰਕਾ ਵਜਾਉਣ ਦਾ ਦਾਅਵਾ ਕਰਦੇ ਹਾਂ, ਪਰ ਲੋਕਤੰਤਰ ਦੇ ਮੁੱਢਲੇ ਨਿਯਮਾਂ ਅਤੇ ਭਾਰਤੀ ਸੰਵਿਧਾਨ 'ਚ ਮਿ਼ਲੇ ਭਾਰਤੀਆਂ ਨੂੰ ਮੌਲਿਕ ਅਧਿਕਾਰ ਉਹਨਾਂ ਨੂੰ ਦੇਣ 'ਤੇ ਨਕਾਰਾਤਮਕ ਸੋਚ ਅਤੇ ਰਵੱਈਆ ਅਪਣਾਉਂਦੇ ਹਾਂ।

ਜਿਸ ਢੰਗ ਨਾ਼ਲ ਦੇਸ਼ ਦੇ ਸੰਵਿਧਾਨ ਨੂੰ ਪਿਛਲੇ ਦਹਾਕੇ 'ਚ ਤੋੜਿਆ-ਮਰੋੜਿਆ ਗਿਆ, ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਜ਼ੋਰ ਲੱਗਿਆ,ਕੇਂਦਰ ਨੇ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ, ਉਹ ਅਸਲ ਵਿੱਚ ਸਿਰਫ਼ ਭਾਰਤੀ ਸੰਵਿਧਾਨ ਦੀ ਤੌਹੀਨ ਹੀ ਨਹੀਂ ਸੀ, ਉਹ ਅਸਲ ਅਰਥਾਂ ਵਿੱਚ ਲੋਕਤੰਤਰ ਦੇ ਅਧਿਕਾਰਾਂ ਨੂੰ ਖੰਡਿਤ ਕਰਨ ਸਮਾਨ ਸੀ।

ਅਸੀਂ ਜਦੋਂ ਦੇਸ਼ ਵਿੱਚ ਵਾਪਰ ਰਹੇ ਕਾਲੇ ਦੌਰ ਦੀ ਗੱਲ ਕਰਦੇ ਹਾਂ, ਤਾਂ ਉਸੇ ਵੇਲੇ ਅਸੀਂ ਉਸ ਸੋਚ ਦੀ ਗੱਲ ਕਰਦੇ ਹਾਂ, ਜੋ ਭਾਰਤੀਆਂ ਦੇ ਭਵਿੱਖ ਲਈ ਕਾਲਾ ਧੱਬਾ ਬਣਨ ਜਾ ਰਿਹਾ ਹੈ। ਲੋਕਾਂ ਨੂੰ ਇੱਕੋ ਸੋਚ ਵਿੱਚ ਬੰਨ੍ਹਣਾ ਉਹਨਾਂ ਨੂੰ ਇੱਕੋ ਧਰਮ ਦੇ ਅਨੁਯਾਈ ਬਣਾਉਣ ਲਈ ਪ੍ਰੇਰਣਾ ਜਾਂ ਮਜਬੂਰ ਕਰਨਾ, ਦੂਜੇ ਧਰਮਾਂ ਦੀ ਤੌਹੀਨ ਕਰਨਾ ਅਤੇ ਵਿਰੋਧੀ ਸੋਚ ਨੂੰ ਟਿੱਚ ਜਾਣ ਕੇ, ਉਸ ਨੂੰ ਮਿੱਧਣਾ, ਇੱਕ ਇਹੋ-ਜਿਹਾ ਕਾਰਜ ਦੇਸ਼ ਵਿੱਚ ਬਣਦਾ ਜਾ ਰਿਹਾ ਹੈ, ਜੋ ਲੋਕਤੰਤਰ ਦੇ ਖਾਤਮੇ, ਡਿਕਟੇਟਰਸ਼ਿਪ ਅਤੇ ਇੱਕੋ ਇੱਕ ਸਖ਼ਸ਼ ਦੇ ਉਭਾਰ ਵੱਲ ਵਡੇਰਾ ਅਤੇ ਨਿੰਦਣ ਯੋਗ ਕਦਮ ਹੈ।

ਇਤਿਹਾਸ ਵਿੱਚ ਦਰਜ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਗੰਭੀਰ ਅਤੇ ਪ੍ਰਸਿੱਧ ਉਲੰਘਣ ਯਹੂਦੀਆਂ, ਸਮਲਿੰਗਕਾਂ, ਕਮਿਊਨਿਸਟਾਂ ਅਤੇ ਹੋਰ ਸਮੂਹਾਂ ਨੂੰ ਹਿਟਲਰ ਦਾ "ਦੁਨੀਆਂ ਨੂੰ ਸਾਫ਼ ਕਰਨ" ਦਾ ਏਜੰਡਾ ਸੀ। ਕੀ ਭਾਰਤ ਦੇ ਹਾਕਮ ਇਹਨਾਂ ਦਿਨਾਂ ਵੱਲ ਅੱਗੇ ਤਾਂ ਨਹੀਂ ਵਧ ਰਹੇ?

ਅੱਜ ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਚ ਅੱਜ ਵੀ ਲੋਕ ਹੱਥਾਂ 'ਚ ਮੈਲਾ ਢੋਂਦੇ ਹਨ। ਔਰਤਾਂ ਨਾ਼ਲ ਅੱਜ ਵੀ ਧੱਕਾ ਹੋ ਰਿਹਾ ਹੈ। ਸਾਸ਼ਨ ਵਿੱਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਦੇਸ਼ 'ਚ ਵੋਟਰਾਂ ਨੂੰ ਖਰੀਦਣ ਦੀ ਪ੍ਰਵਿਰਤੀ ਵੱਧ ਰਹੀ ਹੈ। ਘੱਟ ਗਿਣਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿਆਸੀ ਵਿਰੋਧੀਆਂ ਵਿਰੁੱਧ ਉਹਨਾਂ ਨੂੰ ਬਦਨਾਮ ਕਰਨ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਚੇਤੰਨ ਲੋਕਾਂ ਨੂੰ ਅੱਗੇ ਆਉਣਾ ਪਵੇਗਾ।

ਸਮਾਜਿਕ ਬੇਇਨਸਾਫ਼ੀ ਦੇ ਦੌਰ ਵਿੱਚ ਮਨੁੱਖੀ ਅਧਿਕਾਰਾਂ ਦੀ ਜੋ ਗਰੰਟੀ ਘੱਟਦੀ ਜਾ ਰਹੀ ਹੈ, ਉਸ ਨੂੰ ਰੋਕਣਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ। ਮਨੁੱਖੀ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਦੁਰਵਿਵਹਾਰ ਜਾਂ ਭੇਦਭਾਵ ਤੋਂ ਬਚਾਉਂਦਾ ਹੈ, ਕਿਉਂਕਿ ਉਸ ਨੂੰ ਸਭ ਨੂੰ ਸਰੀਰਕ ਅਤੇ ਬੌਧਿਕ ਰੂਪ 'ਚ ਵਿਕਸਿਤ ਹੋਣ ਦਾ ਬਰਾਬਰ ਅਧਿਕਾਰ ਹੈ।

# ਜੱਗ ਹੀ ਬਦਲ ਬਦਲ ਫਿਰ ਬਦਲੇ...

ਸੰਨ 2004 ਵਿਚ ਅਸੀਂ ਅਮਰੀਕਾ ਨਵੇਂ ਨਵੇਂ ਆਏ ਸੀ। ਇਕ ਦਿਨ ਮੈਂ ਕਿਤੇ ਜਾਣ ਲਈ ਸੜ੍ਹਕ ਕੰਢੇ ਬਸ ਸਟਾਪ ‘ਤੇ ਖੜ੍ਹਾ ਸਾਂ। ਇਕ ਸਰਦਾਰ ਜੀ ਨੇ ਮੇਰੇ ਕੋਲ ਆ ਕੇ ਕਾਰ ਰੋਕੀ ਤੇ ਮੈਨੂੰ ਪੁੱਛਿਆ ਕਿ ਤੁਸਾਂ ਕਿੱਥੇ ਜਾਣਾ ਜੇ?

ਮੇਰੀ ਮੰਜਲ ਦਾ ਨਾਂ ਸੁਣਕੇ ਉਨ੍ਹਾਂ ਮੈਨੂੰ ਆਪਣੇ ਨਾ਼ਲ ਕਾਰ ‘ਚ ਬਹਾ ਲਿਆ ਤੇ ਚੱਲ ਪਏ।ਰਾਹ ਵਿਚ ਮੈਂ ਸਰਦਾਰ ਜੀ ਨੂੰ ਵੈਸੇ ਈ ਪੁੱਛ ਲਿਆ ਕਿ ਸਰਦਾਰ ਸਾਹਬ ਤੁਸੀਂ ਕਿੱਥੇ ਜਾ ਰਹੇ ਹੋ ? ਉਹ ਬੜੇ ਮੋਹ ਪਿਆਰ ਨਾਲ ਕਹਿੰਦੇ-‘ਜਿੱਥੇ ਤੁਸਾਂ ਜਾਣਾ ਏਂ, ਮੈਂ ਪਹਿਲਾਂ ਥੇ ਹੀ ਜਾਸਾਂ!’

ਜਦ ਮੈਂ ਕਾਰ ‘ਚੋਂ ਉਤਰਨ ਵੇਲੇ ਉਨ੍ਹਾਂ ਦਾ ਧੰਨਵਾਦ ਕੀਤਾ ਤਾਂ ਉਹ ਬੋਲੇ-‘ਇੰਜ ਕਿਉਂ ਆਖਦੇ ਜੀ...। ਇਹ ਕਾਰ ਵੀ ਧੁਆਡੀ ਏ ਤੇ ਦਾਸ ਵੀ ਧੁਆਡਾ ਭਿਰਾ ਏ!’

ਹੁਣ ਵੀਹ ਸਾਲ ਬਾਅਦ ਕੁੱਝ ਦਿਨ ਪਹਿਲਾਂ ਉਹ ਸਰਦਾਰ ਸਾਹਬ ਮੈਨੂੰ ਇਕ ਵਿਆਹ ਪਾਰਟੀ ਵਿਚ ਅਚਾਨਕ ਮਿ਼ਲ ਪਏ! ਉਨ੍ਹਾਂ ਨੇ ਅੱਜ ਵੀ ਵੀਹ ਸਾਲ ਪਹਿਲਾਂ ਵਰਗੀ ਹੀ ਮਾਇਆ (ਮਾਂਡੀ) ਲੱਗੀ ਵਿਲੱਖਣ ਦਸਤਾਰ ਸਜਾਈ ਹੋਈ ਸੀ ਜਦਕਿ ਮੈਂ ਆਪਣੀ ਸਦਾਬਹਾਰ ਮਨਪਸੰਦ ਨੀਲੀ/ਕਾ਼ਲੀ ਪੱਗ ਦੀ ਥਾਂਹ ਆਪਣੀ ਘਰ ਵਾ਼ਲੀ ਨਾ਼ਲ ‘ਮੈਚਿੰਗ’ ਕਰਦੇ ਰੰਗ ਵਾ਼ਲੀ ਦਸਤਾਰ ਸਜਾਈ ਹੋਈ ਸੀ!



ਇਸ ‘ਤੇ ਮੈਨੂੰ ਕਿਸੇ ਕਵੀ ਦਾ ਸ਼ਿਅਰ ਯਾਦ ਆ ਗਿਆ-
‘ਜੱਗ ਹੀ ਬਦਲ ਬਦਲ ਫਿਰ ਬਦਲੇ
ਸਰਮੱਦ ਨਾ ਸੁਕਰਾਤ ਬਦਲਦੇ !’

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

# ਅਕਲਾਂ ਬਾਝੋਂ ਖੂਹ ਖਾਲੀ



ਡਾ. ਨਿਸ਼ਾਨ ਸਿੰਘ ਰਾਠੌਰ
91-90414-98009

ਅੱਜ ਦਾ ਜ਼ਮਾਨਾ ਤਕਨੀਕ ਦਾ ਜ਼ਮਾਨਾ ਹੈ। ਮਸ਼ੀਨਾਂ ਨੇ ਮਨੁੱਖ ਨੂੰ ਵਿਹਲਾ ਕਰਕੇ ਰੱਖ ਦਿੱਤਾ ਹੈ। ਦਿਨਾਂ ਦੇ ਕੰਮ ਘੰਟਿਆਂ ਵਿੱਚ ਅਤੇ ਘੰਟਿਆਂ ਦੇ ਕੰਮ ਮਿੰਟਾਂ ਵਿੱਚ ਹੋਣ ਲੱਗੇ ਹਨ। ਮਨੁੱਖ ਦੀ ਜ਼ਿੰਦਗੀ ਪਹਿਲਾਂ ਨਾਲੋਂ ਤੇਜ ਅਤੇ ਆਰਾਮਦਾਇਕ ਹੋ ਗਈ ਹੈ। ਪ੍ਰੰਤੂ! ਇੰਨਾ ਕੁਝ ਹੋਣ ਦੇ ਬਾਵਜੂਦ ਵੀ ਅੱਜ ਦਾ ਮਨੁੱਖ ਆਪਣੇ ਮਨ ਦਾ ਚੈਨ ਗੁਆ ਬੈਠਾ ਹੈ। ਸਮਾਜ ਦੀ ਮੌਜੂਦਾ ਸਥਿਤੀ ਵੱਲ ਨਜ਼ਰ ਮਾਰੀਏ ਤਾਂ ਇੰਝ ਲੱਗਦਾ ਹੈ ਕਿ ਅਜੋਕਾ ਮਨੁੱਖ ਜਿੱਥੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਗਿਆ ਹੈ ਉੱਥੇ ਹੀ ਮਾਨਸਿਕ ਰੋਗਾਂ ਦਾ ਸ਼ਿਕਾਰ ਵੀ ਵੱਡੀ ਗਿਣਤੀ ਵਿੱਚ ਹੋ ਰਿਹਾ ਹੈ। ਇਸਦਾ ਮੂਲ ਕਾਰਨ ਹੈ ਮਨੁੱਖ ਵਿੱਚੋਂ ਕੋਮਲ ਸੰਵੇਦਨਾਵਾਂ ਦਾ ਅਲੋਪ ਹੋ ਜਾਣਾ/ ਮਨੁੱਖ ਦਾ 'ਮਸ਼ੀਨ' ਬਣ ਜਾਣਾ। ਖ਼ੈਰ!

ਯਕੀਨਨ, ਸੋਸ਼ਲ- ਮੀਡੀਆ ਦੀ ਆਮਦ ਨੇ ਲੋਕਾਂ ਦੇ ਬੌਧਿਕ ਪੱਧਰ ਨੂੰ ਪੂਰੀ ਦੁਨੀਆਂ ਸਾਹਮਣੇ ਲਿਆ ਕੇ ਰੱਖ ਦਿੱਤਾ ਹੈ। ਅੱਜ ਲੋਕ ਬੇਸ਼ੱਕ! ਪੜ੍ਹ- ਲਿਖ ਗਏ ਹਨ ਪਰ! ਲਿਆਕਤ, ਸਮਝ ਅਤੇ ਵਿਹਾਰ ਪੱਖੋਂ ਬਿਲਕੁਲ ਫਾਡੀ ਹੀ ਕਹੇ ਜਾ ਸਕਦੇ ਹਨ। ਮਨੁੱਖ ਵਿੱਚੋਂ ਸਮਾਜਿਕਤਾ ਖ਼ਤਮ ਹੋ ਗਈ ਜਾਪਦੀ ਹੈ। ਨਿੱਜਤਾ ਦੇ ਨਾਂਅ ਤੇ ਮਨੁੱਖ ਇੱਕਲਾਪੇ ਦਾ ਸ਼ਿਕਾਰ ਹੋ ਗਿਆ ਹੈ। ਸਾਂਝੇ ਪਰਿਵਾਰ ਬੀਤੇ ਵਕਤ ਦੀਆਂ ਬਾਤਾਂ ਹੋ ਗਈਆਂ ਹਨ।

ਲੋਕਾਂ (ਖ਼ਾਸ ਕਰਕੇ ਸਾਡੇ ਪੰਜਾਬੀਆਂ) ਨੂੰ ਮੁਫ਼ਤ ਦੀ ਕੋਈ ਚੀਜ਼ ਹਜ਼ਮ ਨਹੀਂ ਹੁੰਦੀ ਜਾਂ ਇੰਝ ਕਹਿ ਲ ਕਿ ਵਰਤਨੀ ਨਹੀਂ ਆਉਂਦੀ। ਪਹਿਲੀ ਗੱਲ ਤਾਂ ਇਹ (ਪੰਜਾਬੀ ਲੋਕ) ਮੁਫ਼ਤ ਮਿਲੀ ਚੀਜ਼ ਨੂੰ ਮੂੰਹ ਹੀ ਨਹੀਂ ਲਾਉਂਦੇ ਜਾਂ ਫਿਰ ਇੰਨੀ ਵਰਤਦੇ ਹਨ ਕਿ ਦੁਰਵਰਤੋਂ ਹੀ ਸ਼ੁਰੂ ਕਰ ਦਿੰਦੇ ਹਨ। ਅੱਜ ਦੇ ਦੌਰ ਵਿੱਚ ਸੋਸ਼ਲ- ਮੀਡੀਆ ਇਸਦੀ ਜਿਉਂਦੀ- ਜਾਗਦੀ ਮਿਸਾਲ ਕਹੀ ਜਾ ਸਕਦੀ ਹੈ।

ਆਮ ਹੀ ਕਹਾਵਤ ਹੈ; ਬਾਂਦਰ ਦੇ ਹੱਥ ਤੀਲੀ ਆ ਜਾਵੇ ਤਾਂ ਉਹ ਸ਼ਹਿਰ ਦੇ ਸ਼ਹਿਰ/ ਬਸਤੀਆਂ ਦੀਆਂ ਬਸਤੀਆਂ ਸਾੜ ਕੇ ਸੁਆਹ ਕਰ ਦੇਵੇਗਾ। ਬੱਸ ਇਹੋ ਹਾਲ ਸਾਡਾ ਲੋਕਾਂ ਦਾ ਹੋਇਆ ਪਿਆ ਹੈ। ਇਹਨਾਂ ਕੋਲ ਸੋਸ਼ਲ- ਮੀਡੀਆ ਨਾਂਅ ਦੀ ਮਾਚਿਸ ਦੀ ਤੀਲੀ ਹੱਥ ਲੱਗੀ ਹੋਈ ਹੈ, ਇਹਨਾਂ ਨੇ ਸਮਾਜ ਨੂੰ ਸਾੜ ਕੇ ਸੁਆਹ ਕਰ ਦੇਣਾ ਹੈ।

ਅੱਜ ਇੰਝ ਜਾਪਦਾ ਹੈ ਕਿ ਸੋਸ਼ਲ- ਮੀਡੀਆ ਦੀ ਵਰਤੋਂ ਕਰਕੇ ਹਰ ਕੋਈ ਕਲਾਕਾਰ/ ਪੱਤਰਕਾਰ ਬਣ ਗਿਆ ਹੈ। ਹਰ ਰੋਜ਼ ਹਜ਼ਾਰਾਂ ਹੀ ਪੋਸਟਾਂ ਅਤੇ ਵੀਡੀ ਜ਼ ਇੰਟਰਨੈੱਟ ਤੇ ਅਪਲੋਡ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਸਿਰ- ਪੈਰ ਨਹੀਂ ਹੁੰਦਾ। ਜਿਨ੍ਹਾਂ ਵਿੱਚ 'ਕਲਾ' ਨਾਂਅ ਦੀ ਕੋਈ ਸ਼ੈਅ ਨਹੀਂ ਹੁੰਦੀ। ਇਹਨਾਂ ਪੋਸਟਾਂ ਅਤੇ ਵੀਡੀ ਜ਼ ਵਿੱਚ ਕਿਸੇ ਤਰ੍ਹਾਂ ਦਾ ਕੋਈ ਸਾਰਥਕ ਸੁਨੇਹਾ ਵੀ ਨਹੀਂ ਹੁੰਦਾ। ਪਰ! ਪੰਜਾਬੀਆਂ ਨੇ ਇਸ ਦੇ ਵਾਧੂ ਕੰਮ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਹੈ। ਇਹ ਸੱਚਮੁੱਚ! ਬਹੁਤ ਮੰਦਭਾਗੀ ਅਤੇ ਨਾਮੋਸ਼ੀ ਭਰੀ ਗੱਲ ਹੈ।

ਅੱਜ; ਕੀ ਬੱਚਾ ਤੇ ਕੀ ਬੁੱਢਾ? ਘੰਟਿਆਂ- ਬੱਧੀ ਮੋਬਾਇਲ ਫੋਨਾਂ 'ਤੇ ਆਪਣਾ ਕੀਮਤੀ ਟਾਈਮ ਖ਼ਰਾਬ ਕਰਦੇ ਦੇਖੇ ਜਾ ਸਕਦੇ ਹਨ। ਹਾਂ; ਪੜ੍ਹਾਈ ਅਤੇ ਸਿੱਖਿਆ ਪੱਖੋਂ ਇੰਟਰਨੈੱਟ ਅਤੇ ਸੋਸ਼ਲ- ਮੀਡੀਆ ਦੀ ਵਰਤੋਂ ਲਾਹੇਵੰਦ ਕਹੀ ਜਾ ਸਕਦੀ ਹੈ ਪ੍ਰੰਤੂ! ਫ਼ਿਜ਼ੂਲ ਦੇ ਕੰਮਾਂ ਕਰਕੇ ਆਪਣੇ ਜੀਵਨ ਦਾ ਕੀਮਤੀ ਵਕਤ ਖ਼ਰਾਬ ਕਰਨਾ ਕਿਸੇ ਪਾਸੇ ਤੋਂ ਵੀ ਸਿਆਣਪ ਨਹੀਂ ਹੈ। ਖ਼ੈਰ!

ਸੋਸ਼ਲ- ਮੀਡੀਆ ਕਰਕੇ ਅਕਸਰ ਹੀ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਲੋਕ ਬਿਨਾਂ ਜਾਂਚ- ਪੜਤਾਲ ਕੀਤਿਆਂ ਕੁਮੈਂਟ ਅਤੇ ਟਿੱਪਣੀਆਂ ਕਰਨ ਲੱਗਦੇ ਹਨ। ਇਸ ਨਾਲ ਕਈ ਵਾਰ ਸ਼ਹਿਰ, ਸੂਬੇ ਅਤੇ ਮੁਲਕ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਇਸੇ ਲਈ ਦੰਗੇ ਜਾਂ ਫਿਰਕੂ ਹਿੰਸਾ ਦੇ ਮਾਮਲੇ ਵਿੱਚ ਸਰਕਾਰਾਂ ਸਭ ਤੋਂ ਪਹਿਲਾਂ ਇੰਟਰਨੈੱਟ 'ਤੇ ਹੀ ਪਾਬੰਦੀ ਲਗਾਉਂਦੀਆਂ ਹਨ ਤਾਂ ਕਿ ਅਫ਼ਵਾਹਾਂ 'ਤੇ ਕਾਬੂ ਪਾਇਆ ਜਾ ਸਕੇ ਅਤੇ ਸ਼ਰਾਰਤੀ ਅਨਸਰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਾ ਹੋ ਸਕਣ।

ਅੱਜ ਸੋਸ਼ਲ- ਮੀਡੀਆ 'ਤੇ ਝੱਲਿਆਂ, ਸ਼ਦਾਈਆਂ ਅਤੇ ਬੇਵਕੂਫਾਂ ਦੀਆਂ ਪੋਸਟਾਂ ਅਤੇ ਵੀਡੀ ਜ਼ ਨੂੰ ਸਭ ਤੋਂ ਵੱਧ ਵੇਖਿਆ ਜਾਂਦਾ ਹੈ, ਪ੍ਰਚਾਰਿਆ ਜਾਂਦਾ ਹੈ। ਹਾਸੇ- ਠੱਠੇ ਵਿੱਚ ਹੀ ਇਹ 'ਕਮਲੇ' ਸਾਡੇ ਬੱਚਿਆਂ ਦੇ ਰੋਲ- ਮਾਡਲ ਬਣ ਗਏ ਹਨ। ਅੱਜ ਬੱਚਿਆਂ ਨੂੰ ਦਸ ਗੁਰੂ ਸਾਹਿਬਾਨ ਦੇ ਨਾਮ ਭਾਵੇਂ ਨਹੀਂ ਪਤਾ ਪਰ! ਫਿਲਮੀ ਐਕਟਰਾਂ ਦੀ ਪੂਰੀ ਜਾਣਕਾਰੀ ਹੈ। ਖ਼ੈਰ! ਇਹ ਤਾਂ ਆਮ ਲੋਕਾਂ ਦੀ ਗੱਲ ਹੋਈ। ਪਰ ਹੁਣ ਪੜ੍ਹੇ- ਲਿਖੇ ਅਤੇ ਸਿਆਣੇ ਲੋਕ ਵੀ ਪਿੱਛੇ ਨਹੀਂ ਰਹੇ।

ਕੁਝ ਦਿਨ ਪਹਿਲਾਂ ਇੱਕ ਵੀਡੀ ਵਾਇਰਲ ਹੋਈ। ਇੱਕ ਪਸ਼ੂ ਦੀ ਲੱਤ ਟੁੱਟੀ ਹੋਈ ਹੈ। ਉਹ ਸੜਕ ਦੇ ਕਿਨਾਰੇ 'ਤੇ ਬੈਠਾ ਹੈ। ਇੱਕ 'ਸਿਆਣੇ' ਨੇ ਲਿਖਿਆ; "ਕੁਮੈਂਟ ਵਿੱਚ (ਧਾਰਮਿਕ ਸ਼ਬਦ) ਲਿਖੋ ਤਾਂ ਕਿ ਇਸ 'ਵਿਚਾਰੇ' ਦਾ ਦਰਦ ਘੱਟ ਹੋ ਜਾਵੇ!!" ਹੁਣ ਉਸ ਭੱਦਰ-ਪੁਰਸ਼ ਨੂੰ ਚਾਹੀਦਾ ਸੀ ਕਿ ਜਖ਼ਮੀ ਪਸ਼ੂ ਦਾ ਇਲਾਜ ਕਰਵਾਉਂਦਾ। ਪਰ ਸੋਸ਼ਲ- ਮੀਡੀਆ ਤੇ ਵੀਡੀ ਪਾਉਣ ਨਾਲ ਉਸ ਜਾਨਵਰ ਦਾ ਦਰਦ ਕਿਵੇਂ ਘੱਟ ਹੋ ਸਕਦਾ ਹੈ?

ਸੋਸ਼ਲ- ਮੀਡੀਆ 'ਤੇ ਵਾਇਰਲ ਵੀਡੀ ਚੀਨ ਜਾਂ ਜਪਾਨ ਦੀ ਹੁੰਦੀ ਹੈ। ਨਵੀਂ ਤਕਨੀਕ ਦੀ ਗੱਲ ਹੋ ਰਹੀ ਹੁੰਦੀ ਹੈ। ਪਰ ਸਾਡੇ ਲੋਕ ਧਾਰਮਿਕ (ਗੀਤ) ਐਡਿਟ ਕਰ- ਕਰਕੇ ਪਰਮਾਤਮਾ ਤੋਂ ਬਲਿਹਾਰੇ ਜਾ ਰਹੇ ਹੁੰਦੇ ਹਨ। ਚੀਨ, ਜਪਾਨ ਵਾਲਿਆਂ ਨੂੰ ਭਾਵੇਂ ਚਿੱਤ- ਚੇਤਾ ਵੀ ਨਾ ਹੋਵੇ ਕਿ ਉਹ ਕਿਸੇ 'ਰੱਬੀ ਨਿਆਮਤ' ਦੀ ਵਰਤੋਂ ਕਰ ਰਹੇ ਹਨ।

ਪਿੱਛੇ ਜਿਹੇ ਇੱਕ ਮਸਜਦ (ਜਿਸਦਾ ਨਾਂਅ ਅੱਲ ਨਬਵੀ) ਮਸਜਿਦ ਹੈ ਅਤੇ ਇਹ ਸਾਉਦੀ ਅਰਬ ਵਿੱਚ ਸਥਿਤ ਹੈ, ਦੀ ਵੀਡੀ ਵਾਇਰਲ ਹੋਈ। ਦਰਅਸਲ ਇਸ ਮਸਜਿਦ ਦੀ ਛੱਤ ਖੁੱਲ੍ਹ ਜਾਂਦੀ ਹੈ, ਇਹ ਕੋਈ ਕ੍ਰਿਸ਼ਮਾ, ਕਰਾਮਾਤ ਜਾਂ ਅਗੰਮੀ ਸ਼ਕਤੀ ਦਾ ਪ੍ਰਭਾਵ ਨਹੀਂ ਬਲਕਿ ਕਾਰੀਗਰਾਂ ਦੀ ਮਿਹਨਤ ਦਾ ਕਮਾਲ ਹੈ। ਇੰਗਲੈਂਡ ਵਿੱਚ ਇੱਕ ਪੁਲ਼ ਹੈ; ਜਿਸਨੂੰ 'ਲੰਡਨ ਬ੍ਰਿਜ' ਕਹਿੰਦੇ ਹਨ; ਉਹ ਵੀ ਖੁੱਲ੍ਹ ਜਾਂਦਾ ਹੈ। ਇਹ ਕੋਈ ਰੱਬੀ ਚਮਤਕਾਰ ਦਾ ਨਤੀਜਾ ਨਹੀਂ ਹੈ ਬਲਕਿ ਮਨੁੱਖੀ ਮਿਹਨਤ ਦਾ ਸਿੱਟਾ ਹੈ। ਪਰ! ਸਾਡੇ ਲੋਕਾਂ ਨੇ ਧਾਰਮਿਕ ਗੀਤਾਂ 'ਤੇ ਵੀਡੀ ਜ਼ ਐਡਿਟ ਕਰ- ਕਰਕੇ 'ਅਗੰਮੀ ਸ਼ਕਤੀਆਂ' ਦਾ ਧੰਨਵਾਦ ਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ।

ਭਾਰਤ ਵਿੱਚ ਹਰ ਰੋਜ਼ ਐਸੇ ਸੈਂਕੜੇ ਪਾਖੰਡੀ ਬਾਬਿਆਂ ਦੀਆਂ ਵੀਡੀ ਜ਼ ਵਾਇਰਲ ਹੁੰਦੀਆਂ ਹਨ ਜਿਹੜੇ ਅਖੌਤੀ ਚਮਤਕਾਰ ਕਰਕੇ ਆਮ ਲੋਕਾਂ ਨੂੰ ਮੂਰਖ਼ ਬਣਾ ਰਹੇ ਹੁੰਦੇ ਹਨ। ਲੋਕ ਧੜਾਧੜ ਅਜਿਹੀਆਂ ਵੀਡੀ ਜ਼ ਨੂੰ ਸ਼ੇਅਰ ਵੀ ਕਰਦੇ ਹਨ। ਦੂਜੇ ਪਾਸੇ ਹੈਰਾਨੀ ਅਤੇ ਹੱਦ ਉਦੋਂ ਹੁੰਦੀ ਹੈ ਜਦੋਂ ਵਿਦਵਾਨਾਂ ਦੇ ਲੇਖ, ਲੈਕਚਰ, ਵੀਡੀ ਜ਼ ਅਤੇ ਹੋਰ ਲਾਹੇਵੰਦ ਵਿਚਾਰਾਂ ਨੂੰ ਕੋਈ ਸੁਣਦਾ-ਦੇਖਦਾ ਨਹੀਂ। ਫੇਰ ਸਿਆਣਪ ਕਿੱਥੋਂ ਆਉਣੀ ਹੈ? ਫੇਰ ਤਾਂ ਬੇਵਕੂਫਾਂ ਨੇ ਹੀ ਸਾਡੇ ਮਨਾਂ 'ਤੇ ਪ੍ਰਭਾਵ ਪਾਉਣਾ ਹੈ ਅਤੇ ਅਸੀਂ ਮੂਰਖ਼ ਬਣਨਾ ਹੈ।

ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਸੋਸ਼ਲ- ਮੀਡੀਆ ਅਸਲੋਂ ਹੀ ਮਾੜਾ ਹੈ। ਪ੍ਰੰਤੂ! ਬਿਨਾਂ ਸੋਚੇ- ਸਮਝੇ, ਅੰਨ੍ਹੇਵਾਹ ਪੋਸਟਾਂ ਅਤੇ ਵੀਡੀ ਜ਼ ਨੂੰ ਫਾਰਵਡ ਕਰੀ ਜਾਣਾ; ਅਫ਼ਵਾਹਾਂ ਦੇ ਭਾਗੀਦਾਰ ਬਣੀ ਜਾਣਾ; ਨਿਰੀ ਮੂਰਖ਼ਤਾ ਹੈ ਹੋਰ ਕੁਝ ਨਹੀਂ।

ਸਭ ਤੋਂ ਪਹਿਲਾਂ ਪੋਸਟ ਜਾਂ ਵੀਡੀ ਦੀ ਪ੍ਰਮਾਣਿਕਤਾ ਜਾਂਚ ਲੈਣੀ ਚਾਹੀਦੀ ਹੈ ਫੇਰ ਹੀ ਅੱਗੇ ਭੇਜਣੀ ਚਾਹੀਦੀ ਹੈ। ਦੂਜੀ ਗੱਲ, ਮਿਹਨਤੀ ਲੋਕਾਂ ਦੀਆਂ ਪੋਸਟਾਂ, ਲੇਖ, ਲੈਕਚਰ ਜਾਂ ਵੀਡੀ ਜ਼ ਹੀ ਦੇਖਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਕੋਈ ਸੇਧ ਹੋਵੇ, ਸਿੱਖਿਆ ਹੋਵੇ। ਐਵੇਂ ਕਿਸੇ 'ਲੱਲੂ' ਨੂੰ ਆਪਣੇ ਅਤੇ ਆਪਣੇ ਬੱਚਿਆਂ ਦੇ ਮਨਾਂ 'ਤੇ ਪ੍ਰਭਾਵ ਨਾ ਪਾਉਣ ਦਿਓ। ਚੰਗੇ ਸਮਾਜ ਦੀ ਸਿਰਜਣਾ ਵਿੱਚ ਸੋਸ਼ਲ- ਮੀਡੀਆ ਦੀ ਵਰਤੋਂ ਰਾਹੀਂ ਆਪਣਾ ਹਿੱਸਾ ਪਾ । ਪਰ ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

### ਸੱਚੀ ਦਾਸਤਾਨ

# "ਵਾਹਿਗੁਰੂ ਜੀ, ਅਜਿਹੇ ਬੁਰੇ ਲੋਕਾਂ ਨੂੰ ਸਧਾਰੋ"

92 ਸਾਲਾਂ ਦੀ ਮਾਤਾ ਹਰਨਾਮ ਕੌਰ ਆਪਣੇ ਘਰ ਦੀ ਰਸੋਈ ਵਿੱਚ ਚਾਹ ਬਣਾਉਣ ਵਿੱਚ ਮਗਨ ਸੀ। ਬਾਹਰ ਪੰਛੀਆਂ ਦੀ ਚਹਿਕ ਵਾਪਰ ਰਹੀ ਸੀ, ਅਤੇ ਸੂਰਜ ਦੀਆਂ ਕਿਰਣਾਂ ਰਸੋਈ ਦੇ ਦਰਵਾਜ਼ੇ ਵਿਚੋਂ ਝਲਕ ਰਹੀਆਂ ਸਨ। ਚਾਹ ਦੀ ਖ਼ੁਸ਼ਬੂ ਨਾਲ ਸਾਰਾ ਘਰ ਮਹਿਕ ਚੁਕਾ ਸੀ। ਇਸ ਦ੍ਰਿਸ਼ ਵਿਚਕਾਰ, ਫੋਨ ਦੀ ਘੰਟੀ ਨੇ ਉਸ ਦਾ ਧਿਆਨ ਖਿੱਚਿਆ। ਹੌਲੀ-ਹੌਲੀ ਲਾਠੀ ਦੇ ਸਹਾਰੇ ਚਲਦੀ ਮਾਤਾ ਨੇ ਫੋਨ ਚੁੱਕਿਆ।

"ਬੀਬੀ ਜੀ," ਇੱਕ ਅਣਜਾਣ ਆਵਾਜ਼ ਨੇ ਕਿਹਾ, "ਮੈਂ ਤੁਹਾਡੇ ਪੁੱਤ ਦਾ ਨਜ਼ਦੀਕੀ ਦੋਸਤ ਹਾਂ। ਮਾੜੀ ਖ਼ਬਰ ਹੈ। ਤੁਹਾਡੇ ਪੁੱਤ ਦਾ ਕੈਨੇਡਾ ਵਿੱਚ ਬਹੁਤ ਭਿਆਨਕ ਕਾਰ ਐਕਸੀਡੈਂਟ ਹੋ ਗਿਆ ਹੈ। ਉਹ ਹਸਪਤਾਲ ਵਿੱਚ ਹੈ ਅਤੇ ਹਾਲਤ ਗੰਭੀਰ ਹੈ। ਜਲਦੀ ਇੱਕ ਲੱਖ ਰੁਪਏ ਭੇਜੋ ਤਾਂ ਉਸ ਦਾ ਇਲਾਜ ਸ਼ੁਰੂ ਕਰਵਾ ਸਕੀਏ।"

ਇਹ ਸੁਣਦੇ ਹੀ ਮਾਤਾ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਸ ਨੇ ਕੰਬਦੀ ਹੋਈ ਆਵਾਜ਼ ਵਿੱਚ ਕਿਹਾ, "ਜਿਹੜਾ ਵੀ ਬੋਲ ਰਿਹਾ ਹੈ ਠੀਕ ਹੈ, ਪਰ ਮੇਰੀ ਗੱਲ ਮੇਰੇ ਪੁੱਤ ਤਾਰੀ ਨਾਲ ਕਰਵਾ ਦਿ ।"

ਫੋਨ ਦੇ ਦੂਜੇ ਪਾਸੇ ਆਵਾਜ਼ ਆਈ, "ਮਾਂ, ਮੈਂ ਤਾਰੀ ਬੋਲਦਾ। ਮੈਂ ਬਰਬਾਦ ਹੋ ਗਿਆ।ਮੇਰੇ ਮੂੰਹ ਦੇ ਚਬਾੜੇ ਟੁੱਟ ਗਏ ਹਨ। ਮੇਥੋ ਬੋਲਿਆ ਨਹੀਂ ਜਾ ਰਿਹਾ। ਫਿਲ ਹਾਲ ਕਿਸੇ ਹੋਰ ਨਾਲ ਗੱਲ ਨਾ ਕਰਨਾ, ਪਹਿਲਾਂ ਮੈਨੂੰ ਜਲਦੀ ਪੈਸੇ ਭੇਜੋ।

ਮਾਤਾ ਹਰਨਾਮ ਕੌਰ ਦਾ ਦਿਲ ਸਹਿਮ ਗਿਆ। ਉਸ ਨੂੰ ਆਪਣੇ ਪੁੱਤ ਨੂੰ ਬਚਾਉਣ ਦੀ ਬੇਸਬਰੀ ਸੀ। ਇੱਕ ਵੱਡੀ ਉਮਰ, ਦੂਜਾ ਲਾਠੀ ਦੇ ਸਹਾਰੇ ਤੁਰਨਾ ਵੀ ਔਖਾ, ਅਤੇ ਤੀਜਾ ਆਪਣੀ ਇਕ ਕਿਡਨੀ ਪੁੱਤ ਨੂੰ ਦੇਣ ਤੋਂ ਬਾਅਦ ਉਸੇ ਪੁੱਤ ਦਾ ਜਹਾਨੋਂ ਚਲੇ ਜਾਣਾ—ਇਹ ਸਭ ਮਾਂ ਲਈ ਘਣੇ ਦੁੱਖ ਦਾ ਕਾਰਨ ਸੀ। ਉਹ ਬੇਹਾਲ ਹੋ ਚੁੱਕੀ ਸੀ ਅਤੇ ਉਸ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ। ਡਿੱਗਦੀ-ਢਹਿੰਦੀ, ਉਹ ਉਸ ਬੈਂਕ ਵਿੱਚ ਪਹੁੰਚੀ ਜਿੱਥੇ ਉਹ ਪੈਨਸ਼ਨ ਲੈਂਦੀ ਸੀ।

ਬੈਂਕ ਵਿੱਚ ਪਹੁੰਚ ਕੇ, ਉਸ ਨੇ ਮੈਨੇਜਰ ਨੂੰ ਸਾਰੀ ਗੱਲ ਦੱਸ ਦਿੱਤੀ। ਮਾਤਾ ਦੀ ਹਾਲਤ ਦੇਖ ਕੇ, ਬੈਂਕ ਮੈਨੇਜਰ ਨੇ ਉਸ ਨੂੰ ਆਪਣੇ ਕੋਲ ਬਿਠਾਇਆ ਅਤੇ ਹੌਸਲਾ ਦਿੱਤਾ।

"ਮਾਤਾ ਜੀ, ਪਾਣੀ ਪੀ । ਤੁਸੀਂ ਧੀਰਜ ਨਾਲ ਮੈਨੂੰ ਸਾਰੀ ਗੱਲ ਦੱਸੋ," ਮੈਨੇਜਰ ਨੇ ਹੌਲੀ ਅਵਾਜ਼ ਵਿੱਚ ਕਿਹਾ।

ਮਾਤਾ ਨੇ ਕੰਬਦਿਆਂ ਆਪਣੀ ਦਾਸਤਾਨ ਦੱਸੀ। ਮੈਨੇਜਰ ਨੇ ਫਟਾਫਟ ਕਾਰਵਾਈ ਕੀਤੀ। ਉਹਨਾਂ ਨੇ ਫੋਨ ਨੰਬਰ ਦੀ ਜਾਂਚ ਕੀਤੀ, ਅਤੇ ਇਹ ਸਪਸ਼ਟ ਹੋ ਗਿਆ ਕਿ ਇਹ ਇੱਕ ਧੋਖੇਬਾਜ਼ ਨੰਬਰ ਹੈ। "ਮਾਤਾ ਜੀ, ਚਿੰਤਾ ਨਾ ਕਰੋ। ਇਹ ਸਿਰਫ਼ ਫ਼ਰਾਡ ਹੈ। ਪੈਸੇ ਭੇਜਣ ਦੀ ਲੋੜ ਨਹੀਂ ਹੈ।"

ਇਸ ਦੁਰਘਟਨਾ ਤੋਂ ਬਾਅਦ ਵੀ ਮਾਤਾ ਦਾ ਦਿਲ ਚਿੰਤਾ ਵਿੱਚ ਸੀ। "ਮੈਂ ਘਰ ਜਾ ਕੇ ਤਾਰੀ ਨਾਲ ਗੱਲ ਕਰਾਂਗੀ," ਉਸ ਨੇ ਹੌਸਲਾ ਜੁਟਾ ਕੇ ਕਿਹਾ। ਘਰ ਪਹੁੰਚ ਕੇ, ਉਸ ਨੇ ਗੁਆਂਢੀ ਪਿੰਟੂ ਨੂੰ ਸਾਰੀ ਗੱਲ ਦੱਸੀ। ਪਿੰਟੂ ਨੇ ਆਪਣੇ ਫੋਨ ਤੋਂ ਕੈਨੇਡਾ ਕਾਲ ਕੀਤੀ। "ਹੈਲੋ, ਤਾਰੀ ਭਾਈ ਸਾਹਬ। ਤੁਸੀਂ ਠੀਕ ਹੋ?"

ਫੋਨ ਦੇ ਦੂਜੇ ਪਾਸੇ ਇੱਕ ਸ਼ਾਂਤ ਆਵਾਜ਼ ਸੀ। "ਹਾਂ, ਪਿੰਟੂ। ਮੈਂ ਠੀਕ ਹਾਂ। ਇੱਥੇ ਸੁਕੂਨ ਨਾਲ ਸੌ ਰਿਹਾ ਹਾਂ। ਰਾਤ ਦਾ ਇੱਕ ਵਜਾ ਹੈ। ਤੁਸੀਂ ਚਿੰਤਾ ਨਾ ਕਰੋ।" ਮੈਂ ਸਵੇਰੇ ਗਲ ਕਰਾਂਗਾ।

ਇਹ ਸੁਣ ਕੇ ਮਾਤਾ ਦੇ ਕੰਬਦੇ ਹੱਥ ਹੌਲੇ-ਹੌਲੇ ਰੁੱਕ ਗਏ। ਉਸ ਦੇ ਚਿਹਰੇ 'ਤੇ ਮੁਸਕਾਨ ਫੈਲ ਗਈ। ਉਸ ਨੇ ਪਿੰਟੂ ਦਾ ਧੰਨਵਾਦ ਕੀਤਾ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਅੰਤ ਵਿੱਚ, ਉਹ ਚਾਹ ਦਾ ਕੱਪ ਲੈ ਕੇ ਬੈਠ ਗਈ। ਉਸ ਦੇ ਮਨ ਵਿੱਚ ਇੱਕ ਅਵਾਜ਼ ਗੂੰਜ ਰਹੀ ਸੀ, "ਵਾਹਿਗੁਰੂ ਜੀ, ਅਜਿਹੇ ਬੁਰੇ ਲੋਕਾਂ ਨੂੰ ਸਧਾਰੋ।"

ਇਸ ਘਟਨਾ ਨੇ ਮਾਤਾ ਨੂੰ ਸਿਖਾ ਦਿੱਤਾ ਕਿ ਧੋਖੇਬਾਜ਼ੀ ਦੇ ਜਾਲ ਵਿੱਚ ਫਸਣ ਤੋਂ ਬਚਣ ਲਈ ਸਦਾ ਸੁਚੇਤ ਰਹਿਣਾ ਚਾਹੀਦਾ ਹੈ।

**ਲੇਖਕ: ਰਾਜਿੰਦਰ ਸਿੰਘ ਰਾਜਨ ਪਠਾਨਕੋਟ**

## ਸ਼ਹੀਦੀ ਦਿਨ

ਮਹਿੰਗੇ ਮੁੱਲ ਮਿਲੇ ਇਹ ਸਾਹ
ਕਾਹਤੋਂ ਲੁਕਾ ਛੁਪਾ ਕੇ ਰੱਖੀਏ
ਆ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ
ਕੀ-ਕੀ ਉੱਤੇ ਦਸਵੇਂ ਪਾਤਸ਼ਾਹ ਬੀਤੀ
ਕਿਵੇਂ ਉਨ੍ਹਾਂ ਪੰਥ ਦੀ ਸਾਜਨਾ ਕੀਤੀ
ਜਾਲਮਾਂ ਕੋਲੋਂ ਉਹ ਕਦੇ ਨਾ ਹਾਰੇ
ਕੌਮ ਉੱਤੋਂ ਕਿਵੇਂ ਸੀ ਚਾਰੇ ਪੁੱਤ ਵਾਰੇ
ਫਰਜ਼ ਸਮਝ ਪੱਖ ਆਪਣਾ ਰੱਖੀਏ
ਆ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ
ਮਹਿੰਗੇ ਮੁੱਲ ਟੋਡਰ ਕਾਹਤੋਂ ਖਰੀਦੀ ਜਮੀਨ
ਭੋਰਾ ਜਾਲਮ ਦੀ ਗੁਰੂ ਜੀ ਨਾ ਮੰਨੀ ਈਨ
ਡਟ ਨਿੱਕੇ-ਨਿੱਕੇ ਬੱਚਿਆਂ ਹਾਕਮ ਵੰਗਾਰੇ
ਠੰਡੇ ਬੁਰਜ ਦਾਦੀ ਪੋਤਿਆਂ ਸੀ ਦਿਨ ਗੁਜ਼ਾਰੇ
ਕਿਵੇਂ ਸ਼ੇਰ ਮੁਹੰਮਦ ਹਾਅ ਦੇ ਨਾਅਰੇ ਮਾਰੇ
ਮਤੀ,ਸਤੀ ਦਾਸ ਤੇ ਮੋਤੀ ਰਾਮ ਮਹਿਰਾ
ਕੱਲਾ-ਕੱਲਾ ਜੀਅ ਸੀ ਕਰਿਆ ਸ਼ਹੀਦ
ਕਿਰਪਾ ਗੁਰੂਆਂ ਦੀ ਦੇਖੋ ਕਿੱਡਾ ਜੇਰਾ
ਸਭ ਦੀ ਕਰ ਕੁਰਬਾਨੀ ਯਾਦ
ਬੈਠ ਵਾਹਿਗੁਰੂ-ਵਾਹਿਗੁਰੂ ਜਪੀਏ
ਆ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ

**– ਚੇਤਨ ਬਿਰਧਨੋ**
**9417558971**



## ਛੇ ਦਸੰਬਰ

ਟੁੱਟੇ ਤਾਰੇ ਟਿਮਟਿਮਾਉਂਦੇ, ਫੱਟ ਗਿਆ ਨੀਲਾ ਅੰਬਰ
ਛੇ ਦਸੰਬਰ ਖੋਹ ਲਿਆ ਸਾਥੋਂ ਸਾਡਾ ਭੀਮ ਪੈਗੰਬਰ

ਦੁਖੀ ਲਤਾੜੇ ਅਤੇ ਪਛਾੜੇ ਲੋਕਾਂ ਦਾ ਦਿਲ ਜਾਨੀ
ਕਮਜ਼ੋਰ ਵਰਗ ਦੇ ਹੱਕਾਂ ਲਈ ਤਲਵਾਰ ਸੀ ਸਦੀ ਕਾਨੀ
ਵਿੱਚ ਮੈਦਾਨੇ ਅੜਕੇ ਖੜਿਆ, ਰਚਿਆ ਨਹੀਂ ਅਡੰਬਰ
ਛੇ ਦਸੰਬਰੇ ਖੋਹ ਲਿਆ ....

ਰੋਣ ਕਰੋੜਾਂ ਅੱਖਾਂ ਉਸ ਨੂੰ ਜਿਉਂ ਅੰਬਰੋਂ ਬਰਸਾਤਾਂ
ਮਾਨਵਤਾ ਦੇ ਹੱਕਾਂ ਲਈ ਸ ਸੁੱਟੀਆਂ ਚੀਰਕੇ ਰਾਤਾਂ
ਮਹਿਲਾਂ ਵਿੱਚ ਤਬਦੀਲ ਕਰ ਗਿਆ ਕੁੱਲੀਆਂ ਢਾਰੇ ਖੰਡਰ
ਛੇ ਦਸੰਬਰੇ ਖੋਹ ਲਿਆ ....

ਬਦਲ ਗਿਆ ਤਕਦੀਰ ਉਹ ਸਭਦੀ ਲਿਖ ਸੰਵਿਧਾਨ ਦੇ ਪੰਨੇ
ਉਹਦੀਆਂ ਲਿਖਤਾਂ ਨੂੰ ਜੱਗ ਜਾਣੇ ਕਲਮ ਨੂੰ ਖ਼ਲਕਤ ਮੰਨੇ
ਪੋਟਾ ਪੋਟਾ ਵਿੰਨ ਸੁੱਟਿਆ ਉਹਨੇ ਕਲਮ ਦੇ ਕਰਕੇ ਅੰਡਰ
ਛੇ ਦਸੰਬਰੇ ਖੋਹ ਲਿਆ ....

"ਚੁੰਬਰਾ" ਸ ਮਸੀਹੇ ਨੂੰ ਅੱਜ ਚੇਤੇ ਦੁਨੀਆਂ ਕਰਦੀ
ਬਾਬਾ ਤੇਰੀ ਚਿਣਗ ਰੌਸ਼ਨੀ ਬਣ ਗਈ ਏ ਘਰ ਘਰ ਦੀ
ਸੰਨ ਉਨੀਂ ਸੌ ਕਹਿਣ ਛਪੰਜਾ ਨਹੀਂ ਭੁੱਲਣਾ ਛੇ ਦਸੰਬਰ
ਖੋਹ ਲਿਆ ਮੌਤ ਕਲੈਹਿਣੀਏ ਸਾਥੋਂ ਸਾਡਾ ਭੀਮ ਪੈਗੰਬਰ
ਹਾਏ ਸਾਡਾ ਭੀਮ ਪੈਗੰਬਰ ....
ਹਾਏ ਸਾਡਾ ਭੀਮ ਪੈਗੰਬਰ ....

**– ਕੁਲਦੀਪ ਚੁੰਬਰ ਕਨੇਡਾ**
**604-902-3237**



## ਕਾਵਿ-ਵਿਅੰਗ/ ਕੁੱਬੇ ਦੇ ਵੱਜੀ ਲੱਤ

ਹੋਣ ਲਈ ਪ੍ਰਵਾਨ ਸਿੱਖ ਪੰਥ ਅੰਦਰ
ਮਿਲ਼ੀ ਸਜ਼ਾ ਨੂੰ 'ਸੇਵਾ' ਪ੍ਰਚਾਰਦੇ ਨੇ।

ਹੁਕਮ ਤਖਤ ਦਾ ਅੱਧਾ ਕੁ ਮੰਨ ਲੀਤਾ
ਲੱਲੇ-ਭੱਬੇ ਲਾ ਉਸਨੂੰ ਤ੍ਰਿਸਕਾਰਦੇ ਨੇ।

ਪੋਚੇ ਪਾਉਣ ਲਈ ਮੁੱਦਾ ਕੋਈ ਲੱਭਦੇ ਸੀ
ਹੋਏ 'ਹਮਲੇ' ਨੂੰ ਅੰਦਰੋਂ ਪਿਆਰਦੇ ਨੇ।

ਕਹਿੰਦੇ ਸਾਡੇ 'ਗੁਨਾਹਾਂ' ਨੂੰ ਭੁੱਲ ਜਾਉ
ਹਰ ਥਾਂਹ ਗੋਲ਼ੀ ਦਾ ਮੁੱਦਾ ਉਭਾਰਦੇ ਨੇ।

ਝਗੜਾ ਚੱਲਦਾ ਦਾਗੀਆਂ ਬਾਗੀਆਂ ਦਾ
ਚਰਚਾ ਰੋਜ ਡਿਬੇਟਾਂ ਵਿਚ ਮਾਣੀਏਂ ਜੀ।

ਵੱਜੀ ਲੱਤ ਜਿਉਂ ਕੁੱਬੇ ਦੇ ਰਾਸ ਆ ਗਈ
ਚੱਲੀ ਗੋਲ਼ੀ ਇਉਂ ਚੌੜੇ ਦੀ ਜਾਣੀਏਂ ਜੀ!



**–ਤਰਲੋਚਨ ਸਿੰਘ ਦੁਪਾਲ ਪੁਰ 001-408-915-1268**

# ਪਰਦੇ ਤੋਂ ਪਰੇ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਡਿਜੀਟਲ ਯੁੱਗ ਵਿੱਚ, ਯੂਟਿਊਬ ਸਿੱਖਣ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਵਜੋਂ ਉਭਰਿਆ ਹੈ, ਖਾਸ ਤੌਰ 'ਤੇ ਉੱਚ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ। ਰਵਾਇਤੀ ਸਿੱਖਿਆ ਮਾਡਲ, ਜੋ ਅਕਸਰ ਮਹਿੰਗੇ ਕੋਚਿੰਗ ਸੰਸਥਾਵਾਂ 'ਤੇ ਨਿਰਭਰ ਹੁੰਦਾ ਹੈ, ਨੂੰ ਪੂਰਕ ਕੀਤਾ ਜਾ ਰਿਹਾ ਹੈ ਅਤੇ, ਕੁਝ ਮਾਮਲਿਆਂ ਵਿੱਚ, ਔਨਲਾਈਨ ਉਪਲਬਧ ਮੁਫਤ, ਉੱਚ ਗੁਣਵੱਤਾ ਵਾਲੀ ਸਮੱਗਰੀ ਦੁਆਰਾ ਬਦਲਿਆ ਜਾ ਰਿਹਾ ਹੈ। ਹਾਲਾਂਕਿ, ਜਦੋਂ ਕਿ ਯੂਟਿਊਬ ਸਿੱਖਿਆ ਤੱਕ ਬੇਮਿਸਾਲ ਪਹੁੰਚ ਪ੍ਰਦਾਨ ਕਰਦਾ ਹੈ, ਇਹ ਸ਼ਿਫਟ ਚੁਣੌਤੀਆਂ ਵੀ ਲਿਆਉਂਦਾ ਹੈ ਜਿਨ੍ਹਾਂ ਨੂੰ ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਹੱਲ ਕਰਨ ਦੀ ਲੋੜ ਹੈ। ਲਚਕਤਾ ਲਗਭਗ ਹਰ ਵਿਸ਼ੇ ਅਤੇ ਵਿਸ਼ੇ ਨੂੰ ਕਵਰ ਕਰਨ ਵਾਲੇ ਲੱਖਾਂ ਵਿਦਿਅਕ ਵੀਡੀ ਜ਼ ਦੇ ਨਾਲ, ਵਿਦਿਆਰਥੀ ਹੁਣ ਆਪਣੀ ਰਫਤਾਰ ਨਾਲ, ਕਿਸੇ ਵੀ ਸਮੇਂ, ਕਿਤੇ ਵੀ ਸਿੱਖ ਸਕਦੇ ਹਨ। ਇਹ ਲਚਕਤਾ ਵਿਸ਼ੇਸ਼ ਤੌਰ 'ਤੇ ਭਾਰਤ ਦੀਆਂ ਦੋ ਸਭ ਤੋਂ ਵੱਧ ਪ੍ਰਤੀਯੋਗੀ ਦਾਖਲਾ ਪ੍ਰੀ-ਖਿਆਵਾਂ, ਜੇਈਈ ਮੇਨ ਅਤੇ ਨੀਟ ਯੂਜੀ ਦੀ ਤਿਆਰੀ ਕਰਨ ਵਾਲਿਆਂ ਲਈ ਮਹੱਤਵਪੂਰਣ ਹੈ। ਯੂਟਿਊਬ ਵਿਆਪਕ ਕੋਰਸਾਂ, ਟੈਸਟ ਰਣਨੀਤੀਆਂ, ਅਤੇ ਸਮੱਸਿਆ ਹੱਲ ਕਰਨ ਵਾਲੇ ਸੈਸ਼ਨਾਂ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਲਈ ਪਹਿਲਾਂ ਕੋਚਿੰਗ ਸੰਸਥਾਵਾਂ ਵਿੱਚ ਕਾਫ਼ੀ ਵਿੱਤੀ ਨਿਵੇਸ਼ ਦੀ ਲੋੜ ਹੁੰਦੀ ਸੀ। ਹਾਲਾਂਕਿ, ਸਮੱਗਰੀ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਮਹੱਤਵਪੂਰਨ ਤੌਰ 'ਤੇ ਬਦਲਦੀ ਹੈ। ਨਿਯੰਤ੍ਰਿਤ ਸੰਸਥਾਵਾਂ ਦੇ ਉਲਟ, ਯੂਟਿਊਬ ਵਿੱਚ ਨਿਗਰਾਨੀ ਦੀ ਘਾਟ ਹੈ, ਜਿਸਦਾ ਮਤਲਬ ਹੈ ਕਿ ਵਿਦਿਆਰਥੀਆਂ ਨੂੰ ਇਹ ਚੁਣਨ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਉਹ ਕੀ ਦੇਖਦੇ ਹਨ। ਜਦੋਂ ਕਿ ਕੁਝ ਪਲੇਟਫਾਰਮ ਢਾਂਚਾਗਤ ਅਤੇ ਵਿਆਪਕ ਸਮੱਗਰੀ ਪ੍ਰਦਾਨ ਕਰਦੇ ਹਨ, ਦੂਸਰੇ ਵਿਦਿਆਰਥੀਆਂ ਨੂੰ ਸਟੀਕਤਾ ਜਾਂ ਸਪੱਸ਼ਟਤਾ ਦੀ ਘਾਟ ਕਾਰਨ ਉਲਝਣ ਜਾਂ ਗਲਤ ਜਾਣਕਾਰੀ ਵਿੱਚ ਪਾ ਸਕਦੇ ਹਨ। ਹਾਲਾਂਕਿ ਬਹੁਤ ਸਾਰੇ ਸਿੱਖਿਅਕਾਂ ਨੇ ਉੱਚ ਪੱਧਰੀ ਸਿੱਖਿਆ ਦੇ ਲੋਕਤੰਤਰੀਕਰਨ ਲਈ ਇੱਕ ਵਿਸ਼ਾਲ ਦਰਸ਼ਕਾਂ ਤੱਕ ਪਹੁੰਚਣ ਲਈ ਯੂਟਿਊਬ ਨੂੰ ਅਪਣਾਇਆ ਹੈ, ਹੋ ਸਕਦਾ ਹੈ ਕਿ ਉਹ ਸਾਰੇ ਵਿਦਿਆਰਥੀਆਂ ਲਈ ਕਾਫ਼ੀ ਨਾ ਹੋਣ, ਕਿਉਂਕਿ ਉਹਨਾਂ ਕੋਲ ਵਿਅਕਤੀਗਤ ਫੀਡਬੈਕ ਅਤੇ ਸਿੱਧੀ ਸਲਾਹ ਦੀ ਘਾਟ ਹੈ, ਜੋ ਕਿ ਰਵਾਇਤੀ ਕੋਚਿੰਗ ਕੇਂਦਰ ਪ੍ਰਦਾਨ ਕਰਦੇ ਹਨ। ਲਾਈਵ ਕਲਾਸਰੂਮ ਸੈਟਿੰਗਾਂ ਵਿੱਚ, ਅਸਲ ਸਮੇਂ ਵਿੱਚ ਸ਼ੰਕਿਆਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ, ਅਤੇ ਵਿਅਕਤੀਗਤ ਧਿਆਨ ਵਿਦਿਆਰਥੀਆਂ ਨੂੰ ਟਰੈਕ 'ਤੇ ਰਹਿਣ ਵਿੱਚ ਮਦਦ ਕਰਦਾ ਹੈ; ਕੁਝ ਪੂਰਵ-ਰਿਕਾਰਡ ਕੀਤੇ ਯੂਟਿਊਬ ਵੀਡੀ ਜ਼ ਪੂਰੀ ਤਰ੍ਹਾਂ ਨਕਲ ਨਹੀਂ ਕਰ ਸਕਦੇ। ਯੂਟਿਊਬ ਦੀ ਪ੍ਰਸਿੱਧੀ ਦੇ ਮੁੱਖ ਡ੍ਰਾਈਵਰਾਂ ਵਿੱਚੋਂ ਇੱਕ ਇਸਦੀ ਸਮਰੱਥਾ ਹੈ, ਕਿਉਂਕਿ ਇਹ ਆਰਥਿਕ ਤੌਰ 'ਤੇ ਪਛੜੇ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਵਿਦਿਅਕ ਸਰੋਤਾਂ ਤੱਕ ਮੁਫਤ ਪਹੁੰਚ ਕਰਨ ਦੀ ਆਗਿਆ ਦਿੰਦਾ ਹੈ। ਇਸ ਨੇ ਖੇਡ ਦੇ ਖੇਤਰ ਨੂੰ ਬਰਾਬਰ ਕਰ ਦਿੱਤਾ ਹੈ, ਖਾਸ ਤੌਰ 'ਤੇ ਉਨ੍ਹਾਂ ਲਈ ਜਿਨ੍ਹਾਂ ਕੋਲ ਕਦੇ ਗੁਣਵੱਤਾ ਵਾਲੇ ਕੋਚਿੰਗ ਕੇਂਦਰਾਂ ਤੱਕ ਪਹੁੰਚ ਦੀ ਘਾਟ ਸੀ। ਹਾਲਾਂਕਿ, ਇਕੱਲੀ ਕਿਫਾਇਤੀ ਸਫਲਤਾ ਦੀ ਗਰੰਟੀ ਨਹੀਂ ਦਿੰਦੀ। ਯੂਟਿਊਬ ਵੱਲ ਮੁੜਨ ਵਾਲੇ ਬਹੁਤ ਸਾਰੇ ਵਿਦਿਆਰਥੀ ਸੰਘਰਸ਼ ਕਰਦੇ ਹਨ ਯੋਜਨਾਵਾਂ, ਅਨੁਸ਼ਾਸਨ ਅਤੇ ਜਵਾਬਦੇਹੀ ਦਾ ਅਧਿਐਨ ਕਰਨ ਲਈ ਢਾਂਚੇ ਦੀ ਅਣਹੋਂਦ ਦੇ ਨਾਲ। ਅਧਿਆਪਕਾਂ ਅਤੇ ਸਹਿਪਾਠੀਆਂ ਦੇ ਬਾਹਰੀ ਦਬਾਅ ਤੋਂ ਬਿਨਾਂ, ਕੁਝ ਲੋਕਾਂ ਨੂੰ ਪ੍ਰੇਰਿਤ ਅਤੇ ਇਕਸਾਰ ਰਹਿਣਾ ਚੁਣੌਤੀਪੂਰਨ ਲੱਗ ਸਕਦਾ ਹੈ। ਇਸ ਤੋਂ ਇਲਾਵਾ, ਔਨਲਾਈਨ ਸਿੱਖਿਆ ਤੱਕ ਪਹੁੰਚ ਅਜੇ ਵੀ ਇੰਟਰਨੈਟ ਕਨੈਕਟੀਵਿਟੀ ਅਤੇ ਇੱਕ ਢੁਕਵੀਂ ਡਿਵਾਈਸ ਵਰਗੇ ਕਾਰਕਾਂ 'ਤੇ ਨਿਰਭਰ ਕਰਦੀ ਹੈ; ਉਹ ਵਿਸ਼ੇਸ਼ ਅਧਿਕਾਰ ਜੋ ਹਰ ਵਿਦਿਆਰਥੀ ਬਰਦਾਸ਼ਤ ਨਹੀਂ ਕਰ ਸਕਦਾ, ਖਾਸ ਕਰਕੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ। ਆਪਸੀ ਤਾਲਮੇਲ ਦੀ ਘਾਟ ਯੂਟਿਊਬ ਆਪਣੇ ਐਲਗੋਰਿਦਮ ਰਾਹੀਂ ਵਿਅਕਤੀਗਤਕਰਨ ਦੀ ਪੇਸ਼ਕਸ਼ ਕਰਦਾ ਹੈ, ਉਪਭੋਗਤਾ ਵਿਵਹਾਰ ਦੇ ਆਧਾਰ 'ਤੇ ਵੀਡੀ ਦੀ ਸਿਫ਼ਾਰਸ਼ ਕਰਦਾ ਹੈ। ਵਿਦਿਆਰਥੀ ਆਪਣੀ ਸਿੱਖਣ ਦੀ ਗਤੀ ਨੂੰ ਨਿਯੰਤਰਿਤ ਕਰ ਸਕਦੇ ਹਨ, ਮੁਸ਼ਕਲ ਵਿਸ਼ਿਆਂ 'ਤੇ ਮੁੜ ਵਿਚਾਰ ਕਰ ਸਕਦੇ ਹਨ ਜਾਂ ਲੋੜ ਪੈਣ 'ਤੇ ਅੱਗੇ ਵਧ ਸਕਦੇ ਹਨ। ਕੁਝ ਸਿੱਖਿਅਕ ਵਿਦਿਆਰਥੀਆਂ ਨਾਲ ਲਾਈਵ ਸੈਸ਼ਨਾਂ ਰਾਹੀਂ ਜਾਂ ਟਿੱਪਣੀਆਂ ਵਿੱਚ ਸ਼ਾਮਲ ਹੁੰਦੇ ਹਨ, ਕਲਾਸਰੂਮ ਦੀ ਨਕਲ ਕਰਦੇ ਹੋਏ ਜਿਵੇਂ ਕਿ ਇੰਟਰੈਕਸ਼ਨ। ਹਾਲਾਂਕਿ, ਗੱਲਬਾਤ ਦਾ ਇਹ ਪੱਧਰ ਅਕਸਰ ਨਾਕਾਫ਼ੀ ਹੁੰਦਾ ਹੈ ਜਦੋਂ ਇਹ ਡੂੰਘੇ, ਵਧੇਰੇ ਵਿਅਕਤੀਗਤ ਸ਼ੱਕ ਨੂੰ ਹੱਲ ਕਰਨ ਦੀ ਗੱਲ ਆਉਂਦੀ ਹੈ। ਨਾਲ ਹੀ, ਯੂਟਿਊਬ ਇੰਟਰੈਕਸ਼ਨਾਂ ਵਿੱਚ ਆਮ ਤੌਰ 'ਤੇ ਦੇਰੀ ਹੁੰਦੀ ਹੈ, ਅਤੇ ਜਵਾਬ ਸੀਮਤ ਹੋ ਸਕਦੇ ਹਨ। ਇਹ ਇੱਕ ਵੱਡੀ ਕਮੀ ਹੋ ਸਕਦੀ ਹੈ, ਖਾਸ ਤੌਰ 'ਤੇ ਉਹਨਾਂ ਲਈ ਜੋ ਗੁੰਝਲਦਾਰ ਵਿਸ਼ਿਆਂ ਦੀ ਆਪਣੀ ਸਮਝ ਨੂੰ ਬਿਹਤਰ ਬਣਾਉਣ ਲਈ ਨਿੱਜੀ ਫੀਡਬੈਕ 'ਤੇ ਭਰੋਸਾ ਕਰਦੇ ਹਨ। ਜਦੋਂ ਕਿ ਯੂਟਿਊਬ ਨੇ ਸਿੱਖਿਆ ਦਾ ਲੋਕਤੰਤਰੀਕਰਨ ਕੀਤਾ ਹੈ, ਇਸਦੇ ਸੰਭਾਵੀ ਨੁਕਸਾਨਾਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੈ। ਮੁਫਤ ਸਮੱਗਰੀ ਦੀ ਬਹੁਤਾਤ ਉਹਨਾਂ ਵਿਦਿਆਰਥੀਆਂ ਲਈ ਬਹੁਤ ਜ਼ਿਆਦਾ ਹੋ ਸਕਦੀ ਹੈ ਜੋ ਨਹੀਂ ਜਾਣਦੇ ਕਿ ਕਿੱਥੋਂ ਸ਼ੁਰੂ ਕਰਨਾ ਹੈ ਜਾਂ ਉਹਨਾਂ ਦੀ ਸਿੱਖਣ ਸਮੱਗਰੀ ਨੂੰ ਕਿਵੇਂ ਤਿਆਰ ਕਰਨਾ ਹੈ।

ਪਲੇਟਫਾਰਮ ਦੇ ਖੁੱਲ੍ਹੇ ਸੁਭਾਅ ਦਾ ਮਤਲਬ ਹੈ ਕਿ ਸਾਰੀ ਸਮੱਗਰੀ ਨਹੀਂ ਹੈ ਸਹੀ ਜਾਂ ਅੱਪ ਟੂ ਡੇਟ, ਸੰਭਾਵੀ ਤੌਰ 'ਤੇ ਉਲਝਣ ਜਾਂ ਇੱਥੋਂ ਤੱਕ ਕਿ ਗਲਤ ਜਾਣਕਾਰੀ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ, ਯੂਟਿਊਬ ਦੀ ਸਵੈ-ਗਤੀਸ਼ੀਲ ਪ੍ਰਕਿਰਤੀ ਪ੍ਰੋਕ੍ਰੈਸਟੀਨੇਸ਼ਨ ਅਤੇ ਅਨੁਸ਼ਾਸਨ ਦੀ ਘਾਟ ਦਾ ਕਾਰਨ ਬਣ ਸਕਦੀ ਹੈ, ਕਿਉਂਕਿ ਇਸ ਨੂੰ ਮਹੱਤਵਪੂਰਨ ਸਵੈ ਪ੍ਰੇਰਣਾ ਦੀ ਲੋੜ ਹੁੰਦੀ ਹੈ। ਸਮਾਂ ਪ੍ਰਬੰਧਨ ਨਾਲ ਸੰਘਰਸ਼ ਕਰਨ ਵਾਲੇ ਵਿਦਿਆਰਥੀ ਇਸ ਨੂੰ ਸਮਝੇ ਬਿਨਾਂ ਪਿੱਛੇ ਪੈ ਸਕਦੇ ਹਨ। ਇਸ ਲਈ ਇੱਕ ਸੰਤੁਲਿਤ ਪਹੁੰਚ ਜੋ ਯੂਟਿਊਬ ਦੀ ਸਹੂਲਤ ਨੂੰ ਹੋਰ ਢਾਂਚਾਗਤ, ਵਿਅਕਤੀਗਤ ਸਿਖਲਾਈ ਦੇ ਨਾਲ ਜੋੜਦੀ ਹੈ, ਅੱਗੇ ਵਧੀਆ ਮਾਰਗ ਪੇਸ਼ ਕਰ ਸਕਦੀ ਹੈ।

# ਜੀਵਨ ਲਈ ਸਬਕ ਜਾਂ ਸਿਰਫ਼ ਅੰਕਾਂ ਲਈ?

**ਵਿਜੇ ਗਰਗ**

ਰਵਾਇਤੀ ਸਿੱਖਿਆ ਪ੍ਰਣਾਲੀ ਸਦੀਆਂ ਤੋਂ ਸਮਾਜਾਂ ਦਾ ਅਨਿੱਖੜਵਾਂ ਅੰਗ ਰਹੀ ਹੈ। ਇਸ ਨੇ ਸਾਡੇ ਸੋਚਣ, ਕੰਮ ਕਰਨ ਅਤੇ ਜੀਵਨ ਦੇ ਤਰੀਕੇ ਨੂੰ ਆਕਾਰ ਦਿੱਤਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਇਸ ਪ੍ਰਣਾਲੀ ਦੀ ਨੀਂਹ ਪੱਥਰ ਹਨ। ਉਹ ਇੱਕ ਢਾਂਚਾਗਤ ਮਾਹੌਲ ਪੇਸ਼ ਕਰਦੇ ਹਨ ਜਿੱਥੇ ਵਿਦਿਆਰਥੀ ਗਣਿਤ ਅਤੇ ਵਿਗਿਆਨ ਤੋਂ ਲੈ ਕੇ ਇਤਿਹਾਸ ਅਤੇ ਸਾਹਿਤ ਤੱਕ ਕਈ ਤਰ੍ਹਾਂ ਦੇ ਵਿਸ਼ੇ ਸਿੱਖਦੇ ਹਨ। ਹਾਲਾਂਕਿ, ਬਹੁਤ ਸਾਰੇ ਲੋਕ ਅਕਸਰ ਸਵਾਲ ਕਰਦੇ ਹਨ ਕਿ ਕੀ ਇਹ ਪ੍ਰਣਾਲੀ ਅਸਲ ਜੀਵਨ ਵਿੱਚ ਮਦਦ ਕਰਦੀ ਹੈ ਜਾਂ ਜੇ ਅਸੀਂ ਸਿਰਫ਼ ਇਮਤਿਹਾਨਾਂ ਪਾਸ ਕਰਨ ਅਤੇ ਸਰਟੀਫਿਕੇਟ ਹਾਸਲ ਕਰਨ ਲਈ ਅਧਿਐਨ ਕਰਦੇ ਹਾਂ। ਇਹ ਸਵਾਲ ਜਾਇਜ਼ ਹੈ ਅਤੇ ਵਿਚਾਰਨਯੋਗ ਚਰਚਾ ਦਾ ਹੱਕਦਾਰ ਹੈ। ਰਵਾਇਤੀ ਸਿੱਖਿਆ ਨੂੰ ਗਿਆਨ ਅਤੇ ਹੁਨਰ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਭਵਿੱਖ ਲਈ ਵਿਅਕਤੀਆਂ ਨੂੰ ਤਿਆਰ ਕਰਦੇ ਹਨ। ਇਹ ਸਾਨੂੰ ਪੜ੍ਹਨਾ, ਲਿਖਣਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਸਿਖਾਉਂਦਾ ਹੈ। ਇਹ ਬੁਨਿਆਦੀ ਹੁਨਰ ਰੋਜ਼ਾਨਾ ਜੀਵਨ ਵਿੱਚ ਮਹੱਤਵਪੂਰਨ ਹਨ। ਉਦਾਹਰਨ ਲਈ, ਪੜ੍ਹਨਾ ਅਤੇ ਲਿਖਣਾ ਜਾਣਨਾ ਸਾਨੂੰ ਮਹੱਤਵਪੂਰਣ ਜਾਣਕਾਰੀ ਨੂੰ ਸਮਝਣ ਦੀ ਇਜਾਜ਼ਤ ਦਿੰਦਾ ਹੈ, ਜਿਵੇਂ ਕਿ ਦਵਾਈਆਂ ਦੀਆਂ ਬੋਤਲਾਂ 'ਤੇ ਹਦਾਇਤਾਂ, ਸੜਕ ਦੇ ਚਿੰਨ੍ਹ, ਜਾਂ ਅਜ਼ੀਜ਼ਾਂ ਦੇ ਟੈਕਸਟ ਸੁਨੇਹੇ ਵੀ। ਸੰਚਾਰ ਹੁਨਰ ਸਾਨੂੰ ਸਾਡੇ ਵਿਚਾਰਾਂ ਅਤੇ ਵਿਚਾਰਾਂ ਨੂੰ ਸਪਸ਼ਟ ਤੌਰ 'ਤੇ ਪ੍ਰਗਟ ਕਰਨ ਵਿੱਚ ਮਦਦ ਕਰਦਾ ਹੈ, ਜੋ ਨਿੱਜੀ ਅਤੇ ਪੇਸ਼ੇਵਰ ਦੋਵਾਂ ਸਬੰਧਾਂ ਵਿੱਚ ਜ਼ਰੂਰੀ ਹੈ। ਬੁਨਿਆਦੀ ਹੁਨਰਾਂ ਤੋਂ ਇਲਾਵਾ, ਰਵਾਇਤੀ ਸਿੱਖਿਆ ਪ੍ਰਣਾਲੀ ਸਾਨੂੰ ਵਿਸ਼ਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨਾਲ ਜਾਣੂ ਕਰਵਾਉਂਦੀ ਹੈ। ਗਣਿਤ ਸਾਨੂੰ ਪੈਸੇ ਦਾ ਪ੍ਰਬੰਧਨ ਕਰਨ, ਖਰਚਿਆਂ ਦੀ ਗਣਨਾ ਕਰਨ ਅਤੇ ਜੀਵਨ ਦੇ ਪੈਟਰਨਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਵਿਗਿਆਨ ਸਾਨੂੰ ਸਵਾਲ ਕਰਨ, ਪ੍ਰਯੋਗ ਕਰਨ ਅਤੇ ਸਮੱਸਿਆਵਾਂ ਦੇ ਤਰਕਪੂਰਨ ਹੱਲ ਲੱਭਣ ਲਈ ਉਤਸ਼ਾਹਿਤ ਕਰਦਾ ਹੈ। ਇਤਿਹਾਸ ਸਾਨੂੰ ਸਾਡੀਆਂ ਜੜ੍ਹਾਂ ਨਾਲ ਜੋੜਦਾ ਹੈ ਅਤੇ ਇਹ ਸਮਝਣ ਵਿੱਚ ਸਾਡੀ ਮਦਦ ਕਰਦਾ ਹੈ ਕਿ ਸਮੇਂ ਦੇ ਨਾਲ ਸਮਾਜਾਂ ਦਾ ਵਿਕਾਸ ਕਿਵੇਂ ਹੋਇਆ ਹੈ। ਸਾਹਿਤ ਸਾਡੇ ਮਨਾਂ ਨੂੰ ਵੱਖ-ਵੱਖ ਸਭਿਆਚਾਰਾਂ, ਭਾਵਨਾਵਾਂ ਅਤੇ ਮਨੁੱਖੀ ਅਨੁਭਵਾਂ ਲਈ ਖੋਲ੍ਹਦਾ ਹੈ। ਇਹ ਵਿਸ਼ੇ, ਜਦੋਂ ਪ੍ਰਭਾਵਸ਼ਾਲੀ ਢੰਗ ਨਾਲ ਸਿਖਾਏ ਜਾਂਦੇ ਹਨ, ਸਾਡੇ ਆਲੇ ਦੁਆਲੇ ਦੇ ਸੰਸਾਰ ਨੂੰ ਸਮਝਣ ਲਈ ਇੱਕ ਬੁਨਿਆਦ ਪ੍ਰਦਾਨ ਕਰਦੇ ਹਨ। ਜਿਸ ਤਰੀਕੇ ਨਾਲ ਇਹਨਾਂ ਵਿਸ਼ਿਆਂ ਨੂੰ ਸਿਖਾਇਆ ਜਾਂਦਾ ਹੈ ਉਹ ਕਈ ਵਾਰ ਅਸਲ-ਜੀਵਨ ਦੀਆਂ ਐਪਲੀਕੇਸ਼ਨਾਂ ਤੋਂ ਡਿਸਕਨੈਕਟ ਮਹਿਸੂਸ ਕਰ ਸਕਦਾ ਹੈ। ਉਦਾਹਰਨ ਲਈ, ਵਿਦਿਆਰਥੀ ਗੁੰਝਲਦਾਰ ਗਣਿਤਿਕ ਸਮੀਕਰਨਾਂ ਸਿੱਖ ਸਕਦੇ ਹਨ ਪਰ ਇਹ ਸਮਝਣ ਵਿੱਚ ਅਸਫਲ ਰਹਿੰਦੇ ਹਨ ਕਿ ਉਹ ਬਜਟ ਜਾਂ ਨਿਵੇਸ਼ ਵਰਗੇ ਰੋਜ਼ਾਨਾ ਦ੍ਰਿਸ਼ਾਂ 'ਤੇ ਕਿਵੇਂ ਲਾਗੂ ਹੁੰਦੇ ਹਨ। ਇਸੇ ਤਰ੍ਹਾਂ, ਇਤਿਹਾਸਕ ਤਾਰੀਖਾਂ ਅਤੇ ਘਟਨਾਵਾਂ ਨੂੰ ਯਾਦ ਕਰਨਾ ਅਪ੍ਰਸੰਗਿਕ ਜਾਪਦਾ ਹੈ ਜੇਕਰ ਅਸੀਂ ਉਹਨਾਂ ਪਾਠਾਂ ਦੀ ਪੜਚੋਲ ਨਹੀਂ ਕਰਦੇ ਜੋ ਉਹ ਮਨੁੱਖੀ ਵਿਵਹਾਰ ਅਤੇ ਫੈਸਲੇ ਲੈਣ ਬਾਰੇ ਦਿੰਦੇ ਹਨ। ਸਿਧਾਂਤਕ ਗਿਆਨ ਅਤੇ ਵਿਹਾਰਕ ਵਰਤੋਂ ਵਿਚਕਾਰ ਇਹ ਪਾੜਾ ਰਵਾਇਤੀ ਸਿੱਖਿਆ ਪ੍ਰਣਾਲੀ ਦੀ ਮੁੱਖ ਆਲੋਚਨਾਵਾਂ ਵਿੱਚੋਂ ਇੱਕ ਹੈ। ਪ੍ਰੀਖਿਆਵਾਂ ਇਸ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਉਹ ਵਿਸ਼ੇ ਦੇ ਵਿਸ਼ੇ ਬਾਰੇ ਵਿਦਿਆਰਥੀ ਦੀ ਸਮਝ ਦਾ ਮੁਲਾਂਕਣ ਕਰਨ ਲਈ ਹੁੰਦੇ ਹਨ। ਪਰ ਸਮੇਂ ਦੇ ਨਾਲ, ਇਮਤਿਹਾਨ ਅਸਲ ਸਿੱਖਣ ਨਾਲੋਂ ਰੱਟੇ ਯਾਦ ਰੱਖਣ ਬਾਰੇ ਵਧੇਰੇ ਬਣ ਗਏ ਹਨ। ਬਹੁਤ ਸਾਰੇ ਵਿਦਿਆਰਥੀ ਸਿਰਫ਼ ਉੱਚੇ ਅੰਕ ਪ੍ਰਾਪਤ ਕਰਨ 'ਤੇ ਧਿਆਨ ਕੇਂਦਰਿਤ ਕਰਦੇ ਹਨ, ਅਕਸਰ ਪ੍ਰੀਖਿਆ ਤੋਂ ਤੁਰੰਤ ਬਾਅਦ ਸਮੱਗਰੀ ਨੂੰ ਭੁੱਲ ਜਾਂਦੇ ਹਨ। ਇਹ ਇੱਕ ਚੱਕਰ ਬਣਾਉਂਦਾ ਹੈ ਜਿੱਥੇ ਸਿੱਖਿਆ ਦਾ ਮੁੱਖ ਟੀਚਾ ਗਿਆਨ ਪ੍ਰਾਪਤ ਕਰਨ ਤੋਂ ਗ੍ਰੇਡ ਪ੍ਰਾਪਤ ਕਰਨ ਵਿੱਚ ਬਦਲ ਜਾਂਦਾ ਹੈ। ਅਜਿਹੇ ਹਾਲਾਤਾਂ ਵਿੱਚ ਸਿੱਖਿਆ ਦਾ ਅਸਲ ਮਕਸਦ ਖਤਮ ਹੋ ਜਾਂਦਾ ਹੈ। ਇਹਨਾਂ ਕਮੀਆਂ ਦੇ ਬਾਵਜੂਦ, ਪਰੰਪਰਾਗਤ ਸਿੱਖਿਆ ਪ੍ਰਣਾਲੀ ਦੇ ਗੁਣ ਹਨ। ਇਹ ਅਨੁਸ਼ਾਸਨ, ਸਮਾਂ ਪ੍ਰਬੰਧਨ ਅਤੇ ਲਗਨ ਸਿਖਾਉਂਦਾ ਹੈ। ਵਿਦਿਆਰਥੀ ਅਨੁਸੂਚੀ ਦੀ ਪਾਲਣਾ ਕਰਨਾ, ਅਸਾਈਨਮੈਂਟਾਂ ਨੂੰ ਪੂਰਾ ਕਰਨਾ ਅਤੇ ਸਮਾਂ-ਸੀਮਾਵਾਂ ਨੂੰ ਪੂਰਾ ਕਰਨਾ ਸਿੱਖਦੇ ਹਨ। ਇਹ ਆਦਤਾਂ ਕੰਮ ਵਾਲੀ ਥਾਂ ਅਤੇ ਜੀਵਨ ਵਿੱਚ ਕੀਮਤੀ ਹਨ। ਇਸ ਤੋਂ ਇਲਾਵਾ, ਸਿਸਟਮ ਵਿਦਿਆਰਥੀਆਂ ਨੂੰ ਕਲਾਸਰੂਮਾਂ ਵਿੱਚ ਇਕੱਠੇ ਲਿਆ ਕੇ ਸਮਾਜਿਕ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ। ਉਹ ਸਾਥੀਆਂ ਨਾਲ ਗੱਲਬਾਤ ਕਰਨਾ, ਟੀਮਾਂ ਵਿੱਚ ਕੰਮ ਕਰਨਾ ਅਤੇ ਰਿਸ਼ਤੇ ਬਣਾਉਣਾ ਸਿੱਖਦੇ ਹਨ। ਇਹ ਅਨੁਭਵ ਭਾਵਨਾਤਮਕ ਬੁੱਧੀ ਦੇ ਵਿਕਾਸ ਅਤੇ ਸਮਾਜਿਕ ਗਤੀਸ਼ੀਲਤਾ ਨੂੰ ਨੈਵੀਗੇਟ ਕਰਨ ਲਈ ਜ਼ਰੂਰੀ ਹਨ। ਆਲੋਚਕ ਦਲੀਲ ਦਿੰਦੇ ਹਨ ਕਿ ਪਰੰਪਰਾਗਤ ਸਿੱਖਿਆ ਪ੍ਰਣਾਲੀ ਅਨੁਕੂਲਤਾ ਅਤੇ ਮਿਆਰੀ ਟੈਸਟਿੰਗ 'ਤੇ ਬਹੁਤ ਜ਼ਿਆਦਾ ਧਿਆਨ ਕੇਂਦਰਤ ਕਰਦੀ ਹੈ। ਉਹ ਮੰਨਦੇ ਹਨ ਕਿ ਇਹ ਰਚਨਾਤਮਕਤਾ ਅਤੇ ਵਿਅਕਤੀਗਤ ਸੋਚ ਨੂੰ ਰੋਕਦਾ ਹੈ। ਹਾਲਾਂਕਿ ਇਸ ਵਿੱਚ ਕੁਝ ਸੱਚਾਈ ਹੈ, ਇਹ ਕਰਨਾ ਵੀ ਮਹੱਤਵਪੂਰਨ ਹੈ ਪਛਾਣੋ ਕਿ ਸਿਸਟਮ ਸਾਰੇ ਵਿਦਿਆਰਥੀਆਂ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕਰਦਾ ਹੈ, ਭਾਵੇਂ ਉਹਨਾਂ ਦੇ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ। ਇਹ ਇਕਸਾਰਤਾ ਯਕੀਨੀ ਬਣਾਉਂਦੀ ਹੈ ਕਿ ਹਰ ਕਿਸੇ ਦੀ ਮੁੱਢਲੀ ਸਿੱਖਿਆ ਤੱਕ ਪਹੁੰਚ ਹੋਵੇ, ਜੋ ਕਿ ਇੱਕ ਮੌਲਿਕ ਅਧਿਕਾਰ ਹੈ। ਹਾਲ ਹੀ ਵਿੱਚ ਸਿੱਖਿਆ ਨੂੰ ਵਧੇਰੇ ਪ੍ਰਸੰਗਿਕ ਅਤੇ ਰੁਝੇਵਿਆਂ ਵਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ। ਸਕੂਲ ਵਿਹਾਰਕ ਸਿੱਖਣ ਦੇ ਢੰਗਾਂ ਨੂੰ ਸ਼ਾਮਲ ਕਰ ਰਹੇ ਹਨ, ਜਿਵੇਂ ਕਿ ਪ੍ਰੋਜੈਕਟ, ਪ੍ਰਯੋਗ, ਅਤੇ ਅਸਲ-ਸੰਸਾਰ ਸਮੱਸਿਆ-ਹੱਲ ਕਰਨਾ। ਅਧਿਆਪਕਾਂ ਨੂੰ ਪਾਠਾਂ ਨੂੰ ਵਧੇਰੇ ਸੰਬੰਧਤ ਬਣਾਉਣ ਲਈ ਇੰਟਰਐਕਟਿਵ ਤਕਨੀਕਾਂ ਅਤੇ ਤਕਨਾਲੋਜੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹਨਾਂ ਤਬਦੀਲੀਆਂ ਦਾ ਉਦੇਸ਼ ਸਿਧਾਂਤਕ ਗਿਆਨ ਅਤੇ ਵਿਹਾਰਕ ਹੁਨਰਾਂ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ। ਸਿੱਖਿਆ ਸਿਰਫ਼ ਅਕਾਦਮਿਕਾਂ ਬਾਰੇ ਨਹੀਂ ਹੈ; ਇਹ ਸਾਡੇ ਮੁੱਲਾਂ ਅਤੇ ਚਰਿੱਤਰ ਨੂੰ ਵੀ ਆਕਾਰ ਦਿੰਦਾ ਹੈ। ਸਕੂਲ ਸਾਨੂੰ ਇਮਾਨਦਾਰੀ, ਜ਼ਿੰਮੇਵਾਰੀ ਅਤੇ ਸਤਿਕਾਰ ਦੀ ਮਹੱਤਤਾ ਸਿਖਾਉਂਦੇ ਹਨ। ਇਹ ਪਾਠ ਪਾਠ-ਪੁਸਤਕਾਂ ਵਿੱਚ ਨਹੀਂ ਲਿਖੇ ਜਾ ਸਕਦੇ ਹਨ, ਪਰ ਇਹ ਰੋਜ਼ਾਨਾ ਗੱਲਬਾਤ ਅਤੇ ਅਨੁਭਵ ਦੁਆਰਾ ਦਿੱਤੇ ਜਾਂਦੇ ਹਨ। ਉਦਾਹਰਨ ਲਈ, ਸਮੂਹ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਸਾਨੂੰ ਟੀਮ ਵਰਕ ਅਤੇ ਹਮਦਰਦੀ ਸਿਖਾਉਂਦਾ ਹੈ। ਚੁਣੌਤੀਆਂ ਦਾ ਸਾਹਮਣਾ ਕਰਨਾ, ਜਿਵੇਂ ਕਿ ਔਖੇ ਇਮਤਿਹਾਨਾਂ ਜਾਂ ਸਖ਼ਤ ਅਸਾਈਨਮੈਂਟਾਂ, ਲਚਕੀਲੇਪਣ ਅਤੇ ਵਿਸ਼ਵਾਸ ਨੂੰ ਵਧਾਉਂਦੀਆਂ ਹਨ। ਰਵਾਇਤੀ ਸਿੱਖਿਆ ਪ੍ਰਣਾਲੀ ਮੌਕਿਆਂ ਦੇ ਦਰਵਾਜ਼ੇ ਵੀ ਖੋਲ੍ਹਦੀ ਹੈ। ਇੱਕ ਚੰਗੀ ਸਿੱਖਿਆ ਇੱਕ ਸਥਿਰ ਨੌਕਰੀ ਪ੍ਰਾਪਤ ਕਰਨ, ਚੰਗੀ ਆਮਦਨ ਕਮਾਉਣ, ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀਆਂ ਸੰਭਾਵਨਾਵਾਂ ਨੂੰ ਵਧਾਉਂਦੀ ਹੈ। ਇਹ ਉੱਚ ਪੜ੍ਹਾਈ ਅਤੇ ਵਿਸ਼ੇਸ਼ ਸਿਖਲਾਈ ਲਈ ਬੁਨਿਆਦ ਪ੍ਰਦਾਨ ਕਰਦਾ ਹੈ, ਜੋ ਕਿ ਬਹੁਤ ਸਾਰੇ ਪੇਸ਼ਿਆਂ ਲਈ ਜ਼ਰੂਰੀ ਹਨ। ਇੱਥੋਂ ਤੱਕ ਕਿ ਉਹਨਾਂ ਖੇਤਰਾਂ ਵਿੱਚ ਵੀ ਜਿਨ੍ਹਾਂ ਵਿੱਚ ਰਚਨਾਤਮਕਤਾ ਅਤੇ ਨਵੀਨਤਾ ਦੀ ਲੋੜ ਹੁੰਦੀ ਹੈ, ਜਿਵੇਂ ਕਿ ਕਲਾ ਜਾਂ ਉੱਦਮ, ਇੱਕ ਬੁਨਿਆਦੀ ਸਿੱਖਿਆ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਅਤੇ ਸਰੋਤਾਂ ਦਾ ਕੁਸ਼ਲਤਾ ਨਾਲ ਪ੍ਰਬੰਧਨ ਕਰਨ ਲਈ ਸਾਧਨ ਪ੍ਰਦਾਨ ਕਰ ਸਕਦੀ ਹੈ। ਉਸ ਨੇ ਕਿਹਾ, ਸਿੱਖਿਆ ਨੂੰ ਕਲਾਸਰੂਮਾਂ ਅਤੇ ਪਾਠ ਪੁਸਤਕਾਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ ਹੈ। ਸਿੱਖਣਾ ਇੱਕ ਜੀਵਨ ਭਰ ਦੀ ਪ੍ਰਕਿਰਿਆ ਹੈ ਜੋ ਰਸਮੀ ਸਕੂਲੀ ਪੜ੍ਹਾਈ ਤੋਂ ਪਰੇ ਹੈ। ਅਸਲ-ਜੀਵਨ ਦੇ ਤਜ਼ਰਬੇ, ਸਵੈ-ਅਧਿਐਨ ਅਤੇ ਖੋਜ ਬਰਾਬਰ ਮਹੱਤਵਪੂਰਨ ਹਨ। ਉਦਾਹਰਨ ਲਈ, ਯਾਤਰਾ ਸਾਨੂੰ ਵੱਖ-ਵੱਖ ਸਭਿਆਚਾਰਾਂ ਅਤੇ ਦ੍ਰਿਸ਼ਟੀਕੋਣਾਂ ਬਾਰੇ ਸਿਖਾਉਂਦੀ ਹੈ। ਵਲੰਟੀਅਰਿੰਗ ਸੇਵਾ ਅਤੇ ਭਾਈਚਾਰੇ ਦੇ ਮੁੱਲ ਨੂੰ ਸਮਝਣ ਵਿੱਚ ਸਾਡੀ ਮਦਦ ਕਰਦੀ ਹੈ। ਸ਼ੌਕ ਅਤੇ ਰੁਚੀਆਂ ਦਾ ਪਿੱਛਾ ਕਰਨਾ ਰਚਨਾਤਮਕਤਾ ਅਤੇ ਵਿਅਕਤੀਗਤ ਵਿਕਾਸ ਦਾ ਪਾਲਣ ਪੋਸ਼ਣ ਕਰਦਾ ਹੈ। ਇਹ ਪਛਾਣਨਾ ਵੀ ਮਹੱਤਵਪੂਰਨ ਹੈ ਕਿ ਹਰ ਕੋਈ ਰਵਾਇਤੀ ਸਿੱਖਿਆ ਪ੍ਰਣਾਲੀ ਵਿੱਚ ਪ੍ਰਫੁੱਲਤ ਨਹੀਂ ਹੁੰਦਾ। ਕੁਝ ਲੋਕ ਰਚਨਾਤਮਕ ਜਾਂ ਵਿਹਾਰਕ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰਦੇ ਹਨ ਜਿਨ੍ਹਾਂ ਨੂੰ ਰਵਾਇਤੀ ਕਲਾਸਰੂਮਾਂ ਵਿੱਚ ਉਚਿਤ ਰੂਪ ਵਿੱਚ ਸੰਬੋਧਿਤ ਨਹੀਂ ਕੀਤਾ ਜਾਂਦਾ ਹੈ। ਇਹ ਸਿੱਖਿਆ ਲਈ ਵਧੇਰੇ ਸੰਮਲਿਤ ਪਹੁੰਚ ਦੀ ਲੋੜ ਨੂੰ ਉਜਾਗਰ ਕਰਦਾ ਹੈ, ਜੋ ਵਿਭਿੰਨ ਪ੍ਰਤਿਭਾਵਾਂ ਅਤੇ ਸਿੱਖਣ ਦੀਆਂ ਸ਼ੈਲੀਆਂ ਨੂੰ ਪੂਰਾ ਕਰਦਾ ਹੈ। ਵੋਕੇਸ਼ਨਲ ਸਿਖਲਾਈ, ਵਿਕਲਪਕ ਸਕੂਲ, ਅਤੇ ਔਨਲਾਈਨ ਕੋਰਸ ਇਸ ਦੀਆਂ ਕੁਝ ਉਦਾਹਰਣਾਂ ਹਨ ਕਿ ਕਿਵੇਂ ਵਿਅਕਤੀਗਤ ਲੋੜਾਂ ਪੂਰੀਆਂ ਕਰਨ ਲਈ ਸਿੱਖਿਆ ਨੂੰ ਵਿਭਿੰਨ ਕੀਤਾ ਜਾ ਸਕਦਾ ਹੈ। ਸਿੱਖਿਆ ਵਿੱਚ ਮਾਪਿਆਂ ਅਤੇ ਸਮਾਜ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਪੇ ਆਪਣੇ ਬੱਚਿਆਂ ਦੇ ਸਿੱਖਣ ਦੇ ਸਫ਼ਰ ਨੂੰ ਮਾਰਗਦਰਸ਼ਨ ਅਤੇ ਸਮਰਥਨ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਉਤਸੁਕਤਾ ਨੂੰ ਉਤਸ਼ਾਹਿਤ ਕਰ ਸਕਦੇ ਹਨ, ਸਰੋਤ ਪ੍ਰਦਾਨ ਕਰ ਸਕਦੇ ਹਨ, ਅਤੇ ਸਿੱਖਣ ਲਈ ਅਨੁਕੂਲ ਮਾਹੌਲ ਬਣਾ ਸਕਦੇ ਹਨ। ਸਮਾਜ ਦੀ ਵੀ, ਸਿੱਖਿਆ ਦੀ ਕਦਰ ਕਰਨ ਅਤੇ ਪਹਿਲਕਦਮੀਆਂ ਦਾ ਸਮਰਥਨ ਕਰਨ ਦੀ ਜ਼ਿੰਮੇਵਾਰੀ ਹੈ ਜੋ ਇਸਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਂਦੀਆਂ ਹਨ। ਰਵਾਇਤੀ ਸਿੱਖਿਆ ਪ੍ਰਣਾਲੀ ਦੀਆਂ ਆਪਣੀਆਂ ਖਾਮੀਆਂ ਹਨ, ਪਰ ਇਹ ਬਹੁਤ ਸਾਰੇ ਲਾਭ ਵੀ ਪ੍ਰਦਾਨ ਕਰਦੀ ਹੈ। ਇਹ ਸਾਨੂੰ ਜ਼ਰੂਰੀ ਹੁਨਰ, ਗਿਆਨ ਅਤੇ ਕਦਰਾਂ-ਕੀਮਤਾਂ ਨਾਲ ਲੈਸ ਕਰਦਾ ਹੈ ਜੋ ਨਿੱਜੀ ਅਤੇ ਪੇਸ਼ੇਵਰ ਸਫਲਤਾ ਲਈ ਮਹੱਤਵਪੂਰਨ ਹਨ। ਹਾਲਾਂਕਿ ਕਦੇ-ਕਦੇ ਅਜਿਹਾ ਮਹਿਸੂਸ ਹੋ ਸਕਦਾ ਹੈ ਕਿ ਅਸੀਂ ਸਿਰਫ਼ ਇਮਤਿਹਾਨ ਪਾਸ ਕਰਨ ਲਈ ਪੜ੍ਹ ਰਹੇ ਹਾਂ, ਜੋ ਸਬਕ ਅਸੀਂ ਸਿੱਖਦੇ ਹਾਂ ਉਹ ਅਕਸਰ ਸਾਡੀ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਕੁੰਜੀ ਇਹ ਹੈ ਕਿ ਅਸੀਂ ਜੋ ਕੁਝ ਸਿੱਖਦੇ ਹਾਂ ਉਸ ਨੂੰ ਸਾਰਥਕ ਤਰੀਕਿਆਂ ਨਾਲ ਲਾਗੂ ਕਰਨ ਲਈ ਖੁੱਲ੍ਹੇ ਦਿਮਾਗ ਅਤੇ ਇੱਛਾ ਨਾਲ ਸਿੱਖਿਆ ਤੱਕ ਪਹੁੰਚ ਕਰੀਏ। ਰਵਾਇਤੀ ਸਿੱਖਿਆ ਦੀਆਂ ਸ਼ਕਤੀਆਂ ਨੂੰ ਨਵੀਨਤਾਕਾਰੀ ਤਰੀਕਿਆਂ ਅਤੇ ਅਸਲ-ਸੰਸਾਰ ਦੇ ਤਜ਼ਰਬਿਆਂ ਨਾਲ ਜੋੜ ਕੇ, ਅਸੀਂ ਇੱਕ ਅਜਿਹੀ ਪ੍ਰਣਾਲੀ ਬਣਾ ਸਕਦੇ ਹਾਂ ਜੋ ਵਿਅਕਤੀ ਨੂੰ ਜੀਵਨ ਲਈ ਸੱਚਮੁੱਚ ਤਿਆਰ ਕਰੇ।

# ਵਿਆਹ ਅਤੇ ਪਾਰਟੀ ਵਿਚ ਦਿਖਾਵੇਬਾਜੀ

ਵਿਆਹ ਸਮਾਗਮਾਂ ਰਾਹੀਂ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਵੱਡਾ, ਯੋਗ, ਕਾਬਲ ਅਤੇ ਖੁਸਹਾਲ ਬਣਾਉਣ ਦੀ ਇਹ ਅੰਨ੍ਹੀ ਦੌੜ ਯਕੀਨੀ ਤੌਰ 'ਤੇ ਬਹੁਤ ਖਤਰਨਾਕ ਹੈ। ਉਧਾਰ ਲਿਆ ਘਿ ਪੀ ਕੇ ਆਪਣੀ ਖੁਸ਼ਹਾਲੀ ਦਿਖਾਉਣ ਦੀ ਪ੍ਰਵਿਰਤੀ ਨਿਸਚਿਤ ਤੌਰ ਤੇ ਵਿਅਕਤੀ, ਪਰਿਵਾਰ ਅਤੇ ਸਮਾਜ ਨੂੰ ਨਿਘਾਰ ਵੱਲ ਲੈ ਕੇ ਜਾ ਰਹੀ ਹੈ। ਵਰਤਮਾਨ ਦੇ ਚਾਰ ਦਿਨਾਂ ਦੀ ਚਮਕ ਭਵਿੱਖ ਨੂੰ ਗਹਿਰੇ ਹਨੇਰੇ ਵਿੱਚ ਧੱਕਦੀ ਜਾ ਰਹੀ ਹੈ। ਦੇਸ 'ਚ ਕੋਰੋਨਾ ਦੀ ਘੱਟ ਰਹੀ ਰਫਤਾਰ ਅਤੇ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ 'ਚ ਦਿੱਤੀ ਗਈ ਢਿੱਲ ਕਾਰਨ ਹੁਣ ਜਨਜੀਵਨ ਆਮ ਵਾਂਗ ਹੁੰਦਾ ਨਜਰ ਆ ਰਿਹਾ ਹੈ। ਸੁਭਾਵਿਕ ਹੀ ਵਿਆਹਾਂ ਦੇ ਪ੍ਰੋਗਰਾਮਾਂ ਦੀ ਰੌਣਕ ਦੀ ਪਰਤ ਆਈ ਹੈ। ਹੁਣ ਤਾਂ ਪਹਿਲਾਂ ਵਾਂਗ ਹੀ ਭੀੜ ਲੱਗ ਰਹੀ ਹੈ। ਹਾਲ ਹੀ ਵਿੱਚ, ਦੇਵਸਨੀ ਇਕਾਦਸੀ ਤੋਂ ਬਾਅਦ, ਜਦੋਂ ਵਿਆਹ ਦੀ ਪ੍ਰਕਿਰਿਆ ਸੁਰੂ ਹੋਈ, ਮੈਨੂੰ ਵੀ ਇੱਕ ਤੱ ਬਾਅਦ ਇੱਕ ਕਈ ਵਿਆਹਾਂ ਵਿੱਚ ਸਾਮਲ ਹੋਣ ਦਾ ਮੌਕਾ ਮਿਲਿਆ। ਇਸ ਧੂਮ-ਧਾਮ ਦੇ ਵਿਆਹ ਵਿੱਚ ਹਮੇਸ਼ਾ ਦੀ ਤਰ੍ਹਾਂ ਜਾਹਰ ਹੁੰਦਾ ਹੈ ਕਿ ਇੱਥੇ ਵੀ ਅਮੀਰੀ ਅਤੇ ਐਸ਼ ਆਰਾਮ ਦੀਆਂ ਰੌਣਕਾਂ ਸਨ। 'ਤੇਰੀ ਕਮੀਜ ਮੇਰੀ ਕਮੀਜ ਸੇ ਚਿੱਟੇ ਐਸੇ' ਦੀ ਤਰਜ 'ਤੇ ਚੱਲ ਰਹੀ ਇਸ ਦੌੜ 'ਚ ਪ੍ਰਬੰਧਕ ਆਪਣੀ ਸਮਰੱਥਾ ਤੋਂ ਵੱਧ ਪੈਸੇ ਖਰਚ ਕਰਦੇ ਦੇਖੇ ਗਏ। ਗਾਰਡਨ, ਧਰਮਸਾਲਾ, ਲਾਜ-ਹੋਟਲ ਵਰਗੇ ਵਿਆਹ ਸਥਾਨਾਂ ਦੀ ਰੌਣਕ ਵਧਾਉਣ ਦੀ ਲੋੜ ਕਾਰਨ ਟੈਂਟਾਂ ਅਤੇ ਬਿਜਲੀ ਦੇ ਸਮਾਨ 'ਤੇ ਪੈਸਾ ਪਾਣੀ ਵਾਂਗ ਵਗਦਾ ਦੇਖਿਆ ਗਿਆ। ਸਮਾਗਮ ਪੰਡਾਲ ਦੀ ਸਜਾਵਟ ਤਾਂ ਠੀਕ ਹੈ, ਖਾਣ ਪੀਣ ਨੂੰ ਦੀ ਆਪਣੀ ਕਾਬਲੀਅਤ ਦਿਖਾਉਣ ਦਾ ਜਰੀਆ ਬਣਾ ਦਿੱਤਾ ਗਿਆ ਹੈ। ਭੋਜਨ ਵਿੱਚ ਕੁਝ ਨਵਾਂ ਜਾਂ ਨਵੀਂ ਕਿਸਮ ਪਰੋਸਣ ਦੇ ਮੁਕਾਬਲੇ ਵਿੱਚ ਬਣਾਏ ਗਏ ਪਕਵਾਨਾਂ ਦਾ ਅੰਕੜਾ ਛੱਬੀ-ਛੱਤੀ ਦੇ ਆਨੰਦ ਤੋਂ ਪਾਰ ਹੁੰਦਾ ਨਜਰ ਆਇਆ। ਹੁਣ ਭਾਵੇਂ ਖਾਣ ਵਾਲੇ ਨੂੰ ਚਾਰ-ਪੰਜ ਤੋਂ ਵੱਧ ਪਕਵਾਨਾਂ ਦਾ ਸਵਾਦ ਨਾ ਚੱਖਣਾ ਜਾਂ ਥਾਲੀ ਵਿੱਚ ਛੱਡ ਕੇ ਦੇਖਿਆ ਜਾਵੇ ਤਾਂ ਪ੍ਰਬੰਧਕਾਂ ਦੀ ਆਰਥਿਕ ਖੁਸਹਾਲੀ ਦਾ ਸਬੂਤ ਦਿੱਤਾ ਗਿਆ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਅਜਿਹੇ ਵਿਆਹ ਸਮਾਗਮਾਂ ਵਿੱਚ ਪੈਸੇ ਦੇ ਨਾਲ-ਨਾਲ ਭੋਜਨ ਦੀ ਦੀ ਬਰਬਾਦੀ ਹੁੰਦੀ ਹੈ। ਤੁਸੀਂ ਸੋਚੋ, ਕੀ ਕੋਈ ਮਹਿਮਾਨ ਚਾਹੇ ਵੀ ਭੋਜਨ ਦੀ ਬਰਬਾਦੀ ਨੂੰ ਰੋਕ ਸਕੇਗਾ? ਸਿਆਣਪ ਦਿਖਾ ਕੇ ਉਹ ਇਨਾਂ ਅਨੇਕ ਪਕਵਾਨਾਂ ਵਿੱਚੋਂ ਕੁਝ ਦਾ ਸਵਾਦ ਨਾ ਲਵੇ ਜਾਂ ਹਰੇਕ ਥਾਲੀ ਵਿੱਚੋਂ ਇੱਕ-ਅੱਧਾ ਟੁਕੜਾ ਲੈ ਲਵੇ, ਭਾਵੇਂ ਕੁਝ ਮਾਤਰਾ ਵਿੱਚ, ਭੋਜਨ ਦੀ ਬਰਬਾਦੀ ਯਕੀਨੀ ਹੈ। ਹਾਲਾਂਕਿ, ਸਾਡੇ ਮਹਿਮਾਨਾਂ ਤੋਂ ਇੰਨੀ ਸਮਝਦਾਰੀ ਦੀ ਉਮੀਦ ਕਰਨਾ ਗੈਰਵਾਜਬ ਹੋਵੇਗਾ। ਜਦੋਂ ਤੋਂ ਸਾਡੇ ਦੇਸ ਵਿੱਚ 'ਬਵੇਂ ਕਲਚਰ ਦਾ ਪਸਾਰ ਹੋਇਆ ਹੈ, ਉਦੋਂ ਤੋਂ ਭੋਜਨ ਦੀ ਬਰਬਾਦੀ ਵੀ ਵਧੀ ਹੈ। ਬੁਫੇ ਕਲਚਰ ਦੀ ਬੁਰਾਈ ਨਾਂ ਦੀ ਕੋਈ ਚੀਜ ਨਹੀਂ ਹੈ। ਕਮੀ ਤਾਂ ਸਾਡੇ ਵਿੱਚ ਹੀ ਹੈ, ਕਿਉਂਕਿ ਇਸ ਦੇ ਸਹੀ ਢੰਗ ਨਾਲ ਚੱਲਣ ਦੇ ਸੰਸਕਾਰ ਇੱਥੇ ਨਹੀਂ ਵਧੇ। ਵਿਆਹ ਸਮਾਗਮਾਂ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਲੋਕ ਇਸ ਸੋਚ ਕਾਰਨ ਆਪਣੀ ਥਾਲੀ ਵਿਚ ਜਿਆਦਾ ਤੋਂ ਜਿਆਦਾ ਖਾਣ-ਪੀਣ ਵਾਲੀਆਂ ਚੀਜਾਂ ਇਕੱਠੀਆਂ ਰੱਖ ਲੈਂਦੇ ਹਨ ਕਿ ਬਾਅਦ ਵਿਚ ਮਿਲੇਗਾ ਜਾਂ ਪਲੇਟ ਵਿਚ ਹੀ ਛੱਡ ਦਿੱਤਾ ਜਾਵੇਗਾ ਪਰ ਬਾਅਦ ਵਿਚ ਜਆਦਾਤਰ ਲੋਕ 'ਜੁਠਾਨ ਹੀ ਰੱਖ ਦਿੰਦੇ ਹਨ। ਜਿਵੇਂ ਅਜਿਹੀ ਸਥਿਤੀ ਵਿੱਚ ਜੇਕਰ ਛੱਬੀ ਜਾਂ ਇਸ ਤੋਂ ਵੱਧ ਪਕਵਾਨ ਬਣਾਏ ਜਾਣ ਤਾਂ ਭੋਜਨ ਦੀ ਬਰਬਾਦੀ ਨੂੰ ਕੌਣ ਰੋਕ ਸਕਦਾ ਹੈ? ਸਾਡੇ ਸੱਭਿਆਚਾਰ ਵਿੱਚ ਹਰ ਅਨਾਜ ਦੀ ਮਹੱਤਤਾ ਦੱਸੀ ਗਈ ਹੈ। ਭੋਜਨ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ, ਇਸ ਨੂੰ ਰੱਬ ਦੇ ਬਰਾਬਰ ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਵਿਆਹ ਸਮਾਗਮਾਂ ਵਿੱਚ 'ਜੁਠਾਨ' ਦੇ ਰੂਪ ਵਿੱਚ ਭੋਜਨ ਸੁੱਟਣਾ ਭੋਜਨ ਦਾ ਅਪਮਾਨ ਜਾਂ ਦੇਵਤਾ ਦਾ ਅਪਮਾਨ ਨਹੀਂ? ਅਸੀਂ ਚੀਜਾਂ ਦੀ ਨਕਲ ਕਰਨ ਵਿੱਚ ਮਾਹਰ ਹਾਂ। ਉਸ ਨਕਲ ਵਿੱਚ, ਸਿਆਣਪ ਦੀ ਵਰਤੋਂ ਬਿਲਕੁਲ ਨਾ ਕਰੋ। ਇਹ ਦਾਅਵਤਾਂ ਜਾਂ ਦਾਅਵਤਾਂ ਵਿੱਚ ਦਿਖਾਵੇ ਦਾ ਨਤੀਜਾ ਹੈ। ਜੇਕਰ ਨਕਲ ਹੀ ਕਰਨੀ ਹੋ ਤਾਂ ਉਨ੍ਹਾਂ ਦੇਸਾਂ ਵਿੱਚ ਹੀ ਕਰਨੀ ਚਾਹੀਦੀ ਹੈ, ਜਿੱਥੇ ਭੋਜਨ ਦੀ ਬਰਬਾਦੀ ਸਬੰਧੀ ਸਖਤ ਕਾਨੂੰਨ ਹਨ। ਕਈ ਦੇਸਾਂ ਵਿਚ ਭੋਜਨ ਦੀ ਬਰਬਾਦੀ ਲਈ ਭਾਰੀ ਜੁਰਮਾਨੇ ਦੀ ਵਿਵਸਥਾ ਹੈ। ਪਹਿਲਾਂ ਜਦੋਂ ਜਮੀਨ 'ਤੇ ਬੈਠ ਕੇ ਲੋਕਾਂ ਨੂੰ ਭੋਜਨ ਛਕਾਉਣ ਅਤੇ ਪਰੋਸਣ ਦਾ ਰਿਵਾਜ ਸੀ, ਉਦੋਂ ਇੰਨਾ ਭੋਜਨ ਬਰਬਾਦ ਨਹੀਂ ਹੁੰਦਾ ਸੀ। ਪਰ ਅਸੀਂ ਉਸ ਪਰੰਪਰਾ ਨੂੰ ਛੱਡ ਦਿੱਤਾ ਹੈ। ਅਸੀਂ ਸਮਾਜ ਨੂੰ ਭੋਜਨ ਦੀ ਬਰਬਾਦੀ ਦੇ ਇਸ ਮੁਕਾਬਲੇ ਤੋਂ ਬਚਾਉਣਾ ਹੈ ਅਤੇ ਇਹ ਅਸੀਂ ਉਦੋਂ ਹੀ ਕਰ ਸਕਾਂਗੇ ਜਾਂ ਸਮਾਜ ਨੂੰ ਕੋਈ ਸੁਨੇਹਾ ਦੇ ਸਕਾਂਗੇ, ਜਦੋਂ ਅਸੀਂ ਇਸ ਦੀ ਸ਼ੁਰੂਆਤ ਆਪਣੇ ਆਪ ਤੋਂ ਕਰਾਂਗੇ। ਬਿਹਤਰ ਹੋਵੇਗਾ ਕਿ ਅਸੀਂ ਆਪਣੇ ਪਰਿਵਾਰ ਵਿੱਚ ਸਾਦਗੀ ਅਤੇ ਸ਼ਾਨ ਨਾਲ ਵਿਆਹ ਸਮਾਗਮਾਂ ਦਾ ਆਯੋਜਨ ਕਰੀਏ ਅਤੇ ਵਿਆਹ ਸਮਾਗਮ ਦੇ ਚਕਾਚੌਂਧ ਖਰਚੇ ਨਾਲ ਬੱਝ ਜੋੜੇ ਦਾ ਭਵਿੱਖ ਉਜਵਲ ਕਰੀਏ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਰਹੇ ਖ਼ੂਬ ਸਰਗਰਮ ਇਸ ਸਾਲ ਅਸ਼ੋਕ ਪੁਰੀ ਫ਼ਿਲਮ ਤੇ ਫ਼ਿਲਮ

"ਬਹੁਤ ਅੱਛੇ "ਇਹ ਲਫਜ਼ ਇਸ ਸਾਲ ਅਸ਼ੋਕ ਪੁਰੀ ਤੇ ਢੁੱਕਦੇ ਨਜ਼ਰ ਆਏ ਤੇ ਉਹਨਾਂ ਨੇ ਐਕਟਰ, ਡਾਇਰੈਕਟਰ ਬਣ ਬਹੁਤ ਕੰਮ ਕੀਤਾ। "ਕਰਮੀ ਆਪੋ ਆਪਣੀ" ਉਹਨਾਂ ਦਾ ਆ ਰਹੀ ਐਕਟਰ ਵਜੋਂ ਫ਼ਿਲਮ ਹੈ। ਇਸ ਤੋਂ ਇਲਾਵਾ ਉਹਨਾਂ ਨੇ "ਜੈ ਮਾਂ ਸ਼ਬਰੀ" ਫ਼ਿਲਮ ਕੀਤੀ ਤੇ ਵੱਡੀ ਗੱਲ ਕਿ ਉਹ ਸਾਊਥ ਦੀਆਂ ਫ਼ਿਲਮਾਂ ਤੱਕ ਪਹੁੰਚੇ। ਅਸ਼ੋਕ ਪੁਰੀ ਨੇ "ਕਹੀ ਭੀ ਕਭੀ ਭੀ" ਸਾਊਥ ਦੀ ਬਹੁ ਭਾਸ਼ਾ ਵਾਲੀ ਫ਼ਿਲਮ ਕੀਤੀ। ਅਸ਼ੋਕ ਪੁਰੀ ਦੀ ਵੱਡੀ ਪ੍ਰਾਪਤੀ ਕਿ ਉਹਨਾਂ ਨੇ ਬਤੌਰ ਨਿਰਦੇਸ਼ਕ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ "ਗੋਲਡ ਮੈਡਲ ਦਾ ਦਹੇਜ" ਬਣਾਈ ਹੈ ਤੇ ਇਹ ਫ਼ਿਲਮ ਬਹੁਤ ਸਾਰੇ ਇਨਾਮ ਜਿੱਤ ਸਕਦੀ ਹੈ। ਇਹ ਸਾਲ ਅਸ਼ੋਕ ਪੁਰੀ ਲਈ ਸੁਨਹਿਰੀ ਸਾਲ ਰਿਹਾ, ਆਰਤੀ ਸਿੰਘ, ਨੈਂਸੀ ਅਰੋੜਾ ਤੇ ਹੋਰ ਕਈ ਕਲਾਕਾਰ ਹਨਾਂ ਨੇ ਚਮਕਾਏ।



## ਸੁਦੇਸ਼ ਕੁਮਾਰੀ ਤੇ ਤਹਿਸੀਲਦਾਰ ਗੁਰਦੀਪ ਸੰਧੂ ਦੀ ਜੁਗਲਬੰਦੀ ਹਿੱਟ ਰਹੂ

ਅੰਤਰ ਰਾਸ਼ਟਰੀ ਪੱਧਰ ਦੀ ਲੋਕ ਪ੍ਰਿਅ ਗਾਇਕਾ ਸੁਦੇਸ਼ ਕੁਮਾਰੀ ਨਾਲ ਵੱਡੇ ਵੱਡੇ ਗਾਇਕ ਗੀਤ ਕਰਵਾ ਕਿ ਕਾਮਯਾਬ ਰਹੇ ਹਨ। ਹੁਣ ਤਹਿਸੀਲਦਾਰ ਗੁਰਦੀਪ ਸੰਧੂ ਨੇ ਆਪਣਾ ਨਵਾਂ ਦੋਗਾਣਾ ਸੁਦੇਸ਼ ਕੁਮਾਰੀ ਨਾਲ ਰਿਕਾਰਡ ਕਰਵਾ ਲਿਆ ਹੈ। ਤਹਿਸੀਲਦਾਰ ਸਾਬ ਦਾ "ਅੱਗ ਭੁੱਲ ਕਿ ਪਰਾਲੀ ਨੂੰ ਨਾ ਲਾਇਓ" ਤਿੰਨ ਲੱਖ ਤੋਂ ਵੱਧ ਵਿਊ ਹੋਏ ਤੇ ਸੁਦੇਸ਼ ਕੁਮਾਰੀ ਨਾਲ ਹੋਏ ਦੋਗਾਣੇ ਨਾਲ ਗੁਰਦੀਪ ਸੰਧੂ ਫ਼ਿਲਮ ਨਾਇਕ ਹੁਣ ਗਾਇਕੀ ਵਿੱਚ ਅੱਗੇ ਜਾਣ ਦੇ ਰਸਤੇ ਪਏ ਹਨ। ਅਸ਼ੋਕ ਨਵੇਂ ਪਿੰਡੀਆ ਤੇ ਰਾਜਕੁਮਾਰ ਭੁੱਟੋ ਜਿਹਨਾਂ ਸੰਧੂ ਤੇ ਸੁਦੇਸ਼ ਕੁਮਾਰੀ ਦਾ ਇਹ ਗਾਣਾ ਰਿਕਾਰਡ ਕਰਵਾਇਆ ਨੇ ਕਿਹਾ ਕਿ ਵੱਡੇ ਬਜਟ ਦੇ ਵੀਡਿਓ ਨਾਲ ਇਹ ਸੁਦੇਸ਼ ਕੁਮਾਰੀ ਨਾਲ ਗੀਤ ਨਵੇਂ ਸਫਲਤਾ ਦੇ ਰਿਕਾਰਡ ਬਣਾ ਦੇਵੇਗਾ। ਯਾਦ ਰਹੇ ਤਹਿਸੀਲਦਾਰ ਪੰਜਾਬ ਸਰਕਾਰ ਸੰਧੂ ਆਲ ਰਾਉਂਡਰ ਫਿਲਮੀ ਸਕਸ਼ ਹਨ।



## ਮਦਨ ਮੱਦੀ ਦੇ ਗਾਣੇ ਲਾਲੀ ਵੁਡ ਦੀਆਂ ਫ਼ਿਲਮਾਂ ਵਿੱਚ ਆਏ

"ਗੱਡੀ ਵਾਲਿਆ ਬਾਬੂਆ" ਗੀਤ ਨੇ ਸੁਰੀਲੇ ਗੁਲੂਕਾਰ ਮਦਨ ਮੱਦੀ ਨੂੰ ਰਾਤੋ ਰਾਤ ਸਟਾਰ ਗਾਇਕ ਬਣਾ ਦਿੱਤਾ ਸੀ। "ਤੇਰਾ ਨਾਮ" ਤੇ ਹੋਰ ਕਈ ਹਿੱਟ ਗੀਤਾਂ ਦੇ ਗਾਇਕ ਮਦਨ ਮੱਦੀ ਦੀ ਗਾਇਕੀ ਜੈਜ਼ੀ ਬੀ ਤੇ ਸੁਖਸ਼ਿੰਦਰ ਸ਼ਿੰਦਾ ਨਾਲ ਵੀ ਰਿਕਾਰਡ ਹੋ ਕਿ ਵੀਡੀਓਜ਼ ਨਾਲ ਲੋਕ ਪ੍ਰਿਅ ਹੋਈ ਹੈ।ਮਦਨ ਮੱਦੀ ਦਾ ਗੀਤ "ਕਦੇ ਤੇ ਹੱਸ ਬੋਲ ਵੇ" ਐਨਾ ਲੋਕ ਪ੍ਰਿਅ ਹੋਇਆ ਕਿ ਇਹ ਅੱਜ ਕਲ ਪਾਕਿਸਤਾਨੀ ਪੰਜਾਬੀ ਫ਼ਿਲਮਾਂ ਜਿਸ ਨੂੰ ਲਾਲੀ ਵੁਡ ਫ਼ਿਲਮਾਂ ਆਖਦੇ ਨੇ ਦਾ ਸ਼ਿੰਗਾਰ ਬਣਿਆ ਹੈ। ਗਾਇਕਾ ਨਸੀਬੋ ਨੇ ਕਿਹਾ ਕਿ ਚਾਹੇ ਇਹ ਗਾਣਾ ਮੂਲ ਰੂਪ ਵਿੱਚ ਸੱਭਿਆਚਾਰਕ ਹੈ ਤੇ ਪਾਕਿਸਤਾਨੀ ਹੈ ਪਰ ਮਦਨ ਮੱਦੀ ਨੇ ਇਸ ਗੀਤ ਨੂੰ ਲੋਕ ਪ੍ਰਿਅ ਕੀਤਾ ਤੇ ਇਹ ਉਹਨਾਂ ਨਾਲ ਜੁੜਿਆ ਗਾਣਾ ਹੈ। ਮਦਨ ਮੱਦੀ ਢਿੱਲਵਾਂ ਕਪੂਰਥਲਾ ਪੰਜਾਬ ਨਾਲ ਸੰਬੰਧਿਤ ਹਨ।

## ਤਾਨੀਆ ਡਾਂਗ ਦੀ ਚਮਕ ਵਧਦੀ ਜਾਏ

ਪਟਿਆਲਾ ਦੀ ਤਾਨੀਆ ਡਾਂਗ ਬਹੁਤ ਸੁਰ ਵਾਲੀ ਗਾਇਕਾ ਹੈ ਤੇ ਤਾਨੀਆ ਦੇ ਗੀਤ ਮਨੋਰੰਜਨ ਖੇਤਰ ਵਿੱਚ ਖ਼ੂਬ ਚਰਚਿਤ ਹੋ ਰਹੇ ਹਨ। ਤਾਨੀਆ ਸੁੰਦਰਤਾ ਦੀ ਇੱਕ ਹਸੀਨ ਮੂਰਤ ਵੀ ਹੈ ਤੇ ਅਭਿਨੈ ਵਿੱਚ ਵੀ ਉਹ ਦਮਦਾਰ ਅਭਿਨੇਤਰੀ ਹੈ। ਇਸ ਦਾ ਸਬੂਤ ਹ ਪੰਜਾਬੀ ਫ਼ਿਲਮ "ਜੱਟ ਜੁਗਾੜੀ ਹੁੰਦੇ ਨੇ" ਵਿੱਚ ਕੰਮ ਕਰ ਕਿ ਦੇ ਚੁੱਕੀ ਹੈ। ਤਾਨੀਆ ਇਸ ਵਕਤ ਭਾਰਤ ਭਰ ਵਿੱਚ ਸ਼ੋ ਕਰ ਰਹੀ ਹੈ ਤੇ "ਮਹਿੰਦੀ" ਤੇ "ਹਲਦੀ ਰਸਮ" ਸ਼ੋ ਲਈ ਤਾਨੀਆ ਕਾਫੀ ਚਰਚਿਤ ਹੋ ਚੁੱਕੀ ਹੈ। ਤਾਨੀਆ ਬਹੁਤ ਜਲਦੀ ਬਾਲੀਵੁੱਡ ਫਿਲਮਾਂ ਵੱਲ ਜਾਂਦੀ ਵੀ ਨਜ਼ਰ ਆਏਗੀ। ਉਸ ਦੇ ਨਵੇਂ ਫੋਟੋ ਸੈਸ਼ਨ ਖ਼ੂਬ ਚਰਚਾ ਵਿੱਚ ਹਨ। ਤਾਨੀਆ ਡਾਂਗ ਨੇ ਕਿਹਾ ਕਿ ਆਵਾਜ਼ ਕੁਦਰਤੀ ਸ ਨੂੰ ਮਿਲੀ ਹੈ ਤੇ ਅਭਿਨੈ ਵੀ ਤੇ ਉਹ ਸਾਊਥ, ਪਾਲੀਵੁੱਡ ਤੇ ਬਾਲੀਵੁੱਡ ਵਿੱਚ ਨਵੇਂ ਸਾਲ ਵਿੱਚ ਆਪਣਾ ਮਜ਼ਬੂਤ ਸਥਾਨ ਬਣਾ ਲਏਗੀ।



## "ਲਾੜਾ ਵਰਸਿਜ ਲਾੜੀ" ਵੱਜਿਆ ਕਰੂ ਵਾਂਗ ਚਮਕੀਲੇ ਦੇ ਕਹੇ ਗੋਗੀ ਘੁਮਾਣ

ਜੀਕਣ ਅੱਜ ਵੀ ਕਿਸੇ ਵੀ ਸ਼ਾਦੀ ਵਿਆਹ ਵਿੱਚ ਚਮਕੀਲਾ ਵੱਜਦਾ ਹੀ ਵੱਜਦਾ ਡੀ ਜੇ ਤੇ ਹੈ ਸ ਤਰਾਂ ਇੱਕ ਅਜਿਹਾ ਨਵਾਂ ਗੀਤ ਆਪ ਲਿਖ ਕਿ ਪ੍ਰਵਾਸੀ ਗਾਇਕ ਗੋਗੀ ਘੁਮਾਣ ਨੇ ਗਾਇਆ ਹੈ ਕਿ ਉਸ ਦਾ ਵੀਡਿਓ ਤੇ ਤਰਜ਼ ਤੇ ਤਾਲ ਦੇਖ ਲੱਗਦਾ ਹੈ ਕਿ ਇਹ ਗਾਣਾ ਵੀ ਹਰ ਖੁਸ਼ੀ ਮੌਕੇ ਵੱਜਿਆ ਕਰੇਗਾ। ਗੋਗੀ ਘੁਮਾਣ ਪ੍ਰਸਿੱਧ ਸਵਰਗੀ ਗਾਇਕ ਕੁਲਦੀਪ ਪਾਰਸ ਦੇ ਲਾਡਲੇ ਸ਼ਾਗਿਰਦ ਹਨ ਤੇ "ਬੰਦੀ ਸਿੰਘਾਂ" ਤੇ ਉਸ ਦਾ ਗਾਇਆ ਗੀਤ ਖ਼ੂਬ ਚਰਚਿਤ ਹੋਇਆ ਸੀ ਤੇ ਇਹ ਨਵਾਂ ਮਨੋਰੰਜਕ ਗੀਤ "ਲਾੜਾ ਵਰਸਿਜ ਲਾੜੀ" ਦੇ ਟਾਈਟਲ ਨਾਲ ਆਇਆ ਹੈ। ਇਸ ਦਾ ਵੀਡਿਓ ਵਿਜੇ ਪਾਹਵਾ ਨੇ ਨਿਰਦੇਸ਼ਤ ਕੀਤਾ ਹੈ ਤੇ ਇਸ ਨੂੰ ਪੰਜਾਬ ਕਿੰਗ ਮਿਊਜ਼ਿਕ ਨੇ ਦੁਨੀਆਂ ਭਰ ਦੇ ਪੰਜਾਬੀ ਸੰਗੀਤ ਬਜ਼ਾਰ ਦੀ ਸ਼ੋਭਾ ਬਣਾਇਆ ਹੈ।




## ਨਸੀਬ ਰੰਧਾਵਾ ਨਵੇਂ ਸਾਲ ਜਨਵਰੀ ਵਿੱਚ ਦਿਖਾਉਣਗੇ "ਰਿਸ਼ਤੇ ਨਾਤੇ"

ਨੌਜਵਾਨ ਫ਼ਿਲਮ ਨਿਰਦੇਸ਼ਕ ਨਸੀਬ ਰੰਧਾਵਾ ਦੀ ਪੰਜਾਬੀ ਫ਼ਿਲਮ "ਰਿਸ਼ਤੇ ਨਾਤੇ" ਤਿਆਰ ਹੈ ਤੇ ਇਹ 24 ਜਨਵਰੀ 2025 ਨੂੰ ਸਿਨੇਮਾਂ ਘਰਾਂ ਦੀ ਸ਼ੋਭਾ ਬਣੇਗੀ। ਖਾਲਸਾ ਤੇ ਸੋਹਲ ਦੀ ਇਸ ਫ਼ਿਲਮ ਵਿੱਚ ਸੁਨੀਤਾ ਧੀਰ ਤੇ ਮਲਕੀਤ ਰੌਣੀ ਜਿਹੇ ਦਿੱਗਜ ਕਲਾਕਾਰ ਵੀ ਹਨ। ਰਘਬੀਰ ਸੋਹਲ ਤੇ ਲਵ ਗਿੱਲ ਨੇ ਵੀ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ ਤੇ ਡੀ ਓ ਪੀ ਕਮਲ ਹੰਸ ਹਨ। ਯੂ ਕੇ ਵਿਖੇ ਯੂ ਕੇ ਪਲਾਂਰਜ ਦੇ ਸਹਿਯੋਗ ਨਾਲ ਇਹ ਫ਼ਿਲਮ ਫਿਲਮਾਈ ਗਈ ਹੈ। ਨਸੀਬ ਰੰਧਾਵਾ ਨੇ ਕਿਹਾ ਕਿ ਅਸੀਂ ਇੱਕ ਪਰਿਵਾਰਕ ਫ਼ਿਲਮ ਦੇਣ ਜਾ ਰਹੇ ਹਾਂ ਜਿਸ ਵਿੱਚ ਸ਼ਾਨਦਾਰ ਗਾਣੇ ਹਨ ਤੇ ਕਮੇਡੀ ਹੈ, ਜਜ਼ਬਾਤ ਹੈ ਤੇ ਇੱਕ ਕਹਾਣੀ ਹੈ। ਨਸੀਬ ਦੇ ਨਸੀਬ "ਰਿਸ਼ਤੇ ਨਾਤੇ"ਚਮਕਾ ਦੇਣ ਸਾਡੀ ਵੀ ਦੁਆ ਹੈ। ਤਰਨ ਤਾਰਨ ਨਾਲ ਸੰਬੰਧ ਰੱਖਦੇ ਨਸੀਬ ਰੰਧਾਵਾ ਦੀ ਨਿਰਦੇਸ਼ਨ ਕਲਾ ਦਮਦਾਰ ਹੈ ਇਹ ਦੇਖਣ ਲਈ 24 ਜਨਵਰੀ ਦਾ ਇੰਤਜ਼ਾਰ ਕਰ ਰਹੇ ਨੇ ਦਰਸ਼ਕ ਤੇ ਨਸੀਬ ਦੇ ਫ਼ਿਲਮੀ ਯਾਰ ਬੇਲੀ।




## "ਬੁੱਕ ਆਫ ਵਰਲਡ ਰਿਕਾਰਡ ਲੰਡਨ" ਵਿੱਚ ਸ਼ਾਮਿਲ ਅਭਿਨੇਤਰੀ ਹੈ ਜਯੋਤੀ ਅਰੋੜਾ



ਸੰਦੀਪ ਰੇਡੀ ਨਿਰਦੇਸ਼ਤ ਸੁਪਰ ਫ਼ਿਲਮ "ਐਨੀਮਲ" ਵਿੱਚ ਐਕਟਿੰਗ ਕਰਨ ਵਾਲੀ ਜਯੋਤੀ ਅਰੋੜਾ ਦੇ ਚਿਹਰੇ ਨੂੰ ਦੇਖ ਅਜੇ ਵੀ ਤੁਸੀਂ ਕਹੋਗੇ ਕਿ ਪੁੰਨਿਆਂ ਦਾ ਚੰਨ ਹੈ ਉਹ ਤੇ ਆਪਣੀ ਜਿਸਮਾਨੀ ਬਣਤਰ ਨੂੰ ਬੇਹਤਰੀਨ ਬਣਾ ਕਿ ਅਭਿਨੈ ਦੀ ਦੁਨੀਆਂ ਵਿੱਚ ਨਿੱਤ ਨਵੇਂ ਮਾਣ ਹਾਸਿਲ ਕਰ ਰਹੀ ਜਯੋਤੀ ਅਰੋੜਾ ਟ੍ਰਿਪਲ ਐਮ ਏ ਹੈ ਤੇ ਤੁਸੀਂ ਹੈਰਾਨ ਹੋਵੋਗੇ ਕਿ ਜਦ ਵਿਆਹ ਹੋਇਆ ਤਦ ਉਹ ਬਾਰਵੀਂ ਹੀ ਕਰ ਸਕੀ ਸੀ ਤੇ ਧੰਨ ਭਾਗ ਉਸ ਸਿਰ ਦੇ ਸਾਈਂ ਦੇ ਜਿਸ ਦੇ ਸਾਥ ਨਾਲ ਨਾ ਕੇਵਲ ਉਹ ਐਨੀ ਉੱਚ ਪੜ੍ਹੀ ਬਲ ਕਿ "ਕੋਵਿਡ 19" ਨਿਰਸਵਾਰਥ ਸੇਵਾ ਤੇ ਹੋਰ ਐਨ ਜੀ ਓ ਨਾਲ ਸਮਾਜ ਸੇਵਾ ਦੇ ਐਨੇ ਕੰਮ ਕਿ ਪੰਜਾਬ ਦੇ ਕਈ ਉੱਚ ਸਨਮਾਨ ਜਯੋਤੀ ਦੀ ਝੋਲੀ ਪਏ। ਇਹ ਉਸ ਦਾ ਸੁਨਹਿਰੀ ਦਾਜ ਕਿਹਾ ਜਾਏਗਾ। ਨਵਾਂ ਸ਼ਹਿਰ ਦੀ ਇਹ ਅੱਜ ਵੀ ਨਵੀਂ ਵਿਆਹੀ ਦੁਲਹਨ ਲੱਗਦੀ ਜਯੋਤੀ ਅਰੋੜਾ ਦੀ ਮਾਡਲਿੰਗ ਤੇ ਐਕਟਿੰਗ ਦੀ ਗੱਲ ਕਰਦੇ ਵਕਤ ਇਹ ਵੀ ਦੱਸ ਦਿੰਦੇ ਹਾਂ ਕਿ ਉਹ ਐਂਕਰ ਬਣ ਜਲੰਧਰ ਦੂਰਦਰਸ਼ਨ ਤੇ ਆਈ ਤੇ ਫਿਰ ਚਿਹਰੇ ਦੀ ਪਹਿਚਾਣ ਬਣਾ ਅੱਜ ਅਭਿਨੈ ਖੇਤਰ ਵਿੱਚ ਰਾਜ ਕਰਨ ਜਾ ਰਹੀ ਹੈ। ਉਸ ਦੀ ਫ਼ਿਲਮ "ਕੁੜੀਆਂ ਪੰਜਾਬ ਦੀਆਂ" ਰਲੀਜ਼ ਲਈ ਤਿਆਰ ਹੈ ਤੇ "ਵੱਡਾ ਘਰ" ਵੀ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। "ਗੱਡੀ ਜਾਂਦੀ ਏ ਛਲਾਂਗਾਂ ਮਾਰਦੀ" "ਕੁੜੀ ਹਰਿਆਣੇ ਵੱਲ" ਦੀਆਂ ਉਸ ਦੀਆਂ ਆ ਚੁੱਕੀਆਂ ਖਾਸ ਫ਼ਿਲਮਜ਼ ਹਨ। ਮੈਂਡੀ ਤੱਖਰ, ਅਮੀ ਵਿਰਕ, ਸੋਨਮ ਬਾਜਵਾ ਤੇ ਯੋਗਰਾਜ ਸਿੰਘ ਜਿਹੇ ਸਟਾਰ ਲੋਕਾਂ ਨਾਲ ਕੰਮ ਕਰ ਜਯੋਤੀ ਦਾ ਹੌਸਲਾ ਹੋਰ ਬੁਲੰਦ ਹੋਇਆ ਹੈ। ਭਰ ਜਵਾਨੀ ਹੁਣ ਉਸ ਤੇ ਹੈ ਤੇ ਗੁਲਾਬ ਰੰਗੇ ਚਿਹਰੇ ਵਾਲੀ ਜਯੋਤੀ ਅਰੋੜਾ ਦੀਆਂ ਅੱਖੀਆਂ ਵਿੱਚ ਜਵਾਨੀ ਦੇ ਡੋਰੇ ਉਸ ਦੀ ਖ਼ੂਬਸੂਰਤੀ ਬਿਆਨ ਕਰਦੇ ਹਨ।ਗਿੱਪੀ ਗਰੇਵਾਲ ਨਾਲ ਉਸ ਨੇ "ਹਨੀਮੂਨ " ਫ਼ਿਲਮ ਵੀ ਕੀਤੀ ਹੈ।ਰਵੀ ਪੰਜ, ਸਮੀਪ ਕੰਗ, ਰਕੇਸ਼ ਧਵਨ ਜਿਹੇ ਮਾਹਿਰ ਨਿਰਦੇਸ਼ਕ ਵੀ ਜਯੋਤੀ ਦੇ ਅਭਿਨੈ ਦੀ ਸ਼ਲਾਘਾ ਕਰਦੇ ਹਨ। ਜੀ ਸਟੂਡੀ ਦੀ ਫ਼ਿਲਮ ਹੋਏ ਜਾਂ ਡਾਕਟਰ ਲਖਵਿੰਦਰ ਜੌਹਲ ਦੀ ਜਯੋਤੀ ਦੀ ਐਕਟਿੰਗ ਲਟ ਲਟ ਬਲਦੀ ਨਜ਼ਰ ਆਈ ਹੈ। ਕੁਕਿੰਗ ਆਇਲ, ਗ੍ਰੋਸੈਰੀ ਤੇ ਕਈ ਹੋਰ ਐਡ ਫ਼ਿਲਮਾਂ ਤੇ ਬਹੁਤ ਸਾਰੇ ਸਟਾਰ ਗਾਇਕਾਂ ਜਿਵੇਂ ਸ਼੍ਰੀ ਬਰਾੜ, ਨੇਹਾ ਕਾਕੜ ਦੇ ਵੀਡਿਓ ਗੀਤਾਂ ਵਿੱਚ ਵੀ ਜਯੋਤੀ ਅਰੋੜਾ ਦਾ ਹੁਸਨ ਤੇ ਅਦਾ ਲੋਕਾਂ ਦੇ ਦਿਲ ਲੁੱਟ ਲਿਜਾਂਦੀ ਰਹੀ ਹੈ। ਜੀ ਪੰਜਾਬੀ ਦੇ ਸੀਰੀਅਲ "ਉਡਾਰੀਆਂ" ਤੇਰਾ ਰੰਗ ਚੜ੍ਹਿਆ " ਕਰ ਚੁੱਕੀ ਜਯੋਤੀ ਅਰੋੜਾ ਸੁਪਰ ਸ਼ੈਫ ਦੀ ਫਿਨਲੇ ਜਯੋਤੀ ਸੁੰਦਰਤਾ ਮੁਕਾਬਲਿਆਂ ਵਿੱਚ ਹਰ ਅੱਖ ਦੀ ਪਹਿਲੀ ਪਸੰਦ ਰਹੀ ਹੈ। 100 ਤੋਂ ਵੱਧ ਰਾਸ਼ਟਰੀ ਤੇ ਅੰਤਰਰਾਸ਼ਟਰੀ ਐਵਾਰਡ ਉਸ ਦੇ ਘਰ ਦਾ ਸ਼ਿੰਗਾਰ ਹਨ। 56 ਕਿਲੋ ਭਾਰ ਵਾਲੀ ਪੰਜ ਫੁੱਟ ਤੇ 6 ਇੰਚ ਦੇ ਕੱਦ ਦੀ ਮਲਿਕਾ ਜਯੋਤੀ ਅਰੋੜਾ ਪੰਜਾਹ ਵਿਸ਼ਵ ਪ੍ਰਭਾਵਿਤ ਕਰਨ ਵਾਲੀਆਂ ਭਾਰਤੀ ਔਰਤਾਂ ਵਿੱਚ ਜਯੋਤੀ ਆਈ ਤੇ ਇਸ ਕਿਤਾਬ ਨੂੰ ਪੰਜਾਬ ਦੇ ਰਾਜਪਾਲ ਰਹੇ ਵੀ ਪੀ ਸਿੰਘ ਬਦਨੋਰ ਨੇ ਜ਼ਾਰੀ ਕੀਤਾ ਸੀ। ਬੁੱਕ ਆਫ ਵਰਲਡ ਰਿਕਾਰਡ ਲੰਡਨ ਦਾ ਹਿੱਸਾ ਆਲ ਰਾਉਂਡਰ ਜਯੋਤੀ ਅਰੋੜਾ ਫਿਲਹਾਲ ਫ਼ਿਲਮ ਖੇਤਰ ਵਿੱਚ ਤਰਾਂ-ਤਰਾਂ ਦੇ ਕਿਰਦਾਰ ਕਰ ਕਿ ਭਾਰਤ ਪੱਧਰ ਦੀ ਸਟਾਰ ਅਭਿਨੇਤਰੀ ਬਣ ਜਾਣ ਲਈ ਸਰਗਰਮ ਹੈ, ਅਭਿਨੈ ਉਸ ਦਾ ਕਿੱਤਾ ਹੈ। ਅਨੇਕਾਂ ਬਹੁਮੁੱਲੀਆਂ ਪ੍ਰਾਪਤੀਆਂ ਦੀ ਹੱਕਦਾਰ ਜਯੋਤੀ ਅਰੋੜਾ ਲਈ ਸ਼ੁੱਭ ਕਾਮਨਾਵਾਂ ਕਿ ਉਹ ਆਪਣੇ ਉਲੀਕੇ ਹੋਏ ਮੰਤਵ ਵਿੱਚ ਸਦਾ ਕਾਮਯਾਬ ਰਹੇ, ਸੱਤੇ ਖੈਰਾਂ ਹੋਵਣ ਆਫ਼ਰੀਨ।

**ਪੇਸ਼ਕਸ਼- ਅੰਮ੍ਰਿਤ ਪਵਾਰ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪ੍ਰਸਿੱਧ ਪੰਜਾਬੀ ਅਤੇ ਬਾਲੀਵੁੱਡ ਗਾਇਕਾ ਜੋਤੀਕਾ ਟਾਂਗਰੀ ਦੇ ਨਵਾਂ ਗੀਤ "ਬਾਬੁਲ" ਹੋਇਆ ਰਿਲੀਜ਼

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਪ੍ਰਸਿੱਧ ਪੰਜਾਬੀ ਅਤੇ ਬਾਲੀਵੁੱਡ ਗਾਇਕਾ ਜੋਤੀਕਾ ਟਾਂਗਰੀ ਦਾ ਗਾਇਆ ਅਤੇ ਰਾਂਝਾ ਰਾਜਨ ਦਾ ਲਿਖਿਆ ਅਤੇ ਨਿਰਦੇਸ਼ ਕੀਤਾ ਨਵਾਂ ਗੀਤ "ਬਾਬੁਲ" ਰਿਲੀਜ਼ ਉਹ ਗਿਆ ਹੈ ਅਤੇ ਇਸ ਗੀਤ ਨੂੰ ਵੱਖ ਵੱਖ ਸੋਸ਼ਲ ਸਾਈਟਾਂ ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪ੍ਰਸਿੱਧ ਪੰਜਾਬੀ ਗੀਤਕਾਰ ਰਾਣਾ ਭੋਗਪੁਰੀਆ ਨੇ ਜਾਣਕਾਰੀ ਦਿ-ਦਿਆਂ ਦੱਸਿਆ ਕਿ ਇਸ ਗੀਤ ਦਾ ਰੰਗਦਾਰ ਪੋਸਟਰ ਤੜਕਾਂ ਰੈਸਟੋਰੈਂਟ ਬੌਟਨੀ ਵਿਖੇ ਲੋਕ ਅਰਪਣ ਕੀਤਾ ਗਿਆ। ਜ਼ਿਕਰਯੋਗ ਹੈ ਕਿ ਧੀ ਅਤੇ ਬਾਪ ਦੇ ਪਿਆਰ ਅਤੇ ਵਿਆਹ ਸਮੇਂ ਬਾਬਲ ਦੇ ਘਰ ਦੇ ਦਰਦ ਨੂੰ ਬਿਆਨ ਕਰਦਾ ਇਹ ਗੀਤ ਨਿਊਜ਼ੀਲੈਂਡ ਵਿੱਚ ਸ਼ੂਟ ਕੀਤਾ ਗਿਆ ਹੈ। ਇਸ ਗੀਤ ਵਿੱਚ ਜੋਤੀਕਾ ਤੋ ਇਲਾਵਾ ਕੁਲਵੰਤ ਖੈਰਾਬਾਦੀ, ਜਸਵਿੰਦਰ ਕੌਰ, ਰਾਣਾ ਹੈਰੀ, ਬਲਜਿੰਦਰ ਰੰਧਾਵਾ ਅਤੇ ਛੋਟੀ ਬੱਚੀ ਅਨਾਹਤ ਰਾਣਾ ਵੱਲੋਂ ਸ਼ਾਨਦਾਰ ਭੂਮਿਕਾਂ ਨਿਭਾਈ ਗਈ ਹੈ। ਪੋਸਟਰ ਰਿਲੀਜ਼ ਸਮਾਗਮ ਵਿੱਚ ਸ਼ਰਨਦੀਪ ਸਿੰਘ, ਬਸਰਾਂ ਪ੍ਰੋਡਕਸ਼ਨ ਤੋਂ ਵਿੱਕੀ ਬਸਰਾ। ਬਹਾਦਰ ਬਸਰਾ, ਇੰਦਰ ਜੜੀਆਂ, ਹਰਮਨ ਮਲਿਕ, ਦਸਤਾਰ ਕੋਚ ਗੁਰਜੀਤ ਸਿੰਘ, ਐਨ. ਜੈਂਡ ਐਮੀ, ਸਮੀਰ ਮਦਾਨ, ਗੁਰਿੰਦਰ ਆਸੀ, ਗੁਰਪ੍ਰੀਤ ਸੈਣੀ ਆਦਿ ਹਾਜ਼ਰ ਸਨ।




NSB
Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928


RE/MAX
RE/MAX®
Gold
Each Office
Independently
Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
facebook.
Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138